1-March add front full page.qxd 2/28/2026 10:21 PM Page 1

ਐਤਵਾਰ, 1 ਮਾਰਚ, 2026
18 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 270

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 1 MARCH, 2026

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14



1-MAR-PAGE-1.qxd 2/28/2026 10:20 PM Page 1

ਐਤਵਾਰ, 1 ਮਾਰਚ, 2026
18 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 270

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 1 MARCH, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਜੰਗਬਾਜ਼ ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਹਮਲਾ

## 57 ਵਿਦਿਆਰਥੀਆਂ ਦੀ ਮੌਤ, ਈਰਾਨ ਨੇ ਵੀ ਦਾਗੀਆਂ 400 ਮਿਜ਼ਾਈਲਾਂ

**ਵਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਸੰਯੁਕਤ ਰਾਜ ਅਮਰੀਕਾ ਨੇ ਈਰਾਨ ਵਿੱਚ ਵੱਡੀ ਜੰਗੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਟਰੰਪ ਦਾ ਇਹ ਬਿਆਨ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਵਾਈ ਹਮਲਿਆਂ ਤੋਂ ਤੁਰੰਤ ਬਾਅਦ ਆਇਆ ਹੈ।

ਟਰੰਪ ਦੇ ਇਸ ਐਲਾਨ ਦਾ ਮਤਲਬ ਹੈ ਕਿ ਹੁਣ ਅਮਰੀਕੀ ਫ਼ੌਜ ਸਿੱਧੇ ਤੌਰ 'ਤੇ ਈਰਾਨ ਵਿਰੁੱਧ ਜੰਗ ਦੇ ਮੈਦਾਨ ਵਿੱਚ ਉਤਰ ਚੁੱਕੀ ਹੈ। ਇਸ ਫੈਸਲੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਮੱਧ ਪੂਰਬ ਵਿੱਚ ਵੱਡੇ ਪੱਧਰ 'ਤੇ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਮਰੀਕਾ ਤੇ ਇਜ਼ਰਾਈਲ ਨੇ ਈਰਾਨ 'ਤੇ ਹਵਾਈ ਤੇ ਸਮੁੰਦਰੀ ਰਸਤੇ ਹਮਲੇ ਸ਼ੁਰੂ ਕਰ ਦਿੱਤੇ ਹਨ।

ਇਜ਼ਰਾਈਲ ਨੇ ਈਰਾਨ ਦੀ ਰਾਜਧਾਨੀ ਤਹਿਰਾਨ ਤੇ ਹੋਰ ਸ਼ਹਿਰਾਂ 'ਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ, ਜਿਸ ਕਾਰਨ ਕਈ ਥਾਈਂ ਅੱਗ ਲੱਗ ਗਈ। ਦੱਖਣੀ ਈਰਾਨ 'ਚ ਇੱਕ ਸਕੂਲ ਉੱਪਰ ਮਿਜ਼ਾਈਲ ਡਿੱਗਣ ਕਾਰਨ 57 ਤੋਂ ਵੱਧ ਵਿਦਿਆਰਤੀ ਮਾਰੇ ਗਏ। ਤਹਿਰਾਨ ਤੇ ਹੋਰ



ਸ਼ਹਿਰਾਂ ਵਿਚ ਧੂੰਏਂ ਦੇ ਬੱਦਲ ਦੇਖੇ ਜਾ ਰਹੇ ਹਨ। ਇਹ ਹਮਲਾ ਅਮਰੀਕਾ ਨਾਲ ਪ੍ਰਮਾਣੂ ਮਾਮਲੇ 'ਤੇ ਗੱਲਬਾਤ ਦਰਮਿਆਨ ਹੀ ਕੀਤਾ ਗਿਆ ਹੈ। ਇਜ਼ਰਾਈਲ ਨੇ

• ਬਾਕੀ ਸਫਾ 2 'ਤੇ

## ਸੀ ਪੀ ਆਈ ਵੱਲੋਂ ਹਮਲੇ ਦੀ ਪੁਰਜ਼ੋਰ ਨਿੰਦਾ

**ਲੁਧਿਆਣਾ (ਐਮ ਐਸ ਭਾਟੀਆ)**-ਨਵੀਂ ਦਿੱਲੀ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਪਾਰਟੀ ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ ਖ਼ਿਲਾਫ਼ ਕੀਤੇ ਗਏ ਇਕਤਰਫ਼ਾ ਫੌਜੀ ਹਮਲਿਆਂ ਦੀ ਸਖ਼ਤ ਨਿੰਦਾ ਕਰਦੀ ਹੈ। ਇਹ ਕਾਰਵਾਈਆਂ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਮੂਲ ਸਿਧਾਂਤਾਂ ਦੀ ਗੰਭੀਰ ਉਲੰਘਣਾ ਹਨ।ਇਹ ਬੇਲਗਾਮ ਫੌਜੀ ਮੁਹਿੰਮਬਾਜ਼ੀ ਪੂਰੇ ਪੱਛਮੀ ਏਸ਼ੀਆ ਖੇਤਰ ਨੂੰ ਹੋਰ ਅਸਥਿਰ ਕਰਨ ਦਾ ਖ਼ਤਰਾ ਪੈਦਾ ਕਰਦੀ ਹੈ ਅਤੇ ਇਸ ਨੂੰ ਇਕ ਵੱਡੇ ਅਤੇ ਹੋਰ ਵਿਨਾਸ਼ਕਾਰੀ ਟਕਰਾਅ ਵੱਲ ਧੱਕ ਸਕਦੀ ਹੈ।ਸੀ ਪੀ ਆਈ ਦਾ ਪੱਕਾ ਮੰਨਣਾ ਹੈ ਕਿ ਇਹ ਹਮਲੇ ਈਰਾਨ ਵਿੱਚ ਫੌਜੀ ਜ਼ੋਰ ਰਾਹੀਂ ਰਾਜ-ਪਲਟ ਲਿਆਉਣ ਦੀ ਖ਼ਤਰਨਾਕ ਰਣਨੀਤੀ ਦਾ ਹਿੱਸਾ ਹਨ, ਜੋ ਕਿ ਦੇਸ਼ਾਂ ਦੀ ਸੰਪ੍ਰਭੁਤਾ ਤੇ ਲੋਕਾਂ ਦੇ ਆਪਣੇ ਰਾਜਨੀਤਿਕ ਭਵਿੱਖ ਦਾ ਫੈਸਲਾ ਕਰਨ ਦੇ ਅਟੱਲ ਅਧਿਕਾਰ ਦੀ ਪੂਰੀ ਅਣਦੇਖੀ ਹੈ।

# ਸਰਕਾਰ ਨੇ ਰਵੱਈਆ ਨਾ ਬਦਲਿਆ ਤਾਂ ਆਰ-ਪਾਰ ਦੀ ਲੜਾਈ ਹੋਵੇਗੀ : ਧਾਲੀਵਾਲ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਬਾਨੀ ਸਾਥੀ ਜਸਵੰਤ ਸਿੰਘ ਸਮਰਾ ਦੀ 22ਵੀਂ ਸਾਲਾਨਾ ਬਰਸੀ ਸਾਥੀ ਜਸਵੰਤ ਸਿੰਘ ਸਮਰਾ ਯਾਦਗਾਰੀ ਹਾਲ ਵਿਖੇ ਬੜੀ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਜਥੇਬੰਦੀ ਦੀ ਲੀਡਰਸ਼ਿਪ ਤੋਂ ਇਲਾਵਾ ਜਗਰੂਪ ਸਿੰਘ ਅਤੇ ਨਿਰਮਲ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਵਿਛੜੇ ਆਗੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਏਟਕ ਦੇ ਮੀਤ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਗਮ ਵਿੱਚ ਜਥੇਬੰਦੀ ਦੀ ਸਮੁੱਚੀ ਟੀਮ ਦੇ ਸਾਥੀ ਸ਼ਾਮਲ ਹੋਏ। ਬੇਅੰਤ ਸਿੰਘ, ਗੁਰਜੰਟ ਸਿੰਘ ਕੋਕਰੀ, ਗੁਰਦੀਪ ਸਿੰਘ ਮੋਤੀ, ਜਗਤਾਰ ਸਿੰਘ ਭੁੰਗਰਾਨੀ, ਰਜਿੰਦਰ ਸਿੰਘ ਮੰਡ, ਜਗਦੀਸ਼ ਸਿੰਘ ਚਾਹਲ ਤੇ ਸੀਨੀਅਰ ਪੱਤਰਕਾਰ ਜਤਿੰਦਰ ਪਨੂੰ ਨੇ ਹਾਜ਼ਰੀ ਭਰ ਕੇ ਆਪਣੇ ਵਿਚਾਰ ਸਾਂਝੇ ਕੀਤੇ।ਆਗੂਆਂ

## ਸਾਥੀ ਜਸਵੰਤ ਸਿੰਘ ਸਮਰਾ ਨੂੰ ਸ਼ਰਧਾਂਜਲੀਆਂ



ਆਪਣੇ ਵਿਚਾਰ ਰੱਖਦਿਆਂ ਜਸਵੰਤ ਸਿੰਘ ਸਮਰਾ ਵੱਲੋਂ ਟ੍ਰਾਂਸਪੋਰਟ ਅਦਾਰੇ ਅਤੇ ਕਿਰਤੀ ਕਾਮਿਆਂ ਲਈ ਕੀਤੇ ਗਏ ਸੰਘਰਸ਼ਾਂ ਬਾਰੇ ਜਾਣੂ ਕਰਵਾਇਆ। ਸਮਾਗਮ ਵਿੱਚ ਬੈਂਕ ਫੈਡਰੇਸ਼ਨ ਦੇ ਵੀਰ ਰਹੀਮਪੁਰੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਨਿਰਮਲ ਸਿੰਘ ਧਾਲੀਵਾਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀਆਂ ਟ੍ਰਾਂਸਪੋਰਟ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਸਰਕਾਰੀ ਟ੍ਰਾਂਸਪੋਰਟ (ਪੰਜਾਬ ਰੋਡਵੇਜ਼ ਅਤੇ ਪਨਬੱਸ) ਨੂੰ ਮਜ਼ਬੂਤ ਕਰਨ ਦੀ ਬਜਾਏ ਇਸ ਨੂੰ ਯੋਜਨਾਬੱਧ ਤਰੀਕੇ ਨਾਲ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਉਹਨਾ ਕਿਹਾ ਕਿ ਇਹ ਬਹੁਤ ਹੀ

• ਬਾਕੀ ਸਫਾ 8 'ਤੇ

# ਪਾਕਿਸਤਾਨ ਦਾ ਜੰਗੀ ਜਹਾਜ਼ ਤਬਾਹ, ਤਾਲਿਬਾਨ ਨੇ ਪਾਇਲਟ ਫੜਿਆ

**ਇਸਲਾਮਾਬਾਦ** : ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਾਲੇ ਚੱਲ ਰਹੀ ਫ਼ੌਜੀ ਜੰਗ ਦਰਮਿਆਨ ਜਲਾਲਾਬਾਦ 'ਚ ਇੱਕ ਪਾਕਿਸਤਾਨ ਜੰਗੀ ਜਹਾਜ਼ ਤਬਾਹ ਹੋ ਗਿਆ। ਤਾਲਿਬਾਨ ਨੇ ਪਾਇਲਟ ਨੂੰ ਆਪਣੀ ਹਿਰਾਸਤ 'ਚ ਲੈ ਲਿਆ। ਜੰਗ 'ਚ ਹੁਣ ਤੱਕ 300 ਤੋਂ ਵੱਧ ਜਣਿਆਂ ਦੀ ਮੌਤ ਹੋ ਚੁੱਕੀ ਹੈ ਅਤੇ 500 ਦੇ ਕਰੀਬ ਜ਼ਖ਼ਮੀ ਹੋਏ ਹਨ। ਦੋਵੇਂ ਦੇਸ਼ ਇੱਕ-ਦੂਜੇ ਨੂੰ ਲਗਾਤਾਰ ਹੋਰ ਵੱਡੀਆਂ ਫ਼ੌਜੀ ਕਾਰਵਾਈਆਂ ਦੀਆਂ ਧਮਕੀਆਂ ਦੇ ਰਹੇ ਹਨ। ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਅਮਰੀਕਾ ਇਸ ਮਾਮਲੇ ਵਿੱਚ ਦਖ਼ਲ ਦੇਵੇਗਾ ਤਾਂ ਉਨ੍ਹਾ ਕਿਹਾ ਕਿ ਉਨ੍ਹਾ ਦੇ ਪਾਕਿਸਤਾਨ ਨਾਲ ਬਹੁਤ ਚੰਗੇ ਸੰਬੰਧ ਹਨ। ਟਰੰਪ ਨੇ ਪਾਕਿਸਤਾਨ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਕਾਫ਼ੀ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ। ਉਨ੍ਹਾ ਸੰਕੇਤ ਦਿੱਤਾ ਕਿ ਜੇਕਰ ਲੋੜ ਪਈ ਤਾਂ ਉਹ ਦਖ਼ਲ ਦੇ ਸਕਦੇ ਹਨ। ਪਾਕਿਸਤਾਨੀ ਫ਼ੌਜ ਦੇ ਬੁਲਾਰੇ ਨੇ ਭਾਰਤ 'ਤੇ ਦੋਸ਼ ਲਗਾਏ ਹਨ ਕਿ ਉਨ੍ਹਾ ਦੇ ਦੇਸ਼ ਵਿੱਚ ਹੋਣ ਵਾਲੇ ਦਹਿਸ਼ਤੀ ਹਮਲਿਆਂ ਪਿੱਛੇ ਭਾਰਤ ਦਾ ਹੱਥ ਹੈ ਅਤੇ ਇਨ੍ਹਾਂ ਕਾਰਵਾਈਆਂ ਲਈ ਅਫਗਾਨ ਤਾਲਿਬਾਨ ਦੀ ਧਰਤੀ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਜੰਗ ਉਦੋਂ ਤੇਜ਼ ਹੋਈ, ਜਦੋਂ ਅਫਗਾਨਿਸਤਾਨ ਨੇ ਪਾਕਿਸਤਾਨੀ ਹਵਾਈ ਹਮਲਿਆਂ ਦਾ ਜਵਾਬ ਦਿੱਤਾ। ਇਸ ਦੇ ਬਦਲੇ ਵਿੱਚ ਪਾਕਿਸਤਾਨ ਨੇ ਅਪਰੇਸ਼ਨ ਸ਼ੁਰੂ ਕਰ ਦਿੱਤਾ, ਜਿਸ ਤਹਿਤ ਪਾਕਿਸਤਾਨੀ ਹਵਾਈ ਫ਼ੌਜ ਨੇ ਕਾਬੁਲ ਅਤੇ ਕੰਧਾਰ ਸਮੇਤ ਕਈ ਸ਼ਹਿਰਾਂ ਵਿੱਚ ਬੰਬਾਰੀ ਕੀਤੀ।

# ਅਮਰੀਕਾ ਨਾਲ ਵਪਾਰ ਸਮਝੌਤਾ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ : ਰਾਹੁਲ

**ਬਰਨਾਲਾ (ਰਜਿੰਦਰ ਬਰਾੜ)**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸਨਿੱਚਰਵਾਰ ਬਰਨਾਲਾ ਵਿੱਚ ਭਾਰਤ-ਅਮਰੀਕਾ ਅੰਤਰਮ ਵਪਾਰ ਸਮਝੌਤੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਦਾਅਵਾ ਕੀਤਾ ਕਿ ਇਹ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ। ਇੱਥੇ ਕਿਸਾਨ ਮਹਾਂ-ਚੌਪਾਲ ਰੈਲੀ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਦੋਸ਼ ਲਾਇਆ ਕਿ ਖੇਤੀਬਾੜੀ ਸੈਕਟਰ ਨੂੰ ਖੋਲ੍ਹਣ ਦੇ ਮਤਭੇਦਾਂ ਕਾਰਨ ਇਹ ਸੌਦਾ ਚਾਰ ਮਹੀਨਿਆਂ ਤੋਂ ਰੁਕਿਆ ਹੋਇਆ ਸੀ। ਉਨ੍ਹਾ ਕਿਹਾ ਕਿ ਸਵਾਲ ਪੈਦਾ ਹੁੰਦਾ ਹੈ, ਜੋ ਕੰਮ ਪ੍ਰਧਾਨ ਮੰਤਰੀ ਨੇ ਚਾਰ ਮਹੀਨਿਆਂ ਤੱਕ ਨਹੀਂ ਕੀਤਾ, ਉਹ ਉਨ੍ਹਾ ਨੇ 15 ਮਿੰਟਾਂ ਵਿੱਚ ਕਿਉਂ ਕਰ ਦਿੱਤਾ? ਅਤੇ ਪੁੱਛਿਆ ਕਿ ਵਪਾਰਕ ਸਮਝੌਤਾ ਅਚਾਨਕ ਕਿਉਂ ਕੀਤਾ ਗਿਆ। ਗਾਂਧੀ ਨੇ ਕਿਹਾ ਕਿ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਗਾਰੰਟੀ ਦਿੱਤੀ ਹੈ ਕਿ ਭਾਰਤ ਹਰ ਸਾਲ 9 ਲੱਖ ਕਰੋੜ ਰੁਪਏ ਦੇ ਅਮਰੀਕੀ ਉਤਪਾਦ ਖਰੀਦੇਗਾ। ਇਹ ਸੌਦਾ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ। ਗਾਂਧੀ ਨੇ ਦਾਅਵਾ ਕੀਤਾ ਕਿ ਉਨ੍ਹਾ ਨੂੰ ਹਾਲ ਹੀ ਵਿੱਚ ਰਾਸ਼ਟਰਪਤੀ ਦੇ ਭਾਸ਼ਣ ਤੋਂ ਬਾਅਦ ਲੋਕ ਸਭਾ ਵਿੱਚ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਕਿਉਂਕਿ ਉਹ ਸਾਬਕਾ ਫੌਜ ਮੁਖੀ ਮਨੋਜ ਨਰਵਾਣੇ ਦੀਆਂ ਯਾਦਾਂ 'ਤੇ ਟਿੱਪਣੀ

• ਬਾਕੀ ਸਫਾ 8 'ਤੇ

## ਆਗੂਆਂ ਵੱਲੋਂ ਮਨਰੇਗਾ ਦੀ ਬਹਾਲੀ ਲਈ ਸੜਕਾਂ 'ਤੇ ਆਉਣ ਦਾ ਸੱਦਾ




# ਆਈ ਡੀ ਪੀ ਡੀ ਵੱਲੋਂ ਅਮਰੀਕਾ-ਇਜ਼ਰਾਈਲ ਦੇ ਈਰਾਨ 'ਤੇ ਹਮਲੇ ਦੀ ਪੁਰਜ਼ੋਰ ਨਿੰਦਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਈ ਡੀ ਪੀ ਡੀ ਨੇ ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ਉੱਤੇ ਕੀਤੇ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਇਹ ਹਮਲਾ ਪੂਰੀ ਤਰ੍ਹਾਂ ਬਿਨਾਂ ਕਿਸੇ ਉਕਸਾਵੇ ਦੇ ਕੀਤਾ ਗਿਆ ਹੈ ਅਤੇ ਉਸ ਸਮੇਂ ਕੀਤਾ ਗਿਆ, ਜਦੋਂ ਅਮਰੀਕਾ ਅਤੇ ਈਰਾਨ, ਈਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਇਕ ਸਮਝੌਤੇ ਲਈ ਗੱਲਬਾਤ ਕਰ ਰਹੇ ਸਨ। ਆਪਣੇ ਬਿਆਨ ਵਿੱਚ ਡਾ. ਅਰੁਣ ਮਿੱਤਰਾ ਪ੍ਰਧਾਨ ਆਈ ਡੀ ਪੀ ਡੀ ਅਤੇ ਡਾ. ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ ਨੇ ਕਿਹਾ ਕਿ ਇਹ ਸਪੱਸ਼ਟ ਸੰਕੇਤ ਹੈ ਕਿ ਅਮਰੀਕਾ ਕਦੇ ਵੀ ਇਨ੍ਹਾਂ ਗੱਲਬਾਤਾਂ ਨੂੰ ਲੈ ਕੇ ਗੰਭੀਰ ਨਹੀਂ। ਇਹ ਦੁਨੀਆ ਨੂੰ ਡਰਾਉਣ-ਧਮਕਾਉਣ ਵਰਗਾ ਵੀ ਹੈ, ਜਦ ਕਿ ਅਮਰੀਕਾ ਲਗਾਤਾਰ ਆਪਣੇ ਪਰਮਾਣੂ ਹਥਿਆਰ ਪ੍ਰੋਗਰਾਮ ਅਤੇ ਸੰਸਾਰ ਭਰ ਵਿੱਚ ਹਥਿਆਰਾਂ ਦੀ ਦੌੜ 'ਤੇ ਵੱਡੀ ਰਕਮ ਖਰਚ ਕਰ ਰਿਹਾ ਹੈ।ਇਹ ਵੀ ਧਿਆਨਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਇਜ਼ਰਾਈਲ ਦਾ ਦੌਰਾ ਕੀਤਾ ਅਤੇ ਉਨ੍ਹਾ ਦੇ ਵਾਪਸ ਆਉਣ ਦੇ ਤੁਰੰਤ ਬਾਅਦ ਇਹ ਜੰਗ ਸ਼ੁਰੂ ਹੋ ਗਈ। ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਗਾਜ਼ਾ ਉੱਤੇ ਇਜ਼ਰਾਈਲੀ ਹਮਲੇ ਦੀ ਨਿੰਦਾ ਦਾ ਇਕ ਸ਼ਬਦ ਵੀ ਨਹੀਂ ਕਿਹਾ, ਜਿਸ ਵਿੱਚ 70,000 ਤੋਂ ਵੱਧ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 20,000 ਤੋਂ ਵੱਧ ਬੱਚੇ ਸ਼ਾਮਲ ਹਨ।ਅਸੀਂ ਸੰਯੁਕਤ ਰਾਸ਼ਟਰ ਸੰਘ ਨੂੰ ਅਪੀਲ ਕਰਦੇ ਹਾਂ ਕਿ ਉਹ ਤੁਰੰਤ ਦਖ਼ਲ ਦੇ ਕੇ ਇਸ ਜੰਗ ਨੂੰ ਰੋਕੇ, ਕਿਉਂਕਿ ਨਹੀਂ ਤਾਂ ਇਸ ਦੇ ਗੰਭੀਰ ਪ੍ਰਭਾਵ ਸਿਰਫ਼ ਮੱਧ ਪੂਰਬ ਹੀ ਨਹੀਂ, ਸਗੋਂ ਪੂਰੀ ਦੁਨੀਆ 'ਤੇ ਪੈ ਸਕਦੇ ਹਨ।

## ਮਕਾਨ ਨੂੰ ਅੱਗ, ਦੋ ਭਾਰਤੀ ਵਿਦਿਆਰਥੀਆਂ ਦੀ ਮੌਤ



ਲੰਡਨ-ਦੱਖਣੀ ਲੰਡਨ ਦੇ ਕਰਾਇਡਨ ਵਿੱਚ ਸਥਿਤ ਇੱਕ ਕਿਰਾਏ ਦੇ ਮਕਾਨ ਵਿੱਚ ਅੱਗ ਲੱਗਣ ਕਾਰਨ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ। ਕਮਰੇ ਵਿੱਚ ਤਿੰਨ ਭਾਰਤੀ ਵਿਦਿਆਰਥੀ ਇਕੱਠੇ ਰਹਿ ਰਹੇ ਸਨ। ਇਸ ਹਾਦਸੇ ਵਿੱਚ ਤੀਜਾ ਵਿਦਿਆਰਥੀ ਵੀ ਗੰਭੀਰ ਜ਼ਖ਼ਮੀ ਹੋਇਆ ਹੈ, ਜਿਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਮ੍ਰਿਤਕ ਵਿਦਿਆਰਥੀਆਂ ਵਿੱਚੋਂ ਇੱਕ ਦੀ ਪਛਾਣ 28 ਸਾਲਾ ਗਾਂਤੀ ਅਭਿਸ਼ੇਕ ਵਜੋਂ ਹੋਈ ਹੈ, ਜੋ ਆਂਧਰਾ ਪ੍ਰਦੇਸ਼ ਦੇ ਕਾਕੀਨਾਡਾ ਦਾ ਰਹਿਣ ਵਾਲਾ ਸੀ। ਅਭਿਸ਼ੇਕ ਦੀ ਮੌਤ ਦਮ ਘੁੱਟਣ ਨਾਲ ਹੋਈ। ਦੂਜਾ ਵਿਦਿਆਰਥੀ ਤੇਲੰਗਾਨਾ ਦੇ ਨਿਜ਼ਾਮਾਬਾਦ ਦਾ ਰਹਿਣ ਵਾਲਾ 26 ਸਾਲਾ ਕਾਮੀਨੇਨੀ ਸਾਈ ਸ਼੍ਰੀਕਰ ਹੈ। ਪੀੜਤ ਪਰਵਾਰਾਂ ਨੇ ਭਾਰਤ ਸਰਕਾਰ ਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਬੱਚਿਆਂ ਦੀਆਂ ਮ੍ਰਿਤਕ ਦੇਹਾਂ ਜਲਦੀ ਤੋਂ ਜਲਦੀ ਭਾਰਤ ਲਿਆਉਣ ਵਿੱਚ ਮਦਦ ਕੀਤੀ ਜਾਵੇ।

## ਆਵਾਰਾ ਕੁੱਤਿਆਂ ਨੇ ਬੱਚਾ ਨੋਚਿਆ

**ਕਪੂਰਥਲਾ** : ਸੁਲਤਾਨਪੁਰ ਲੋਧੀ ਨੇੜਲੇ ਪਿੰਡ ਗਿੱਲਾਂ ਗਾਖਲਾਂ ਵਿੱਚ ਆਵਾਰਾ ਕੁੱਤਿਆਂ ਨੇ 8 ਸਾਲ ਦੇ ਬੱਚੇ ਨੂੰ ਨੋਚ-ਨੋਚ ਕੇ ਮਾਰ ਦਿੱਤਾ। ਇਸ ਬੱਚੇ ਦੀ ਪਛਾਣ ਇਤਵਾਰੀ ਵਜੋਂ ਹੋਈ ਹੈ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਬੱਚਾ ਖੇਤਾਂ ਵਿੱਚ ਕੰਮ ਕਰ ਰਹੇ ਆਪਣੇ ਪਿਤਾ ਨੂੰ ਰੋਟੀ ਦੇਣ ਗਿਆ ਸੀ। ਜਦੋਂ ਬੱਚਾ ਨੇੜਲੇ ਖੇਤ ਵਿੱਚ ਗਿਆ ਤਾਂ ਉੱਥੇ ਘੁੰਮ ਰਹੇ ਪੰਜ ਆਵਾਰਾ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤਿਆਂ ਦੇ ਵੱਢਣ ਕਾਰਨ ਬੱਚੇ ਦੇ ਸਰੀਰ 'ਤੇ ਕਈ ਡੂੰਘੇ ਜ਼ਖ਼ਮ ਹੋ ਗਏ। ਬੱਚੇ ਦੀਆਂ ਚੀਕਾਂ ਸੁਣ ਕੇ ਜਦੋਂ ਮਾਪੇ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਬੜੀ ਮੁਸ਼ਕਲ ਨਾਲ ਬੱਚੇ ਨੂੰ ਕੁੱਤਿਆਂ ਤੋਂ ਛੁਡਵਾਇਆ, ਪਰ ਤਦ ਤੱਕ ਬੱਚੇ ਦਾ ਕਾਫੀ ਖ਼ੂਨ ਵਹਿ ਚੁੱਕਾ ਸੀ। ਉਸ ਨੂੰ ਤੁਰੰਤ ਜਲੰਧਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਬੱਚੇ ਦੀ ਮੌਤ ਹੋ ਗਈ।

# ਸਰਕਾਰ ਨੇ ਮੁਢਲੀ ਸਿੱਖਿਆ 'ਚ ਸਕਾਰਾਤਮਕ ਬਦਲਾਅ ਲਿਆਂਦਾ : ਬੈਂਸ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਦੇ ਰੌਸ਼ਨ ਭਵਿੱਖ ਲਈ ਵਧੇਰੇ ਉਸਾਰੂ ਸੋਚ ਲੈ ਕੇ ਚਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ 'ਖੇਡ ਪਿਟਾਰਾ', ਇੱਕ ਵਿਆਪਕ ਖੇਡ-ਅਧਾਰਤ ਸਿਖਲਾਈ ਕਿੱਟ ਪ੍ਰਦਾਨ ਕਰੇਗੀ, ਜਿਸ ਦਾ ਉਦੇਸ਼ ਛੋਟੇ ਬੱਚਿਆਂ ਲਈ ਮਨੋਰੰਜਕ ਢੰਗ ਨਾਲ ਅਰਥਪੂਰਨ ਸਿੱਖਿਆ ਨੂੰ ਯਕੀਨੀ ਬਣਾਉਣਾ ਹੈ।ਇਹ ਪਹਿਲਕਦਮੀ ਪੰਜਾਬ ਦੇ ਭਵਿੱਖ ਵਿੱਚ ਇੱਕ ਲੰਮੇ ਸਮੇਂ ਦੇ ਨਿਵੇਸ਼ ਨੂੰ ਦਰਸਾਉਂਦੀ ਹੈ। ਸਰਕਾਰ 3 ਤੋਂ 8 ਸਾਲ ਤੱਕ ਦੀ ਉਮਰ ਦੇ ਬੱਚਿਆਂ 'ਤੇ ਧਿਆਨ ਕੇਂਦਰਤ ਕਰਕੇ ਸਿੱਖਣ ਦੀ ਨੀਂਹ ਨੂੰ ਮੁੱਢਲੇ ਪੜਾਅ 'ਤੇ ਵਧੇਰੇ ਮਜ਼ਬੂਤੀ ਦੇ ਰਹੀ ਹੈ, ਜੋ ਭਵਿੱਖ ਦੀ ਅਕਾਦਮਿਕ ਸਫ਼ਲਤਾ, ਵਿਸ਼ਵਾਸ ਅਤੇ ਬੌਧਿਕ ਵਿਕਾਸ ਨੂੰ ਨਿਰਧਾਰਤ ਕਰਦਾ ਹੈ।ਇਹ ਪਹਿਲਕਦਮੀ ਸਰਕਾਰ ਦੀ ਨਰਸਰੀ ਤੋਂ ਦੂਜੀ ਕਲਾਸ ਤੱਕ ਦੇ ਮੁੱਢਲੇ ਪੜਾਅ ਵਿੱਚ ਕਲਾਸਰੂਮਾਂ ਨੂੰ ਦਿਲਚਸਪ, ਬਾਲ-ਕੇਂਦਰਤ, ਖੇਡ-ਅਧਾਰਤ ਸਿੱਖਣ ਦੇ ਮਾਹੌਲ ਵਿੱਚ ਬਦਲਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜੋ ਮਨੋਰੰਜਕ ਗਤੀਵਿਧੀਆਂ ਰਾਹੀਂ ਸਿੱਖਣ ਦੀ ਆਦਤ ਨੂੰ ਉਤਸ਼ਾਹਤ ਕਰਦੇ ਹਨ।ਇਸ ਪਹਿਲਕਦਮੀ ਨਾਲ ਸੂਬੇ ਭਰ ਵਿੱਚ ਮੁੱਢਲੀ ਸਟੇਜ ਵਿੱਚ ਪੜ੍ਹ ਰਹੇ ਲਗਭਗ 7.5 ਲੱਖ ਬੱਚਿਆਂ ਨੂੰ ਲਾਭ ਮਿਲੇਗਾ।

ਖੇਡ ਪਿਟਾਰਾ ਕਿੱਟਾਂ ਪੰਜਾਬ ਭਰ ਵਿੱਚ ਲਗਭਗ 12,856 ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵੰਡੀਆਂ ਜਾਣਗੀਆਂ, ਜਿਸ ਨਾਲ ਮੁਢਲੀਆਂ ਜਮਾਤ ਨੂੰ ਵਿਆਪਕ ਪੱਧਰ 'ਤੇ ਕਵਰ ਕੀਤਾ ਜਾਵੇਗਾ।ਸਰਕਾਰ ਇਸ ਪਹਿਲਕਦਮੀ ਵਿੱਚ ਲਗਭਗ 9.3 ਕਰੋੜ ਦਾ ਨਿਵੇਸ਼ ਕਰ ਰਹੀ ਹੈ।

# ਮਸ਼ਹੂਰੀ ਕਰਨ ਵਾਲੀ ਐੱਸ ਡੀ ਐੱਮ ਬੀਬੀ ਨੂੰ ਚੇਤਾਵਨੀ

**ਸ਼ਿਮਲਾ** : 2020-ਬੈਚ ਦੀ ਹਿਮਾਚਲ ਪ੍ਰਦੇਸ਼ ਪ੍ਰਸ਼ਾਸਨਿਕ ਸੇਵਾ (ਅਧਿਕਾਰੀ ਅਤੇ ਮੌਜੂਦਾ ਸਬ ਡਿਵੀਜ਼ਨਲ ਮੈਜਿਸਟਰੇਟ ਸ਼ਿਮਲਾ (ਸ਼ਹਿਰੀ) ਓਸ਼ਿਨ ਸ਼ਰਮਾ ਦੁਆਰਾ ਆਪਣੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਉਤਪਾਦਾਂ ਦਾ ਪ੍ਰਚਾਰ ਕਰਨ ਵਾਲੀਆਂ ਹਾਲ ਹੀ ਦੀਆਂ ਵਾਇਰਲ ਪੋਸਟਾਂ ਦਾ ਸਖ਼ਤ ਨੋਟਿਸ ਲੈਂਦਿਆਂ, ਰਾਜ ਸਰਕਾਰ ਨੇ ਅਧਿਕਾਰੀ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ ਹਨ।



ਮੁੱਖ ਸਕੱਤਰ ਸੰਜੇ ਗੁਪਤਾ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸ਼ਿਮਲਾ ਅਨੁਪਮ ਕਸ਼ਯਪ ਨੂੰ ਅਧਿਕਾਰੀ ਨੂੰ ਚੇਤਾਵਨੀ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਅਜਿਹੀ ਕਿਸੇ ਵੀ ਗਤੀਵਿਧੀ ਵਿੱਚ ਸ਼ਾਮਲ ਨਾ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਵਿਵਾਦ ਉਦੋਂ ਸਾਹਮਣੇ ਆਇਆ ਜਦੋਂ ਸੋਸ਼ਲ ਮੀਡੀਆ 'ਤੇ ਸਪਲੀਮੈਂਟਸ ਅਤੇ ਗਹਿਣਿਆਂ ਦਾ ਪ੍ਰਚਾਰ ਅਤੇ ਸਮਰਥਨ ਕਰਨ ਵਾਲੀ ਐਸ ਡੀ ਐਮ ਦੀਆਂ ਤਸਵੀਰਾਂ ਅਤੇ ਵੀਡੀਓਜ਼ ਵਾਇਰਲ ਹੋ ਗਈਆਂ, ਜਿਸ 'ਤੇ ਲੋਕਾਂ ਦੀ ਤਿੱਖੀ ਪ੍ਰਤੀਕਿਰਿਆ ਆਈ ਅਤੇ ਇਹ ਮਾਮਲਾ ਸਰਕਾਰ ਦੇ ਵੀ ਧਿਆਨ ਵਿੱਚ ਆਇਆ ਜਿਸ ਨੇ ਤੁਰੰਤ ਅਧਿਕਾਰੀ ਨੂੰ ਚੇਤਾਵਨੀ ਜਾਰੀ ਕਰ ਦਿੱਤੀ। ਵਿਰੋਧ ਤੋਂ ਬਾਅਦ, ਅਧਿਕਾਰੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲਜ਼ ਤੋਂ ਪੋਸਟਾਂ ਹਟਾ ਦਿੱਤੀਆਂ ਅਤੇ ਹੁਣ ਤੱਕ ਉਸ ਨੇ ਆਪਣੇ ਸੋਸ਼ਲ ਮੀਡੀਆ ਹੈਂਡਲਜ਼ ਨੂੰ ਵੀ ਡੀਐਕਟੀਵੇਟ ਕਰ ਦਿੱਤਾ ਹੈ।

## ਅੱਜ-ਨਾਮਾ

ਰਾਹੁਲ ਗਾਂਧੀ ਪੰਜਾਬ ਸੀ ਚੱਲ ਆਇਆ,
ਅਗਲੀ ਚੋਣ ਲਈ ਬੰਨ੍ਹਣ ਪੜੁੱਲ ਮੀਆਂ।
ਛੋਟੇ-ਵੱਡੇ ਸਨ ਰੈਲੀ ਵਿੱਚ ਆਏ ਆਗੂ,
ਪਹੁੰਚੇ ਵਰਕਰ ਵੀ ਹੁੱਬ ਕੇ ਕੁੱਲ ਮੀਆਂ।
ਭਾਸ਼ਣ ਰਾਹੁਲ ਨੇ ਜਿਵੇਂ ਦਾ ਅੱਜ ਕੀਤਾ,
ਹੋ ਗਿਆ ਪਾਰਟੀ ਲਈ ਅਣਭੁੱਲ ਮੀਆਂ।
ਵਿਰੋਧੀ ਧਿਰਾਂ ਨੂੰ ਕੋਸਣ ਦੀ ਥਾਂ ਉਹਨੇ,
ਪਾਰਟੀ ਲੀਡਰਾਂ 'ਤੇ ਲਾ'ਤੇ ਟੁੱਲ ਮੀਆਂ।
ਭੁੱਖ ਅਹੁਦੇ ਦੀ ਜਿਨ੍ਹਾਂ ਦੀ ਬਹੁਤ ਵੱਡੀ,
ਕਰੀ ਸੀ ਉਨ੍ਹਾਂ ਦੀ ਰੱਜਵੀਂ ਝੰਡ ਮੀਆਂ।
ਵਿਗੜੇ ਮੁੱਢਾਂ ਦੇ ਸਿੱਧੇ ਨਹੀਂ ਹੋਣ ਲੱਗੇ,
ਚੱਲਦਾ ਇੰਜ ਹੀ ਰਹੂ ਉਸ਼ਟੰਡ ਮੀਆਂ।

-ਤੀਸ ਮਾਰ ਖਾਂ

# ਕਰੰਸੀ ਲਿਜਾ ਰਿਹਾ ਜਹਾਜ਼ ਤਬਾਹ, 15 ਮੌਤਾਂ

**ਲਾ ਪਾਜ਼** : ਬੋਲੀਵੀਆ ਦੀ ਰਾਜਧਾਨੀ ਲਾ ਪਾਜ਼ ਨੇੜੇ ਸ਼ੁੱਕਰਵਾਰ ਇੱਕ ਜਹਾਜ਼ ਉਡਾਣ ਭਰਨ ਦੇ ਤੁਰੰਤ ਬਾਅਦ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ 15 ਲੋਕਾਂ ਦੀ ਮੌਤ ਹੋ ਗਈ ਹੈ।

ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਅਨੁਸਾਰ ਜਹਾਜ਼ ਰਨਵੇਅ ਤੋਂ ਫਿਸਲ ਗਿਆ ਅਤੇ ਨੇੜਲੇ ਹਾਈਵੇ 'ਤੇ ਜਾ ਰਹੇ ਵਾਹਨਾਂ ਨਾਲ ਟਕਰਾ ਗਿਆ। ਇਹ ਜਹਾਜ਼ ਬੋਲੀਵੀਆ ਦੀ ਹਵਾਈ ਸੈਨਾ ਦਾ 'ਹਰਕੂਲਸ' ਜਹਾਜ਼ ਸੀ, ਜੋ ਕੇਂਦਰੀ ਬੈਂਕ ਦੇ ਨਵੇਂ ਨੋਟ ਦੂਜੇ ਸ਼ਹਿਰਾਂ ਵਿੱਚ ਲੈ ਕੇ ਜਾ ਰਿਹਾ ਸੀ। ਜਹਾਜ਼ ਦੇ ਟਕਰਾਉਣ ਕਾਰਨ ਹਾਈਵੇ 'ਤੇ ਮੌਜੂਦ 15 ਗੱਡੀਆਂ ਨੁਕਸਾਨੀਆਂ ਗਈਆਂ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਤਸਵੀਰਾਂ ਵਿੱਚ ਸੜਕ 'ਤੇ ਜਹਾਜ਼ ਦਾ ਮਲਬਾ, ਸੜੀਆਂ ਹੋਈਆਂ ਕਾਰਾਂ ਅਤੇ ਲਾਸ਼ਾਂ ਖਿਲਰੀਆਂ ਦਿਖਾਈ ਦੇ ਰਹੀਆਂ ਹਨ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮਰਨ ਵਾਲੇ ਲੋਕ ਜਹਾਜ਼ ਵਿੱਚ ਸਵਾਰ ਸਨ ਜਾਂ ਸੜਕ 'ਤੇ ਜਾ ਰਹੀਆਂ ਕਾਰਾਂ ਵਿੱਚ। ਸੈਂਕੜੇ ਲੋਕ ਖਿੱਲਰੇ ਹੋਏ ਨੋਟਾਂ ਨੂੰ ਇਕੱਠਾ ਕਰਨ ਲਈ ਮੌਕੇ 'ਤੇ ਪਹੁੰਚ ਗਏ। ਸਥਿਤੀ ਏਨੀ ਵਿਗੜ ਗਈ ਕਿ ਪੁਲਸ ਨੂੰ ਭੀੜ ਨੂੰ ਖਿੰਡਾਉਣ ਲਈ ਦੰਗਾ ਵਿਰੋਧੀ ਸਾਜ਼ੋ-ਸਾਮਾਨ ਦੀ ਵਰਤੋਂ ਕਰਨੀ ਪਈ।

# ਪਟਾਕਾ ਫੈਕਟਰੀ 'ਚ ਧਮਾਕਾ, 18 ਮੌਤਾਂ

**ਆਂਧਰਾ** : ਕਾਕੀਨਾਡਾ ਜ਼ਿਲ੍ਹੇ ਦੇ ਵੇਟਲਾਪਾਲੇਮ ਪਿੰਡ ਵਿੱਚ ਇੱਕ ਪਟਾਕਾ ਯੂਨਿਟ ਵਿੱਚ ਜ਼ਬਰਦਸਤ ਧਮਾਕਾ ਹੋਇਆ ਜਿਸ ਕਾਰਨ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ ਹੈ। ਸੂਬੇ ਦੀ ਗ੍ਰਹਿ ਮੰਤਰੀ ਵੰਗਾਲਾਪੁੜੀ ਅਨੀਤਾ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ ਅਤੇ ਕਈ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਧਮਾਕੇ ਦੌਰਾਨ ਫੈਕਟਰੀ ਵਿੱਚ ਲਗਪਗ 20 ਲੋਕ ਕੰਮ ਕਰ ਰਹੇ ਸਨ।




## ਦਿੱਲੀ ਸ਼ਰਾਬ ਘੁਟਾਲੇ ’ਚ ਹੱਕ ਸੱਚ ਤੇ ਇਮਾਨਦਾਰੀ ਦੀ ਜਿੱਤ ਹੋਈ : ਗਿੱਲ



ਭਾਜਪਾ ਵੱਲੋਂ ਇੱਕ ਤਰ੍ਹਾਂ ਦੇ ਫਰਜ਼ੀ ਸ਼ਰਾਬ ਘੁਟਾਲੇ ਵਿੱਚ ਅਰਵਿੰਦ ਕੇਜਰੀਵਾਲ ਸਮੇਤ ਆਪ ਦੇ ਹੋਰ ਸੀਨੀਅਰ ਲੀਡਰਾਂ ਨੂੰ ਝੂਠਾ ਫਸਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਆਮ ਆਦਮੀ ਪਾਰਟੀ ਦੇ ਸਾਫ ਸੁਥਰੇ ਅਕਸ ਨੂੰ ਖਰਾਬ ਕੀਤਾ ਜਾ ਸਕੇ, ਪਰ ਵਿਰੋਧੀਆਂ ਦੀਆਂ ਇਹ ਸਾਰੀਆਂ ਝੂਠੀਆਂ ਸਾਜਿਸ਼ਾਂ ਉਸ ਵਕਤ ਨਾਕਾਮ ਸਾਬਤ ਹੋ ... ਅਰਵਿੰਦ ਕੇਜਰੀਵਾਲ ਸਮੇਤ ਆਪ ਦੀ ਸਮੁੱਚੀ ਲੀਡਰਸ਼ਿਪ ਪੂਰੀ ਤਰ੍ਹਾਂ ਬੇਦਾਗ ਹੈ ਅਤੇ ਵਿਰੋਧੀ ਇਨ੍ਹਾਂ ਦੀ ਇਮਾਨਦਾਰੀ ਤੋਂ ਐਨੇ ਖਫਾ ਹੋ ਚੁੱਕੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਆਪਣੀ ਸੱਤਾ ਦੀ ਕੁਰਸੀ ਹਿਲਦੀ ਹੋਈ ਦਿਖਾਈ ਦੇ ਰਹੀ, ਜਿਸ ਕਾਰਨ ਉਹ ਆਪ ਦੀ ਸਮੁੱਚੀ ਲੀਡਰਸ਼ਿਪ ਨੂੰ ਆਏ ਦਿਨ ਕਿਸੇ ਨਾ ਕਿਸੇ ਕੇਸ ... ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਹਰ ਲੀਡਰ ਤੇ ਵਰਕਰ ਦੇ ਹੌਸਲੇ ਨਹੀਂ ਤੋੜ ਸਕਦੇ! ਇਸ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਰਾਜਾ ਸਾਂਸੀ ਤੋਂ ਮੀਡੀਆ ਕੋਆਰਡੀਨੇਟਰ ਸ਼ਿਵ ਕੁਮਾਰ ਚੋਗਾਵਾਂ ਅਤੇ ਰਾਜਾ ਸਾਂਸੀ ਹਲਕੇ ਦੇ ਫਾਊਂਡਰ ਮੈਂਬਰ ਤੇ ਸੀਨੀਅਰ ਆਗੂ ਗੁਰਸ਼ਰਨਪ੍ਰੀਤ ਸਿੰਘ ਸੰਧੂ ਮਾਨਾਂਵਾਲਾ ਆਦਿ ਹਾਜ਼ਰ ਸਨ।

## ਬੱਜਰੀ ਦਾ ਭਰਿਆ ਟਰਾਲਾ ਪਲਟਿਆ, ਜਾਨੀ ਨੁਕਸਾਨ ਹੋਣ ਤੋਂ ਬਚਾਅ

... ਬੱਜਰੀ ਲੱਦੀ ਹੋਈ ਸੀ ਜਿਸ ਕਰਕੇ ਨੀਵੀਂ ਜਗ੍ਹਾ ਹੋਣ ਕਰਕੇ ਇਹ ਪਲਟ ਗਿਆ। ਲੋਕਾਂ ਨੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸਰਕਾਰੀ ਨਿਸ਼ਚਿਤ ਕੀਤੇ ਲੋਡ ਤੋਂ ਜ਼ਿਆਦਾ ਭਾਰ ਵਾਲੇ ਟਰਾਲਿਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਸੜਕੀ ਹਾਦਸੇ ਹੋਣ ਤੋਂ ਬਚਾਅ ਹੋ ਸਕੇ।

## ਗੌਰਮਿੰਟ ਟੀਚਰਜ਼ ਯੂਨੀਅਨ ਨੇ ਮੰਗ ਪੱਤਰ ਸੌਂਪਿਆ



... ਅਧਿਆਪਕ ਆਗੂਆਂ ਨੇ ਪੇਪਰਾਂ ਵਿੱਚ ਦੂਰ ਦੁਰਾਡੇ ਇਲਾਕਿਆਂ ਵਿੱਚ ਲਗਾਈ ਗਈ ਡਿਊਟੀ ਬਲਾਕਾਂ ਵਿੱਚ ਹੀ ਲਗਾਉਣ ਸਬੰਧੀ ਮੰਗ ਪੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨੂੰ ਭੇਜਿਆ, ਪ੍ਰਾਇਮਰੀ ਵਿੱਚ ਬਾਰਡਰ ਏਰੀਏ ਸਬੰਧੀ ਡੀ ਪੀ ਆਈ ਐਲੀਮੈਂਟਰੀ ਵੱਲੋਂ ਜਾਰੀ ਹੋਏ ਪੱਤਰ ਨੂੰ ਲਾਗੂ ... ਤਰੱਕੀਆਂ ਸਮੇਤ ਕਈ ਮੰਗਾਂ ਤੇ ਚਰਚਾ ਕੀਤੀ।ਅਧਿਕਾਰੀਆਂ ਨੇ ਜ਼ਿਲ੍ਹਾ ਪੱਧਰ ਦੀਆਂ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਤੇ ਉੱਚ ਅਧਿਕਾਰੀਆਂ ਨੂੰ ਵੀ ਮੰਗ ਪੱਤਰ ਭੇਜਣ ਦਾ ਭਰੋਸਾ ਦਿੱਤਾ।ਇਸ ਮੌਕੇ ਜੋਗਾ ਸਿੰਘ, ਅਨਿਲ ਕੁਮਾਰ, ਹਰਪ੍ਰੀਤ ਸਿੰਘ, ਜੋਤ ਪ੍ਰਕਾਸ਼ ਸਿੰਘ, ਰਾਜ ਕੁਮਾਰ, ਰਜਿੰਦਰ ਸਿੰਘ ਆਦਿ ਹਾਜ਼ਰ ਸਨ।

## ਖੰਡ ਮਿੱਲ ਸ਼ੇਰੋਂ ਨੂੰ ਮੁੜ ਚਾਲੂ ਕਰਾਉਣ ਲਈ ਕਿਸਾਨਾਂ ਵੱਲੋਂ ਥਾਂ-ਥਾਂ ਮੁਜ਼ਾਹਰੇ

### ਐੱਸ ਕੇ ਐੱਮ ਨੇ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਕੀਤੀ ਮੰਗ



ਬਹੁਤ ਸਾਲ ਪਹਿਲਾਂ ਪਿੰਡ ਸ਼ੇਰੋਂ ਦੀ ਇੱਕ ਸੌ ਏਕੜ ਜ਼ਮੀਨ ਬਹੁਤ ਸਸਤੇ ਰੇਟ ਤੇ ਲੈ ਕੇ ਖੰਡ ਮਿੱਲ ਚਾਲੂ ਕੀਤੀ ਗਈ ਸੀ।ਇਸ ਮਿੱਲ ਨੇ ਲਗਾਤਾਰ ਸਰਕਾਰ ਨੂੰ ਮੁਨਾਫਾ ਦਿੱਤਾ। ਜਦੋਂ ਮਿੱਲ ਬੰਦ ਕੀਤੀ ਗਈ ਉਦੋਂ ਵੀ ਮੁਨਾਫ਼ੇ ਵਿੱਚ ਸੀ। ਮੌਜੂਦਾ ਸਰਕਾਰ ਨੇ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਇਹ ਮਿੱਲ ਮੁੜ ਸ਼ੁਰੂ ਕੀਤੀ ਜਾਵੇਗੀ ਪਰ ਹੁਣ ਕਿਸਾਨਾਂ ਦੀ ਸਲਾਹ ਬਿਨਾਂ ਇਸਦੀ ਕੀਮਤੀ ਜ਼ਮੀਨ ਘੱਟੇ ਕੌਡੀਆਂ ਕੀਤੀ ਜਾ ਰਹੀ ਹੈ। ਯਾਦ ਰਹੇ ਕਿ ਇਸ ਮਿੱਲ ਵਿੱਚ ਸੱਠ ਫ਼ੀਸਦੀ ਹਿੱਸੇਦਾਰੀ ਕਿਸਾਨਾਂ ਦੀ ਹੈ, ਜਿਨ੍ਹਾਂ ਨੂੰ ਪੁੱਛਿਆ ਨਹੀਂ ਜਾ ਰਿਹਾ।ਕਿਸਾਨ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਗ੍ਰਿਫਤਾਰ ਕੀਤੇ ਕਿਸਾਨ ਆਗੂਆਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰੇ ਅਤੇ ਸ਼ੂਗਰ ਮਿੱਲ ਨੂੰ ਚਾਲੂ ਕੀਤਾ ਜਾਵੇ।

ਇਸੇ ਤਰ੍ਹਾਂ ਕੁੱਲ ਹਿੰਦ ਕਿਸਾਨ ਸਭਾ ਬ੍ਰਾਂਚ ਮਾਨੋਚਾਹਲ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ ਪਿੰਡ ਮਾਨੋਚਾਹਲ ਅੱਡੇ ’ਤੇ ਸਰਕਾਰ ਦਾ ਪੁਤਲਾ ਫੂਕਿਆ।ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਸਭਾ ਦੇ ਮੀਤ ਸਕੱਤਰ ਸੁਖਦੇਵ ਸਿੰਘ ਮਾਨੋਚਾਹਲ, ਸਥਾਨਿਕ ਆਗੂ ਜੋਗਾ ਸਿੰਘ, ਅਰਜਿੰਦਰ ਸਿੰਘ, ਵੀਰ ਸਿੰਘ, ਸੁੱਖਾ ਸਿੰਘ ਨੇ ਕਿਹਾ ਕਿ ਬਹੁਤ ਸਾਲ ਪਹਿਲਾਂ ਪਿੰਡ ਸ਼ੇਰੋਂ ਦੀ ਇੱਕ ਸੌ ਏਕੜ ਜ਼ਮੀਨ ਬਹੁਤ ਸਸਤੇ ਰੇਟ ਤੇ ਲੈਕੇ ਖੰਡ ਮਿੱਲ ਚਾਲੂ ਕੀਤੀ ਗਈ ਸੀ।ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਨੂੰ



ਇਸਦਾ ਕਾਫ਼ੀ ਫਾਇਦਾ ਸੀ। ਸਾਡੇ ਪਿੰਡ ਤੋਂ ਵੀ ਇੱਥੇ ਕਾਫ਼ੀ ਗੰਨਾ ਜਾਂਦਾ ਸੀ।ਮਜ਼ਦੂਰ ਪਰਿਵਾਰਾਂ ਨੂੰ ਵੀ ਗੰਨਾ ਖੇਤਾਂ ਚੋਂ ਕੱਟਣ ਤੋਂ ਲੈ ਕੇ ਮਿੱਲ ਦੀ ਢੋਆ ਢੁਆਈ ਅਤੇ ਖੰਡ ਬਣਨ ਤੱਕ ਕੰਮ ਮਿਲਦਾ ਸੀ।ਇਹ ਵੀ ਜ਼ਿਕਰਯੋਗ ਹੈ ਕਿ ਤਰਨ ਤਾਰਨ ਜ਼ਿਲ੍ਹੇ ਵਿੱਚ ਖੇਤੀ ਅਧਾਰਿਤ ਸਿਰਫ਼ ਤੇ ਸਿਰਫ਼ ਇਹ ਇੱਕੋ ਇੱਕ ਮਿੱਲ ਸੀ।ਇਸ ਮੌਕੇ ਕਿਸਾਨ ਆਗੂਆਂ ਮੰਗ ਕੀਤੀ ਕਿ ਗ੍ਰਿਫ਼ਤਾਰ ਕਿਸਾਨ ਤੁਰੰਤ ਰਿਹਾਅ ਕੀਤੇ ਜਾਣ।ਇਹ ਖੰਡ ਮਿੱਲ ਮੁੜ ਚਾਲੂ ਕਰਕੇ ਸਰਕਾਰ ਆਪਣਾ ਵਾਅਦਾ ਪੂਰਾ ਕਰੇ।

ਪਿੰਡ ਦਦੇਹਰ ਸਾਹਿਬ ਵਿਖੇ ਸ਼ੇਰੋਂ ਖੰਡ ਮਿੱਲ ਚਾਲੂ ਕਰਾਉਣ ਲਈ ਦਿੱਤੇ ਜਾ ਰਹੇ ਧਰਨੇ ਤੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੇ ਸੱਦੇ ਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪਿੰਡ ਦਦੇਹਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਕਿਸਾਨਾਂ



ਇਕੱਠੇ ਹੋ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਕਾਮਰੇਡ ਬਲਵਿੰਦਰ ਸਿੰਘ ਦਦੇਹਰ, ਪਰਮਜੀਤ ਸਿੰਘ ਚੋਹਲਾ, ਕੁਲਦੀਪ ਸਿੰਘ ਦਦੇਹਰ, ਸੇਵਾ ਸਿੰਘ ਮੈਂਬਰ, ਸੂਬੇਦਾਰ ਲੇਖ ਸਿੰਘ, ਮੰਗਲ ਸਿੰਘ ਚੋਹਲਾ ਨੇ ਕਿਹਾ ਕਿ ਇਸ ਮਿੱਲ ਨੇ ਲਗਾਤਾਰ ਸਰਕਾਰ ਨੂੰ ਮੁਨਾਫਾ ਦਿੱਤਾ। ਜਦੋਂ ਮਿੱਲ ਬੰਦ ਕੀਤੀ ਗਈ ਉਦੋਂ ਵੀ ਮੁਨਾਫ਼ੇ ਵਿੱਚ ਸੀ।ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਨੂੰ ਇਸਦਾ ਕਾਫ਼ੀ ਫਾਇਦਾ ਸੀ।ਇਸ ਮੌਕੇ ਕਿਸਾਨ ਆਗੂਆਂ ਮੰਗ ਕੀਤੀ ਕਿ ਗ੍ਰਿਫ਼ਤਾਰ ਕਿਸਾਨ ਤੁਰੰਤ ਰਿਹਾਅ ਕੀਤੇ ਜਾਣ।ਇਹ ਖੰਡ ਮਿੱਲ ਮੁੜ ਚਾਲੂ ਕਰਕੇ ਸਰਕਾਰ ਆਪਣਾ ਵਾਅਦਾ ਪੂਰਾ ਕਰੇ।ਇਸ ਮੌਕੇ ਹੋਰਨਾਂ ਤੋਂ ਪਾਲ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ, ਨੇਕ ਸਿੰਘ, ਹਰਦਿਆਲ ਸਿੰਘ ਫੌਜੀ ਨੇ ਵੀ ਸੰਬੋਧਨ ਕੀਤਾ।

ਤਰਨਤਾਰਨ ਦੇ ਸਥਾਨਕ ਚੌਕ ’ਚ ਵੀ ਸ਼ੇਰੋਂ ਖੰਡ ਮਿੱਲ ਚਾਲੂ ਕਰਾਉਣ ਲਈ ਦਿੱਤੇ ਜਾ ਰਹੇ ਧਰਨੇ ਤੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੇ ਸੱਦੇ ’ਤੇ ਸਥਾਨਕ ਚੌਕ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਇਕੱਠੇ ਹੋ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਇਕੱਤਰ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਦਵਿੰਦਰ ਸੋਹਲ, ਕੈਪਟਨ ਸਿੰਘ ਬਘਿਆੜੀ,



ਜਗਰੂਪ ਸਿੰਘ ਕਸੇਲ, ਮਲਕੀਤ ਸਿੰਘ ਬਘਿਆੜੀ, ਬਲਜਿੰਦਰ ਸਿੰਘ ਸਰਪੰਚ, ਜਗਤਾਰ ਸਿੰਘ ਜੱਗਾ, ਬਾਬਾ ਬਲਜਿੰਦਰ ਸਿੰਘ, ਹਰਬਿੰਦਰ ਸਿੰਘ ਕਸੇਲ, ਪ੍ਰੀਤਮ ਸਿੰਘ ਛਾਪਾ, ਧਿਆਨ ਸਿੰਘ ਮੰਨਣ ਕਿਹਾ ਕਿ ਬਹੁਤ ਸਾਲ ਪਹਿਲਾਂ ਪਿੰਡ ਸ਼ੇਰੋਂ ਦੀ ਇੱਕ ਸੌ ਏਕੜ ਜ਼ਮੀਨ ਬਹੁਤ ਸਸਤੇ ਰੇਟ ਤੇ ਲੈਕੇ ਖੰਡ ਮਿੱਲ ਚਾਲੂ ਕੀਤੀ ਗਈ ਸੀ।ਇਸ ਮਿੱਲ ਨੇ ਹਮੇਸ਼ਾ ਸਰਕਾਰ ਨੂੰ ਮੁਨਾਫਾ ਦਿੱਤਾ। ਜਦੋਂ ਮਿੱਲ ਬੰਦ ਕੀਤੀ ਗਈ ਉਦੋਂ ਵੀ ਮੁਨਾਫ਼ੇ ਵਿੱਚ ਸੀ।ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਨੂੰ ਇਸਦਾ ਕਾਫ਼ੀ ਫਾਇਦਾ ਸੀ।ਮੌਜੂਦਾ ਸਰਕਾਰ ਨੇ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਇਹ ਮਿੱਲ ਮੁੜ ਸ਼ੁਰੂ ਕੀਤੀ ਜਾਵੇਗੀ।ਇਸ ਮੌਕੇ ਕਿਸਾਨ ਆਗੂਆਂ ਮੰਗ ਕੀਤੀ ਕਿ ਗ੍ਰਿਫ਼ਤਾਰ ਕਿਸਾਨ ਤੁਰੰਤ ਰਿਹਾਅ ਕੀਤੇ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਸਿੰਘ ਕਸੇਲ, ਸੁਖਬੀਰ ਸਿੰਘ ਗੱਗੋਬੂਹਾ, ਆਤਮਾ ਸਿੰਘ ਸੋਹਲ, ਜਸਵੰਤ ਸਿੰਘ ਸੋਹਲ, ਪਰਮਜੀਤ ਸਿੰਘ ਬਘਿਆੜੀ ਨੇ ਵੀ ਸੰਬੋਧਨ ਕੀਤਾ।

## ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ

**ਧਾਰੀਵਾਲ, (ਮਨਦੀਪ ਵਿੱਕੀ)** ਸਥਾਨਕ ਹਿੰਦੂ ਕੰਨਿਆ ਮਹਾਂ ਵਿਦਿਆਲਿਆ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਆਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਦੀ




ਅਗਵਾਈ ਹੇਠ ਨਸ਼ਾ ਮੁਕਤੀ ਚੇਤਨਾ ਸੰਘ ਦੇ ਅੰਤਰਗਤ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ। ਸੈਮੀਨਾਰ ਦੌਰਾਨ ਮੁੱਖ ਵਕਤਾ ਮਾਰਗ ਦਰਸ਼ਕ ਜਸਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਸ਼ਾ ਅੱਜ ਦੇ ਸਮਾਜ ਅਤੇ ਰਾਸ਼ਟਰ ਦੇ ਭਵਿੱਖ ਲਈ ਇੱਕ ਗੰਭੀਰ ਚੁਣੌਤੀ ਬਣ ਚੁੱਕਿਆ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ ਦਾ ਨਸ਼ਿਆ ਵੱਲ ਵੱਧ ਰਿਹਾ ਝੁਕਾਅ ਸਾਡੇ ਸਾਰਿਆਂ ਲਈ ਇੱਕ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦੱਸਿਆ ਕਿ ਸੰਘ ਦਾ ਮੁੱਖ ਉਦੇਸ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨਾ ਹੈ ਕਿਉਂਕਿ ਨਸ਼ੇ ਨੂੰ ਸਮੂਹਿਕ ਤੌਰ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤਾਂ ਜੋ ਨਵੀਂ ਪੀੜ੍ਹੀ ਨੂੰ ਇਕ ਉਜਵਲ ਭਵਿੱਖ ਦਿੱਤਾ ਜਾ ਸਕੇ ਅਤੇ ਸਵੱਛ ਭਾਰਤ ਦੀ ਨੀਂਹ ਰੱਖੀ ਜਾ ਸਕੇ। ਕਾਲਜ ਕਮੇਟੀ ਪ੍ਰਧਾਨ ਐੱਨ. ਡੀ. ਆਨੰਦ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਸਮਾਜ ਵਿੱਚੋਂ ਨਸ਼ੇ ਖਤਮ ਕਰਨ ਲਈ ਨੌਜਵਾਨ ਪੀੜ੍ਹੀ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਸੈਮੀਨਾਰ ਵਿੱਚ ਕਾਲਜ ਪ੍ਰਬੰਧਕ ਕਮੇਟੀ ਦੇ ਕੌਰਸਪੋਡੈਂਟ ਰਜਨੀਸ਼ ਗੁਪਤਾ, ਮੈਂਬਰ ਸੋਨੂੰ ਚੋਪੜਾ, ਰਾਜਨ ਗੋਇਲ ਅਤੇ ਸਮੂਹ ਸਟਾਫ ਹਾਜ਼ਰ ਸੀ।

## ਖੇਤੀਬਾੜੀ ਦਫਤਰ ਕਾਦੀਆਂ ਸਰਕਲ ਕੰਡੀਲਾ ਵੱਲੋਂ ਨੱਤ ’ਚ ਵਿਸ਼ੇਸ਼ ਕੈਂਪ ਦਾ ਆਯੋਜਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਖੇਤੀਬਾੜੀ ਦਫਤਰ ਕਾਦੀਆਂ ਸਰਕਲ ਕੰਡੀਲਾ ਵੱਲੋਂ ਪਿੰਡ ਨੱਤ ਵਿਖੇ ਪੀਐੱਮ ਕਿਸਾਨ ਦੀ ਰਜਿਸਟਰੇਸ਼ਨ ਦੇ ਸੰਬੰਧ ਵਿੱਚ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਵਿੱਚ ਅਤੇ ਆਉਣ ਵਾਲੀ ਕਣਕ ਦੀ ਫਸਲ ਦੇ ਨਾੜ ਨੂੰ ਅੱਗ ਨਾ ਲਾਉਣ ਦੀ ਵੀ ਅਪੀਲ ਕੀਤੀ ਗਈ। ਅੱਗ ਨਾਲ ਹੋਣ ਵਾਲੇ ਨੁਕਸਾਨ ਦੱਸੇ ਗਏ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੇ ਨਾਲ ਜਿੱਥੇ ਜ਼ਮੀਨ ਦੇ



ਅੰਦਰਲੇ ਤੱਤ ਖਤਮ ਹੁੰਦੇ ਹਨ ਉਥੇ ਹੀ ਫਸਲਾਂ ਦੀ ਪੈਦਾਵਾਰ ਵੀ ਘਟਦੀ ਹੈ।ਇਸ ਲਈ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਫਸਲਾਂ ਦੇ ਨਾੜ ਨੂੰ ਅੱਗ ਨਾ ਲਗਾ ਕੇ ਵਾਤਾਵਰਨ ਪ੍ਰੇਮੀ ਬਣਨ।ਇਸ ਮੌਕੇ ਪਿੰਡ ਨੱਤ ਦੇ ਸਰਪੰਚ ਸੁਖਵਿੰਦਰ ਸਿੰਘ ਦੇ ਵੱਲੋਂ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਖੇਤੀਬਾੜੀ ਵਿਸਥਾਰ ਅਫਸਰ ਹਰਪ੍ਰੀਤ ਸਿੰਘ ਬੋਪਾਰਾਏ ਅਤੇ ਖੇਤੀਬਾੜੀ ਇੰਸਪੈਕਟਰ ਨਵਜੋਤ ਕੌਰ ਨੇ ਸਾਂਝੇ ਤੌਰ ’ਤੇ ਕਿਸਾਨਾਂ ਨੂੰ ਪੀਐੱਮ ਕਿਸਾਨ ਦੀ ਰਜਿਸਟਰੇਸ਼ਨ ਕਰਨ ਵਾਸਤੇ ਅਪੀਲ ਕੀਤੀ। ਇਸ ਦੌਰਾਨ ਕਣਕ ਦੀ ਫਸਲ ਦੀ ਪੀਲੀ ਕੁੰਗੀ ਦੇ ਸੰਬੰਧ ਵਿੱਚ ਤੇਲੇ ਦੇ ਸੰਬੰਧ ਆਈ ਹੋਈ ਟੀਮ ਦਾ ਅਤੇ ਕਿਸਾਨਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਅਤੇ ਵਿਭਾਗ ਨੂੰ ਆਪਣੇ ਵੱਲੋਂ ਪੂਰਾ ਸਹਿਯੋਗ ਕਰਨ ਦਾ ਭਰੋਸਾ ਦਵਾਇਆ ਗਿਆ ।ਇਸ ਮੌਕੇ ਨਿਰਵੈਲ ਸਿੰਘ ਫੀਲਡ ਵਰਕਰ ਤੋਂ ਇਲਾਵਾ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ, ਮੈਂਬਰ ਪੰਚਾਇਤ ਅਤੇ ਕਿਸਾਨ ਵੀਰ ਹਾਜ਼ਰ ਸਨ।

## ਐੱਸਡੀਐੱਮ ਲੁਬਾਣਾ ਨੇ ਸੈਕਟਰ ਅਫਸਰਾਂ ਨਾਲ ਕੀਤੀ ਵੀਡੀਓ ਕਾਨਫਰੰਸਿੰਗ

**ਪਠਾਨਕੋਟ, (ਦਵਿੰਦਰ ਸਿੰਘ)**- ਅਰਸ਼ਦੀਪ ਸਿੰਘ ਲੁਬਾਣਾ ਨੇ ਬਤੌਰ ਐੱਸਡੀਐੱਮ ਪਠਾਨਕੋਟ ਦਾ ਚਾਰਜ ਸੰਭਾਲਦੇ ਹੀ ਵਿਧਾਨ ਸਭਾ ਚੋਣ ਹਲਕਾ 003 ਪਠਾਨਕੋਟ ਵਿੱਚ ਚਲ ਰਹੇ ਕੰਮ ਦੀ ਸਮੀਖਿਆ ਕਰਨ ਲਈ ਸੈਕਟਰ



ਅਫਸਰਾਂ ਨਾਲ ਵੀਡੀਓ ਕਾਨਫਰੰਸਿੰਗ ਕੀਤੀ।ਮਾਨਯੋਗ ਚੋਣ ਕਮਿਸ਼ਨ ਦੀਆਂ ਹਦਾਇਤਾ ਅਤੇ ਜ਼ਿਲ੍ਹਾ ਚੋਣ ਅਫਸਰ-ਕਮ ਡਿਪਟੀ ਕਮਿਸ਼ਨਰ ਪਠਾਨਕੋਟ ਦੀ ਯੋਗ ਅਗਵਾਈ ਹੇਠ ਅਰਸ਼ਦੀਪ ਸਿੰਘ ਲੁਬਾਣਾ ਨੇ ਦੱਸਿਆ ਕਿ 2025 ਦੀਆਂ ਵੋਟਰ ਸੂਚੀਆਂ ਦਾ 2003 ਦੀ ਵੋਟਰ ਸੂਚੀਆਂ ਨਾਲ ਵੋਟਰਾਂ ਦਾ ਮਿਲਾਣ ਕੀਤਾ ਜਾ ਰਿਹਾ ਹੈ। ਇਸ ਵਿੱਚ ਮੈਪਿੰਗ ਲਈ ਵੋਟਰਾਂ ਦਾ ਰਿਕਾਡ ਖੰਗਾਲਿਆ ਜਾ ਰਿਹਾ ਹੈ।ਇਸ ਕੰਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੈਕਟਰ ਅਫਸਰਾਂ ਰਾਹੀਂ ਪਠਾਨਕੋਟ ਹਲਕੇ ਦੇ ਬੀਐੱਲਓਜ਼ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ ਅਰਸ਼ਦੀਪ ਸਿੰਘ ਲੁਬਾਣਾ ਨੇ ਆਮ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਵੀ ਬੀ. ਐੱਲ. ਓ. ਵੋਟਰ ਨੂੰ ਮੈਪ ਕਰਨ ਲਈ ਤੁਹਾਡੇ ਕੋਲ ਆਂਉਦੇ ਹਨ ਤਾਂ ਉਨ੍ਹਾਂ ਨੂੰ ਸਹੀ ਜਾਣਕਾਰੀ ਦਿੱਤੀ ਜਾਵੇ ।ਜੇਕਰ ਬੀ. ਐੱਲ. ਓ. ਕੋਲ ਸਹੀ ਜਾਣਕਾਰੀ ਹੋਵੇਗੀ ਤਾਂ ਹੀ ਉਹ ਵੋਟ ਨੂੰ ਸਹੀ ਢੰਗ ਨਾਲ ਮੈਪ ਕਰੇਗਾ।

## ਮੈਡਮ ਸਿੱਧੂ ਰਾਜਾ ਵੜਿੰਗ ’ਤੇ ਲਗਾਏ ਦੋਸ਼ਾਂ ਦੇ ਸਬੂਤ ਪੇਸ਼ ਕਰਨ : ਵਡਾਲਾ

**ਬਿਆਸ (ਰੱਖੜਾ)**- ਨਵਜੋਤ ਕੌਰ ਸਿੱਧੂ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਉਪਰ ਦੋਸ਼ ਲਗਾਏ ਹਨ ਕਿ ਰਾਜਾ ਵੜਿੰਗ ਨੇ ਜ਼ੀਰਕਪੁਰ ਵਿੱਚ 100 ਕਿੱਲਾ ਜ਼ਮੀਨ ਖਰੀਦੀ ਅਤੇ 60 ਏਕੜ ’ਤੇ ਜਾਅਲੀ ਦਸਤਸਤ ਕੀਤੇ ਅਤੇ ਅੰਗੂਠੇ ਲਗਾਏ



ਹਨ ਅਤੇ ਮਾਸੂਮ ਲੋਕਾਂ ਦੇ ਹੱਕ ਖੋਹੇ ਹਨ।ਬੀਬੀ ਜੀ ਬਿਆਨ ਹਵਾ ਵਿੱਚ ਨਹੀਂ ਦਿਤੇ ਜਾਂਦੇ, ਸਬੂਤਾਂ ਦੇ ਆਧਾਰ ’ਤੇ ਮਾਮਲੇ ਦਰਜ ਕੀਤੇ ਜਾਂਦੇ ਹਨ।ਚੇਅਰਮੈਨ ਬਲਕਾਰ ਸਿੰਘ ਵਡਾਲਾ ਨੇ ਕਿਹਾ ਕਿ ਪਿਛਲੇ ਦਿਨੀਂ ਨਵਜੋਤ ਕੌਰ ਸਿੱਧੂ ਨੇ ਸੁਖਜਿੰਦਰ ਸਿੰਘ ਰੰਧਾਵਾ ਨੈਸ਼ਨਲ ਸੈਕਟਰੀ ਆਲ ਇੰਡੀਆ ਕਾਂਗਰਸ ’ਤੇ ਵੀ ਦੋਸ਼ ਲਗਾਏ ਸੀ।ਉਨ੍ਹਾਂ ਨੇ ਇਨ੍ਹਾਂ ਨੂੰ ਕੋਰਟ ਦਾ ਰਸਤਾ ਦਿਖਾਇਆ ਅਤੇ ਫਿਰ ਰੰਧਾਵਾ ਬਾਰੇ ਇਨ੍ਹਾਂ ਦਾ ਕੋਈ ਬਿਆਨ ਨਹੀਂ ਆਇਆ।ਚੇਅਰਮੈਨ ਵਡਾਲਾ ਨੇ ਰਾਜਾ ਵੜਿੰਗ ਨੂੰ ਵੀ ਕਿਹਾ ਕਿ ਤੁਸੀਂ ਵੀ ਨਵਜੋਤ ਕੌਰ ਸਿੱਧੂ ਵਿਰੁੱਧ ਹਾਈਕੋਰਟ ਵਿੱਚ ਕੇਸ ਦਰਜ ਕਰਾਓ ਤਾਂ ਜੋ ਅੱਗੇ ਤੋਂ ਮੈਡਮ ਕਦੀ ਵੀ ਕਿਸੇ ਲੀਡਰ ’ਤੇ ਬੇਤੁਕੇ ਦੋਸ਼ ਨਾ ਲਾਵੇ।ਪੱਤਰਕਾਰ ਨਾਲ ਗੱਲਬਾਤ ਕਰਦਿਆਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਨੈਸ਼ਨਲ ਸੈਕਟਰੀ, ਸੀਨੀਅਰ ਆਗੂ ਚੇਅਰਮੈਨ ਪੰਜਾਬ ਬਲਕਾਰ ਸਿੰਘ ਵਡਾਲਾ ਨੇ ਕਿਹਾ ਕਿ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੁਖਪਾਲ ਸਿੰਘ ਖਹਿਰਾ ਦੇ ਘਰ ਨੂੰ ਢਾਹਿਆ ਹੈ ਕਾਂਗਰਸ ਪਾਰਟੀ ਖਹਿਰਾ ਨਾਲ ਚੱਟਾਨ ਵਾਂਗ ਖੜ੍ਹੀ ਹੈ।

## ਪੱਤਰਕਾਰ ਐਸੋਸੀਏਸ਼ਨ ਵੱਲੋਂ ਆਪਣੀਆਂ ਮੰਗਾਂ ਦੇ ਹੱਕ ’ਚ ਰੋਸ ਮੁਜ਼ਾਹਰਾ




**ਅੰਮ੍ਰਿਤਸਰ (ਮਨੋਜ ਕੁਮਾਰ, ਕੰਵਲਜੀਤ ਸਿੰਘ)**- ਪੱਤਰਕਾਰ ਭਾਈਚਾਰੇ ਨੇ ਮੀਡੀਆ ’ਤੇ ਹੋ ਰਹੇ ਹਮਲਿਆਂ ਦਾ ਸਖਤ ਨੋਟਿਸ ਲੈਂਦਿਆਂ ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਪ੍ਰਧਾਨ ਜਸਬੀਰ ਸਿੰਘ ਪੱਟੀ ਦੀ ਅਗਵਾਈ ਹੇਠ ਜ਼ਿਲ੍ਹਾ ਡੀ ਸੀ ਦੇ ਦਫਤਰ ਦੇ ਬਾਹਰ ਮੁਜ਼ਾਹਰਾ ਕੀਤਾ ਤੇ ਮੁੱਖ ਮੰਤਰੀ ਦੇ ਨਾਂਅ ਡੀ ਸੀ ਰਾਹੀਂ ਇੱਕ ਮੰਗ ਪੱਤਰ ਵੀ ਦਿੱਤਾ।ਪੱਤਰਕਾਰਾਂ ਨੇ ਡੀ ਸੀ ਦਫਤਰ ਦੇ ਬਾਹਰ ਮੁਜ਼ਾਹਰਾ ਕੀਤਾ ਜਿਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਪੱਤਰਕਾਰੀ ਦਾ ਕੰਮ ਕਾਫੀ ਜੋਖਮ ਭਰਿਆ ਹੈ ਤੇ ਇਸ ਖਿੱਤੇ ਵਿੱਚ ਦੋਸਤ ਘੱਟ ਤੇ ਦੁਸ਼ਮਣ ਵਧੇਰੇ ਬਣਦੇ ਹਨ।ਪੱਤਰਕਾਰਾਂ ਤੇ ਹਰ ਰੋਜ਼ ਹੋ ਰਹੇ ਹਮਲੇ ਚਿੰਤਾ ਦਾ ਵਿਸ਼ਾ ਹਨ ਤੇ ਕਈ ਵਾਰੀ ਤਾਂ ਦੋਸ਼ੀਆਂ ਦੀ ਸਿਆਸੀ ਪੁਸ਼ਤਪਨਾਹੀ ਦੇ ਕਾਰਨ ਪੁਲਸ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਦੀ ਬਜਾਏ ਪੱਤਰਕਾਰ ਦੇ ਖਿਲਾਫ ਹੀ ਕਾਰਵਾਈ ਕਰ ਦਿੰਦੀ ਹੈ।ਪੱਤਰਕਾਰਾਂ ਨੂੰ ਫਿਰ ਇਨਸਾਫ ਲੈਣ ਲਈ ਸੜਕਾਂ ’ਤੇ ਆਉਣਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਇਕੱਲੇ ਪੱਤਰਕਾਰਾਂ ’ਤੇ ਹੀ ਨਹੀਂ ਸਗੋਂ ਕਈ ਵਾਰੀ ਸੱਚ ਲਿਖਣ ਕਾਰਨ ਅਖਬਾਰੀ ਅਦਾਰਿਆਂ ਨਾਲ ਸਰਕਾਰ ਆਢਾ ਲਗਾ ਲੈਂਦੀ ਹੈ ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਟੋਲ ਪਲਾਜ਼ਾ ’ਤੇ ਉਨ੍ਹਾਂ ਪੱਤਰਕਾਰਾਂ ਨੂੰ ਛੋਟ ਦਿੱਤੀ ਜਾਂਦੀ ਹੈ ਜਿਨ੍ਹਾਂ ਕੋਲ ਲੋਕ ਸੰਪਰਕ ਵਿਭਾਗ ਦਾ ਕਾਰਡ ਹੁੰਦਾ ਹੈ ਪਰ ਲੁਧਿਆਣਾ ਦਾ ਲਾਡੋਵਾਲੀ ਵਾਲਾ ਟੋਲ ਪਲਾਜ਼ਾ ਇਸ ਛੋਟ ਨੂੰ ਪ੍ਰਵਾਨ ਨਹੀਂ ਕਰਦਾ।ਪੱਤਰਕਾਰ ਭਾਈਚਾਰੇ ਨੂੰ ਮੈਰਿਟ ਦੇ ਅਧਾਰ ’ਤੇ ਸਰਕਾਰੀ ਕਾਰਡ ਜਾਰੀ ਕੀਤੇ ਜਾਣ।ਇਸ ਦੇ ਨਾਲ ਹੀ ਪੱਤਰਕਾਰਾਂ ਨੂੰ ਦਿੱਤੀ ਗਈ ਫਰੀ ਬੱਸ ਸਫਰ ਦੀ ਸਹੂਲਤ ਆਈ ਕਾਰਡ ’ਤੇ ਹੀ ਦਿੱਤੀ ਜਾਵੇ।ਫੀਲਡ ਵਿੱਚ ਕੰਮ ਕਰਦੇ ਪੱਤਰਕਾਰ ਦੀ ਮੌਤ ਹੋ ਜਾਣ ’ਤੇ ਪੱਤਰਕਾਰ ਦੇ ਪਰਿਵਾਰ ਨੂੰ 25 ਲੱਖ ਦੀ ਸਹਾਇਤਾ ਰਾਸ਼ੀ ਤੇ ਪਰਿਵਾਰ ਦੇ ਇੱਕ ਜੀਅ ਨੂੰ ਨੌਕਰੀ ਦਿੱਤੀ ਜਾਵੇ।ਸਾਰੇ ਪੱਤਰਕਾਰਾਂ ਦੀ ਪੈਨਸ਼ਨ ਲਗਾਈ ਜਾਵੇ ਤੇ ਪੈਨਸ਼ਨ 12000 ਤੋਂ ਵਧਾ ਕੇ 25000 ਕੀਤੀ ਜਾਵੇ।ਇਸੇ ਤਰ੍ਹਾਂ ਯੂ ਟਿਊਬਰ ਜਿਨ੍ਹਾਂ ਦੇ ਵਿਊਜ਼ ਇੱਕ ਲੱਖ ਤੋਂ ਉਪਰ ਹਨ ਉਨ੍ਹਾਂ ਨੂੰ ਵੀ ਸਰਕਾਰੀ ਕਾਰਡ ਜਾਰੀ ਕੀਤੇ ਜਾਣ।ਇਸ ਮੁਜ਼ਾਹਰੇ ਨੂੰ ਮਮਤਾ ਸ਼ਰਮਾ, ਖੁਸ਼ਬੂ ਸ਼ਰਮਾ, ਸਿਮਰਨ ਰਾਜਪੂਤ, ਰਾਜੇਸ਼ ਕੁਮਾਰ ਸ਼ਰਮਾ, ਕੰਵਲਜੀਤ ਸਿੰਘ, ਹਰਦੇਵ ਪ੍ਰਿੰਸ ਤੇ ਜੋਗਿੰਦਰ ਜੌੜਾ ਨੇ ਵੀ ਸੰਬੋਧਨ ਕੀਤਾ ਤੇ ਵੱਡੀ ਗਿਣਤੀ ਵਿੱਚ ਪੱਤਰਕਾਰ ਭਾਈਚਾਰਾ ਇਸ ਵਿੱਚ ਸ਼ਾਮਲ ਹੋਇਆ।

## ਕੇਜਰੀਵਾਲ ਤੇ ਸੁਸੋਧੀਆ ਦੇ ਬਰੀ ਹੋਣ ’ਤੇ ਜਸ਼ਨ ਮਨਾਏ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਦਿੱਲੀ ਦੀ ਮਾਨਯੋਗ ਅਦਾਲਤ ਵੱਲੋਂ ਜੋ ਬੀਤੇ ਸਮੇਂ ਦੌਰਾਨ ਆਮ ਪਾਰਟੀ ਦੇ ਕੁੱਲ ਹਿੰਦ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸੁਸੋਦੀਆ ਉਪਰ ਸ਼ਰਾਬ ਘੁਟਾਲੇ ਨੂੰ ਲੈ ਕੇ ਜੋ ਕੇਸ ਚਲਦਾ ਸੀ ਉਹ ਮਾਨਯੋਗ ਅਦਾਲਤ ਵੱਲੋਂ ਬਰੀ ਹੋਣ ’ਤੇ ਅਜਨਾਲਾ ਦੇ ਮੇਨ ਚੌਕ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੇ ਹੋਣਹਾਰ ਸਪੁੱਤਰ ਖੁਸ਼ਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਲੱਡੂ ਵੰਡੇ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਸੱਚਾਈ ਦੀ ਜਿੱਤ ਹੋਈ ਹੈ। ਜੋ ਝੂਠਾ ਕੇਸ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸੁਸੋਦੀਆ ਉੱਪਰ ਕੀਤਾ ਗਿਆ ਸੀ ਉਹ ਕੇਸ ਗਲਤ ਸਾਬਿਤ ਹੋਇਆ ਹੈ। ਇਸ ਮੌਕੇ ਅਜਨਾਲਾ ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਬੱਬੂ ਮਹਾਜਨ, ਸਾਹਿਲ ਗੁਪਤਾ, ਕੌਂਸਲਰ ਅਵਿਨਾਸ਼ ਮਸੀਹ ਆਦਿ ਹਾਜ਼ਰ ਸਨ।

## ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਵੱਲੋਂ ਡੀਸੀ ਦਫਤਰਾਂ ਨੂੰ ਮੰਗ ਪੱਤਰ ਸੌਂਪਣ ਦਾ ਫੈਸਲਾ

**ਪੱਟੀ, (ਬਲਦੇਵ ਸਿੰਘ ਸੰਧੂ)**- ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਦੀ ਚੇਅਰਮੈਨ ਸੁਖਵਿੰਦਰ ਕੌਰ ਸੁੱਖੀ ਮਾਨਸਾ ਅਤੇ ਜ਼ਿਲ੍ਹਾ ਪ੍ਰਧਾਨ



ਮਨਜਿੰਦਰ ਕੌਰ ਹਰੀਕੇ, ਰਾਣੋ ਖੇੜੀ ਗਿੱਲਾਂ ਕਨਵੀਨਰ, ਹਰਿੰਦਰ ਕੌਰ ਸ਼ਤਰਾਣਾ ਕਨਵੀਨਰ, ਸੰਤੋਸ਼ ਕੁਮਾਰੀ ਫਾਜ਼ਿਲਕਾ ਕਨਵੀਨਰ ਦੀ ਆਨਲਾਈਨ ਅਹਿਮ ਮੀਟਿੰਗ ਹੋਈ।ਮੀਟਿੰਗ ਵਿੱਚ ਕਨਵੀਨਰਾਂ ਵੱਲੋਂ ਆਪਣੇ ਬਿਆਨ ਵਿੱਚ ਦੱਸਿਆ ਗਿਆ ਕਿ ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਅਧੀਨ ਕੰਮ ਕਰ ਰਹੀਆਂ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਦਾ ਬਹੁਤ ਲੰਬੇ ਸਮੇਂ ਤੋਂ ਬਿਨਾ ਤਨਖ਼ਾਹ ਸ਼ੋਸ਼ਣ ਕੀਤਾ ਜਾ ਰਿਹਾ ਹੈ। ਮੰਗਾਂ ਮੁਸ਼ਕਲਾਂ ਦੇ ਹੱਲ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਹਰ ਕੋਸ਼ਿਸ਼ ਮੰਗ ਪੱਤਰ ਸੌਂਪੇ ਗਏ ਪ੍ਰੰਤੂ ਕੋਈ ਠੋਸ ਹੱਲ ਨਹੀਂ ਹੋਇਆ ।ਇਸ ਰੋਸ ਵਜੋਂ ਆਗੂਆਂ ਨੇ ਫੈਸਲਾ ਲਿਆ ਕਿ ਪੰਜਾਬ ਭਰ ਵਿੱਚ ਸਮੂਹ ਆਸ਼ਾ ਵਰਕਰਾਂ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਵੱਲੋਂ 03 ਮਾਰਚ ਨੂੰ ਸੂਬੇ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਆਪਣੇ ਮੰਗ ਪੱਤਰ ਸੌਂਪੇ ਜਾਣਗੇ।ਇਸ ਮੌਕੇ ਵੀਰਪਾਲ ਕੌਰ ਸੈਕਟਰੀ, ਅਮਨਦੀਪ ਕੌਰ ਬਲਾਕ ਪ੍ਰਧਾਨ, ਸਰਬਜੀਤ ਕੌਰ ਮੀਤ ਪ੍ਰਧਾਨ, ਰਾਜਵਿੰਦਰ ਕੌਰ ਖਜਾਨਚੀ, ਸੋਮਾ ਚੂਸਲੇਵੜ, ਰਾਜਵਿੰਦਰ ਕੌਰ ਨਵੀਪੁਰ, ਸੀਮਾ ਸਹੋਲ, ਪਰਮਜੀਤ ਕੌਰ ਮੀਆਂਵਿੰਡ, ਗੁਰਵੰਤ ਕੌਰ, ਪਰਮਜੀਤ ਕੌਰ, ਵੀਰਪਾਲ ਕੌਰ, ਊਸ਼ਾ ਰਾਣੀ, ਪਰਮਿੰਦਰ ਕੌਰ, ਮਨਜੀਤ ਕੌਰ ਕਿਰਤੋਵਾਲ ਆਦਿ ਹਾਜ਼ਰ ਸਨ।

## ਗ੍ਰਾਮ ਪੰਚਾਇਤ ਚਾਟੀਵਿੰਡ ਲੇਹਲ ਵੱਲੋਂ ਵਿਕਾਸ ਕਾਰਜ ਸ਼ੁਰੂ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਮਜੀਠਾ ਹਲਕੇ ਦੇ ਆਪ ਵੱਲੋਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਚਾਟੀਵਿੰਡ ਲਹਿਲ ਵੱਲੋਂ ਪਿੰਡ ਦੇ ਵੱਖ-ਵੱਖ ਵਿਕਾਸ ਕਾਰਜ ਸ਼ੁਰੂ ਕਰਵਾਏ ਗਏ। ਪੱਤਰਕਾਰਾਂ ਨਾਲ ਗੱਲਬਾਤ



ਕਰਦਿਆਂ ਸਰਪੰਚ ਸਵਿੰਦਰ ਸਿੰਘ ਸਿੰਦ ਨੇ ਦੱਸਿਆ ਕਿ ਤਲਬੀਰ ਸਿੰਘ ਗਿੱਲ ਜਿਨ੍ਹਾਂ ਦੇ ਦਿਲ ਵਿੱਚ ਹਲਕੇ ਦੇ ਪਿੰਡਾਂ ਦਾ ਵਿਕਾਸ ਕਰਨ ਦੀ ਚਾਹਤ ਹੈ, ਵੱਲੋਂ ਪਿੰਡ ਦੇ ਵਿਕਾਸ ਕਾਰਜ ਲਈ ਦਿਲ ਖੋਲ੍ਹ ਕੇ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਪੰਚਾਇਤ ਵੱਲੋਂ ਸਮੂਹ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਵੱਖ-ਵੱਖ ਵਿਕਾਸ ਕਾਰਜ ਆਰੰਭ ਕਰਕੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਤਲਬੀਰ ਸਿੰਘ ਗਿੱਲ ਨੂੰ ਜਾਂਦਾ ਹੈ। ਸਰਪੰਚ ਨੇ ਕਿਹਾ ਕਿ ਉਹ ਪਿੰਡ ਵਾਲਿਆਂ ਦੇ ਬਹੁਤ ਹੀ ਰਿਣੀ ਹਨ ਜੋ ਪਿੰਡ ਦੇ ਵਿਕਾਸ ਕਾਰਜ ਕਰਨ ਵਿੱਚ ਪੰਚਾਇਤ ਨੂੰ ਸਹਿਯੋਗ ਦੇ ਰਹੇ ਹਨ ਅਤੇ ਅਸੀਂ ਜਲਦੀ ਹੀ ਪਿੰਡ ਦੇ ਵਿਕਾਸ ਕਾਰਜ ਕਰਵਾ ਕੇ ਇਸ ਨੂੰ ਇਲਾਕੇ ਵਿੱਚੋਂ ਨਮੂਨੇ ਦਾ ਪਿੰਡ ਬਣਾਵਾਂਗੇ। ਸਮੁੱਚਾ ਪਿੰਡ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕਰਦਾ ਰਹੇਗਾ।

## ਸੜਕ ਦਾ ਨਿਰਮਾਣ ਕਰਵਾਉਣ ਤੋਂ ਖੁਸ਼ ਪਿੰਡ ਦੇ ਲੋਕਾਂ ਗਿੱਲ ਦਾ ਕੀਤਾ ਧੰਨਵਾਦ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਚਵਿੰਡਾ ਦੇਵੀ ਵਿੱਚ ਮਜੀਠਾ ਹਲਕਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕੀਤਾ ਕਿਉਂਕਿ ਚਵਿੰਡਾ



ਦੇਵੀ ਤੋਂ ਢੱਡੇ ਨੂੰ ਜਾਂਦੀ ਸੜਕ ਦਾ ਨਿਰਮਾਣ ਕਾਰਜ ਗਿੱਲ ਦੇ ਸੁਹਿਰਦ ਯਤਨਾਂ ਨਾਲ ਨੇਪਰੇ ਚੜ੍ਹਿਆ। ਲੋਕ ਲੰਬੇ ਸਮੇਂ ਤੋਂ ਸੜਕਾਂ ਦੀ ਮਾੜੀ ਹਾਲਤ ਤੋਂ ਪੀੜਤ ਸਨ। ਉਨ੍ਹਾਂ ਨੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਸੜਕ ਨੂੰ ਬਿਹਤਰ ਬਣਾਉਣ ਲਈ ਸ਼ੁਕਰੀਆ ਅਦਾ ਕੀਤਾ। ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਉਹ ਹਲਕੇ ਨੂੰ ਬਿਹਤਰ ਬਣਾਉਣ ਲਈ ਕੋਈ ਕਸਰ ਨਹੀਂ ਛਡਣਗੇ ਅਤੇ ਹਲਕੇ ਦੀ ਸੇਵਾ ਨੂੰ ਇਸੇ ਤਰ੍ਹਾਂ ਨਿਭਾਉਣਗੇ।ਮੀਟਿੰਗ ’ਚ ਪਿੰਡ ਚਵਿੰਡਾ ਦੇਵੀ ਦੇ ਸਰਪੰਚ ਪਰਮਜੀਤ ਕੌਰ ਰੰਧਾਵਾ, ਸੋਨੀ ਰੰਧਾਵਾ, ਹਰਦੇਵ ਰੰਧਾਵਾ, ਬਿਟਾ ਹੰਜਰਾਂ, ਦੀਪਕ ਭੰਡਾਰੀ (ਕਾਕਾ), ਵਿਕਰਮ ਭੰਡਾਰੀ, ਕਰਮਜੀਤ ਸਿੰਘ ਫੌਜੀ, ਜਸਪਾਲ ਸ਼ਰਮਾ, ਸੰਦੀਪ ਸ਼ਰਮਾ, ਸਵਰਨਜੀਤ ਸਿੰਘ ਕੁਰਾਲੀਆਂ, ਜਗਦੀਸ਼ ਸਿੰਘ ਸੈਕਟਰੀ, ਲਾਟੀ ਨੰਬਰਦਾਰ, ਕਾਲਾ ਨੰਬਰਦਾਰ, ਮੁਨੀਸ਼ ਭੰਡਾਰੀ, ਸਵਰਨ ਸਿੰਘ ਐੱਸ ਐੱਸ, ਸੁਖਦੇਵ ਸਿੰਘ (ਬਾਊ), ਮਨਦੀਪ ਸੁੰਦਰ (ਬਾਊ), ਕੁਲਵੰਤ ਸੁੰਦਰ, ਨਵੀਨ ਸੁੰਦਰ, ਮੰਗਾ ਸੁੰਦਰ, ਸੋਨੂੰ ਸੁੰਦਰ, ਲਲਿਤ ਸੁੰਦਰ, ਚੰਦਨ ਸੁੰਦਰ, ਵਿਕਾਸ ਸੁੰਦਰ, ਭਰਤ ਸੁੰਦਰ, ਵਿਸ਼ਾਲ ਸੁੰਦਰ, ਮੈਂਬਰ ਜੰਗ ਸਿੰਘ (ਜੰਗੀ), ਸੁੱਖਾ ਮੈਂਬਰ, ਲੱਡੂ ਮੈਂਬਰ, ਪਾਲੀ ਮੈਂਬਰ, ਮਸੂ ਸਿੰਘ, ਹਰਨੂਰ ਸਿੰਘ, ਹੀਰਾ ਸਿੰਘ, ਜਗਤਾਰ ਸਿੰਘ (ਜੱਗਾ), ਮਿੱਠੂ ਸਿੰਘ, ਧਿਰਾ ਸਿੰਘ, ਸਾਗਰ ਸਿੰਘ, ਸ਼ੇਰੂ ਸਿੰਘ, ਰੇਸ਼ਮ ਕਢਾਈ ਵਾਲਾ ਆਦਿ ਹਾਜ਼ਰ ਸਨ।

## ਪੰਜਾਬ ਇਸਤਰੀ ਸਭਾ ਵੱਲੋਂ ਮਹਿਲਾ ਵਿਸ਼ਵ ਦਿਹਾੜਾ ਅੱਠ ਨੂੰ ਮਨਾਉਣ ਦਾ ਐਲਾਨ

**ਤਰਨ ਤਾਰਨ (ਨ. ਜ਼. ਸ)** ਪੰਜਾਬ ਇਸਤਰੀ ਸਭਾ ਦੇ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਇਕ ਸਾਂਝੇ ਬਿਆਨ ਵਿੱਚ ਦੱਸਿਆ ਕਿ



ਪੰਜਾਬ ਇਸਤਰੀ ਸਭਾ ਔਰਤਾਂ ਦਾ ਅੰਤਰਰਾਸ਼ਟਰੀ ਦਿਹਾੜਾ 8 ਮਾਰਚ ਨੂੰ ਸੂਬਾ ਪੱਧਰ ’ਤੇ ਲੁਧਿਆਣਾ ਵਿਖੇ ਈਸੜੂ ਭਵਨ ਵਿੱਚ ਮਨਾਏਗੀ।8 ਮਾਰਚ ਦਾ ਦਿਨ ਔਰਤਾਂ ਦੇ ਸੰਘਰਸ਼ਾਂ ਦਾ ਪ੍ਰਤੀਕ ਹੈ।ਵੈਸੇ ਤਾਂ ਹਜ਼ਾਰਾਂ ਸਾਲਾਂ ਤੋਂ ਔਰਤ ਆਪਣੀ ਆਜ਼ਾਦੀ ਅਤੇ ਆਪਣੇ ਪਰਿਵਾਰ ਵਾਸਤੇ ਖੁਸ਼ਹਾਲ ਸਮਾਜ ਦੀ ਕਲਪਨਾ ਕਰਦੀ ਆਈ ਹੈ ਅਤੇ ਉਸ ਲਈ ਜੂਝਦੀ ਵੀ ਆਈ ਹੈ, ਪ੍ਰੰਤੂ ਲਗਭਗ 150 ਸਾਲ ਪਹਿਲਾਂ ਇਹ ਸੰਘਰਸ਼ ਕਲਾਰਾ ਜੈਟਕਿਨ ਦੀ ਅਗਵਾਈ ਵਿੱਚ ਬਹੁਤ ਤੇਜ਼ ਹੋ ਗਿਆ ਸੀ।ਔਰਤ ਆਪਣੇ ਹੱਕਾਂ ਲਈ ਅਤੇ ਸੋਸ਼ਿਤ ਲੋਕਾਂ ਦੇ ਹੱਕਾਂ ਵਾਸਤੇ ਮੈਦਾਨ ਵਿੱਚ ਆਈ ਸੀ।ਬਹੁਤ ਕੁਰਬਾਨੀਆਂ ਦਿੱਤੀਆਂ ਸੀ ਅਤੇ ਔਰਤਾਂ ਦੇ ਇਸ ਸੰਘਰਸ਼ ਨੂੰ ਸਮਰਪਿਤ ਕੀਤਾ ਗਿਆ ਸੀ ਅੱਠ ਮਾਰਚ ਦਾ ਦਿਹਾੜਾ ਜਿਸਦਾ ਸੁਝਾਅ ਕੌਮਾਂਤਰੀ ਆਗੂ ਕਲਾਰਾ ਜੈਟਕਿਨ ਨੇ ਦਿੱਤਾ ਸੀ।ਪੰਜਾਬ ਇਸਤਰੀ ਸਭਾ ਹਰ ਸਾਲ ਇਸ ਦਿਹਾੜੇ ਨੂੰ ਸ਼ਾਨੋ ਸ਼ੌਕਤ ਨਾਲ ਮਨਾਉਂਦੀ ਹੈ।ਪਿਛਲੇ ਸਾਲਾਂ ’ਚ ਇਹ ਦਿਨ ਜ਼ਿਲ੍ਹਾ ਪੱਧਰ ਤੇ ਮਨਾਇਆ ਜਾਂਦਾ ਸੀ ਜਦੋਂਕਿ ਇਸ ਵਾਰ ਇੱਕ ਪ੍ਰੋਗਰਾਮ ਲੁਧਿਆਣਾ ਵਿਖੇ ਸੂਬੇ ਪੱਧਰ ਦਾ ਕੀਤਾ ਜਾਏਗਾ ਅਤੇ ਜ਼ਿਲ੍ਹਾ ਪੱਧਰ ਤੇ ਪ੍ਰੋਗਰਾਮ ਜ਼ਿਲ੍ਹਿਆਂ ਦੇ ਆਗੂ ਕਰਨਗੇ।ਇਸ ਪ੍ਰੋਗਰਾਮ ਵਿੱਚ ਨੈਸ਼ਨਲ ਪ੍ਰਧਾਨ ਸਈਦਾ ਹਮੀਦ ਸ਼ਿਰਕਤ ਕਰਨਗੇ ਅਤੇ ਵੱਡੀ ਗਿਣਤੀ ਵਿੱਚ ਭੈਣਾਂ ਉਥੇ ਪਹੁੰਚਣਗੀਆਂ।

## ਅਕਾਲੀ ਦਲ ਨੂੰ ਵੱਡਾ ਖੋਰਾ, ਸਵਰਨ ਸਿੰਘ ਮਨੀਮ ਸਾਥੀਆਂ ਸਮੇਤ ‘ਆਪ’ ’ਚ ਸ਼ਾਮਲ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ...

## ਕਾਂਗਰਸੀ ਵਰਕਰਾਂ ਦਾ ਕਾਫਲਾ ਬਰਨਾਲਾ ਰੈਲੀ ਲਈ ਰਵਾਨਾ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਕਾਂਗਰਸ ਪਾਰਟੀ ਦੇ ਤਰਨ ਤਾਰਨ ਹਲਕੇ ਦੇ ਇੰਚਾਰਜ ਕਰਨਬੀਰ ਸਿੰਘ ਬੁਰਜ ਦੀ ਅਗਵਾਈ ਵਿੱਚ ... ਅਤੇ ਵਿਰੋਧੀਆਂ ਨੂੰ ਭਾਜੜਾਂ ਪੈਣਗੀਆਂ।ਇਸ ਸਮੇਂ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਗੱਗੋਬੂਹਾ, ਗੁਰਬਾਜ ਸਿੰਘ ਗਿੱਲ ਕਾਜ਼ੀਕੋਟ, ਬਹਾਲ ਸਿੰਘ ਰਾਮ ...



## ਸੀੜ੍ਹਾ ’ਚ ਬਲਬੀਰ ਸਿੰਘ ਪੰਨੂ ਵੱਲੋਂ ਸੜਕ ਦਾ ਉਦਘਾਟਨ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ...

## ਨਸ਼ਾ ਸਾਡੇ ਸਮਾਜ ਦੀ ਉਹ ਬਿਮਾਰੀ ਹੈ ਜਿਹੜੀ ਇਸ ਨੂੰ ਘੁਣ ਵਾਂਗ ਖੋਖਲਾ ਕਰ ਰਹੀ : ਮੈਡਮ ਕਾਜਲ

**ਧਾਰੀਵਾਲ, (ਮਨਦੀਪ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟ ਕਾਲਜ ਆਫ ਐਜੂਕੇਸ਼ਨ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਯੁੱਧ ਨਸ਼ਿਆ ਵਿਰੁੱਧ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਜੈਪਾਲ ਰਿਸਰਚ ਆਰਗਨਾਈਜੇਸ਼ਨ, ਅੰਮ੍ਰਿਤਸਰ ਵੱਲੋਂ ਸਰਵੇਅਰ ਮੈਡਮ ਕਾਜਲ ਨੇ ਸੈਮੀਨਾਰ ਦੀ ਪ੍ਰਧਾਨਗੀ ਕੀਤੀ। ਉਨ2ਾਂ ਦੁਆਰਾ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਵਿਰੁੱਧ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਪ੍ਰਤੀ ਜਾਗਰੂਕ ਕਰਵਾਇਆ ਗਿਆ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਅਸੀਂ ਸਭ ਮਿਲ ਕੇ ਹੀ ਨਸ਼ਿਆਂ ਨੂੰ ਰੋਕਣ ਵਿਚ ਆਪਣਾ ਯੋਗਦਾਨ ਦੇ ਸਕਦੇ ਹਾਂ।ਨਸ਼ਾ ਸਾਡੇ ਸਮਾਜ ਦੀ ਉਹ



ਬਿਮਾਰੀ ਹੈ ਜਿਹੜੀ ਇਸ ਨੂੰ ਘੁਣ ਵਾਂਗ ਖੋਖਲਾ ਕਰ ਰਹੀ ਹੈ।ਇਸ ਮੌਕੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਐੱਮ ਡੀ ਪਰਮਿੰਦਰ ਕੌਰ ਚਾਹਲ, ਪ੍ਰਿੰਸੀਪਲ ਕਿਰਨ ਕੇਸਰ ਨੇ ਵੀ ਸ਼ਮੂਲੀਅਤ ਕੀਤੀ।ਆਈ ਟੀ ਆਈ ਪ੍ਰਿੰਸੀਪਲ ਪ੍ਰੀਤਮ ਸਿੰਘ, ਇੰਸਟਰਕਟਰ ਮਨਦੀਪ ਸਿੰਘ ਅਤੇ ਉਨ੍ਹਾਂ ਦੇ ਸਮੂਹ ਟਰੇਡਾਂ ਦੇ ਵਿਦਿਆਰਥੀ ਇਸ ਸੈਮੀਨਾਰ ਵਿਚ ਹਾਜ਼ਰ ਸਨ।ਇਸ ਸੈਮੀਨਾਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਪ੍ਰਿੰਸੀਪਲ ਮਨਦੀਪ ਕੌਰ, ਆਫਿਸ਼ੀਏਟਿੰਗ ਡਾ. ਜੀਵਨ ਜੋਤੀ, ਅਸਿਸਟੈਂਟ ਪ੍ਰੋਫੈਸਰ ਗਗਨਦੀਪ ਕੌਰ, ਰਜਨੀ ਰਾਵਤ, ਹਰਨੀਤ ਕੌਰ ਸ਼ਾਮਿਲ ਸਨ।

## ਸੰਧਵਾਂ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮੈਂਬਰਾਂ ਨੂੰ ਚੁਕਾਈ ਸਹੁੰ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਵ-ਨਿਯੁਕਤ ਸਮੂਹ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮੈਂਬਰਾਂ ਨੂੰ ਅਹੁਦੇ ਦੀ ਸਹੁੰ ਚੁਕਾਈ।ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਹੁੰ ਚੁੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਰਾਜਨੀਤੀ ਕੋਈ ਕਿੱਤਾ ਨਹੀਂ, ਸਗੋਂ ਸਭ ਤੋਂ ਵੱਡੀ ਲੋਕ ਸੇਵਾ ਹੈ।ਉਨ੍ਹਾਂ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਸਾਡੇ ਲੋਕਤੰਤਰ ਦੀ ਨੀਂਹ ਹਨ, ਜੋ ਪਿੰਡਾਂ ਦੇ ਵਿਕਾਸ ਦੀ ਰੂਪ-ਰੇਖਾ ਤੈਅ ਕਰਦੀਆਂ ਹਨ।ਉਨ੍ਹਾਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸੌੜੀ ਰਾਜਨੀਤੀ ਤੋਂ ਉੱਪਰ ਉੱਠ ਕੇ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਨੂੰ ਹਰ ਲੋੜਵੰਦ ਦੇ ਬੂਹੇ ਤੱਕ ਪੁਚਾਉਣ। ਉਨ੍ਹਾਂ ਭਰੋਸਾ ਦਿੱਤਾ ਕਿ ਲੋਕ ਹਿੱਤ ਦੇ ਕੰਮਾਂ ਲਈ ਉਹ ਦਿਨ-ਰਾਤ ਸੇਵਾ ਵਿੱਚ ਹਾਜ਼ਰ ਹਨ।ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਨਵੇਂ ਚੁਣੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਲੋਕਾਂ ਨੇ ਉਨ੍ਹਾਂ 'ਤੇ ਜੋ ਭਰੋਸਾ ਜਤਾਇਆ ਹੈ, ਉਸ ਨੂੰ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਨਿਭਾਇਆ ਜਾਵੇ।ਉਨ੍ਹਾਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ, ਨਵੀਂਆਂ ਭਰਤੀਆਂ ਤੇ ਆਧੁਨਿਕ ਮਸ਼ੀਨਰੀ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਦੂਜੇ ਪਾਸੇ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਚੋਣਾਂ ਜਿੱਤਣ ਤੋਂ ਬਾਅਦ ਨੁਮਾਇੰਦਾ ਕਿਸੇ ਇੱਕ ਪਾਰਟੀ ਦਾ ਨਹੀਂ, ਬਲਕਿ ਪੂਰੇ ਇਲਾਕੇ ਦਾ ਸਾਂਝਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਵਿੱਚ ਇਨ੍ਹਾਂ ਮੈਂਬਰਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ।

## ਬਾਉਲੀ ਮੰਦਰ ਨਜ਼ਦੀਕ ਖਾਲੀ ਪਈ ਜਗ੍ਹਾ 'ਚ ਪਾਰਕ ਬਣਾਉਣ ਦੀ ਮੰਗ



**ਕੋਟ ਈਸੇ ਖਾਂ (ਅਰੋੜਾ)**-ਮਸੀਤਾਂ ਰੋਡ ਨੇੜੇ ਬਾਉਲੀ ਮੰਦਰ ਕੋਲ ਪਈ ਜਗ੍ਹਾ 'ਤੇ ਪਿਛਲੇ ਕਈ ਸਾਲਾਂ ਤੋਂ ਰੂੜੀਆਂ ਵਗੈਰਾ ਲੱਗੀਆਂ ਹੋਈਆਂ ਸਨ, ਜਿਸ ਤੋਂ ਬਾਅਦ ਰੂੜੀਆਂ ਨੂੰ ਸਾਫ਼ ਕਰਾ ਕੇ ਚਾਰਦੀਵਾਰੀ ਕੀਤੀ ਗਈ ਸੀ, ਪਰ ਕਾਫੀ ਸਾਲ ਲੰਘਣ ਦੇ ਬਾਵਜੂਦ ਉੱਥੇ ਕੋਈ ਪਾਰਕ ਨਹੀਂ ਬਣੀ, ਜਿਸ ਕਰਕੇ ਆਸ-ਪਾਸ ਦੇ ਦੁਕਾਨਦਾਰਾਂ ਤੇ ਮੁਹੱਲਾ ਵਾਸੀਆਂ ਦੀ ਮੰਗ ਹੈ ਕਿ ਇਸ ਖਾਲੀ ਪਈ ਜਗ੍ਹਾ ਵਿੱਚ ਸਾਫ ਸਫਾਈ ਕਰਾ ਕੇ ਅਤੇ ਬੂਟੇ ਵਗੈਰਾ ਲਾ ਕੇ ਪਾਰਕ ਦਾ ਨਿਰਮਾਣ ਕਰਾਇਆ ਜਾਵੇ ਤਾਂ ਜੁ ਇਥੇ ਸਵੇਰ ਦੇ ਨਾਲ-ਨਾਲ ਛੋਟੇ ਬੱਚਿਆਂ ਤੇ ਬਜ਼ੁਰਗਾਂ ਲਈ ਸੈਰਗਾਹ ਲਈ ਸੁਵਿਧਾ ਬਣ ਸਕੇ ਮੁਹੱਲਾ ਵਾਸੀਆਂ ਦੀ ਹਲਕਾ ਵਿਧਾਇਕ ਤੇ ਸੰਬੰਧਿਤ ਮਹਿਕਮੇ ਤੋਂ ਮੰਗ ਹੈ ਕਿ ਇਸ ਜਗ੍ਹਾ ਦੀ ਸਫਾਈ ਕਰਾ ਕੇ ਪਾਰਕ ਬਣਾਈ ਜਾਵੇ, ਜਿਸ ਵਿੱਚ ਬੈਠਕਾਂ, ਲਾਈਟਾਂ ਅਤੇ ਬੂਟੇ ਲਾਏ ਜਾਣ ਤਾਂ ਕਿ ਸ਼ਹਿਰ ਦੀ ਸੁੰਦਰਤਾ ਤਾਂ ਵਧੇਗੀ।ਉਨ੍ਹਾਂ ਕਿਹਾ ਕਿ ਜਗ੍ਹਾ ਸਾਫ ਸੁਥਰੀ ਹੋਣ ਨਾਲ ਗੰਦਗੀ ਤੋਂ ਵੀ ਛੁਟਕਾਰਾ ਮਿਲੇਗਾ। ਜਦੋਂ ਨਗਰ ਪੰਚਾਇਤ ਦੇ ਪ੍ਰਧਾਨ ਸੁਮਿਤ ਕੁਮਾਰ ਬਿੱਟੂ ਮਲਹੋਤਰਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੁਹੱਲਾ ਨਿਵਾਸੀ ਦੀ ਮੰਗ ਬਿਲਕੁਲ ਜਾਇਜ਼ ਹੈ ਤੇ ਧਾਰਮਿਕ ਸਥਾਨ ਬਾਉਲੀ ਮੰਦਰ ਦੇ ਨਜ਼ਦੀਕ ਚਾਰਦੀਵਾਰੀ ਕੀਤੀ ਜਗ੍ਹਾ 'ਤੇ ਪਾਰਕ ਬਣਨਾ ਜਾਇਜ਼ ਹੈ।ਮੇਰੇ ਵੱਲੋਂ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨਾਲ ਗੱਲਬਾਤ ਕਰਕੇ ਸ਼ਹਿਰ ਵਾਸੀਆਂ ਦੀ ਮੰਗ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਾਇਆ ਜਾਵੇਗਾ।

## ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸਾਲਾਨਾ ਅਥਲੈਟਿਕਸ ਮੀਟ ਕਰਾਈ



**ਧੂਰੀ (ਮਨੋਹਰ ਸਿੰਘ ਸੱਗੂ)**-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਇਕਰੋਜ਼ਾ ਸਾਲਾਨਾ ਅਥਲੈਟਿਕਸ ਮੀਟ ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦੀ ਅਗਵਾਈ ਵਿੱਚ ਕਰਾਈ ਗਈ।ਖੇਡ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਲਘੂ ਉਦਯੋਗ ਤੇ ਨਿਰਯਾਤ ਨਿਗਮ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਸਿੱਖਿਆ ਤੇ ਖੇਡਾਂ ਨੂੰ ਉਤਸ਼ਾਹਿਤ ਕਰਨਾ ਸਰਕਾਰ ਦਾ ਇੱਕ ਟੀਚਾ ਹੈ। ਇਸ ਲਈ ਕਾਲਜ ਲੋੜਾਂ ਨੂੰ ਪੂਰਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਕਾਲਜ ਵਿਖੇ ਆਡੀਟੋਰੀਅਮ ਦੀ ਉਸਾਰੀ ਜਲਦ ਸ਼ੁਰੂ ਕੀਤੀ ਜਾਵੇਗੀ ਤੇ ਕਾਲਜ ਦੇ ਸਾਰੇ ਹੀ ਕਲਾਸ ਰੂਮ ਸਮਾਰਟ ਕਲਾਸ ਰੂਮ ਬਣਾਏ ਜਾਣਗੇ।ਵਿਦਿਆਰਥੀ ਆਪਣਾ ਮੰਤਵ ਬਣਾ ਕੇ ਲਗਨ ਤੇ ਮਿਹਨਤ ਨਾਲ ਸਿੱਖਿਆ ਪ੍ਰਾਪਤ ਕਰਨ ਤੇ ਖੇਡਾਂ 'ਚ ਭਾਗ ਲੈਣ ਤੇ ਆਪਣੀ ਸੰਸਥਾ ਤੇ ਹਲਕੇ ਦਾ ਨਾਂਅ ਰੌਸ਼ਨ ਕਰਨ।ਸਰੀਰਕ ਸਿੱਖਿਆ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਸੰਜੀਵ ਦੱਤਾ ਨੇ ਕਿਹਾ ਕਿ ਇਸ ਸਾਲਾਨਾ ਖੇਡ ਸਮਾਰੋਹ 'ਚ ਲੜਕੇ-ਲੜਕੀਆਂ ਦੀ ਰੇਸ, ਰਿਲੇਅ, ਲੰਮੀ ਛਾਲ, ਡਿਸਕਸ, ਗੋਲਾ ਸੁੱਟਣਾ, ਰੱਸਾਕਸ਼ੀ ਤੇ ਤਿੰਨ ਟੰਗੀ ਰੇਸ ਆਦਿ ਖੇਡਾਂ ਕਰਾਈਆਂ ਗਈਆਂ।ਲੜਕਿਆਂ 'ਚੋਂ ਸਰਵੋਤਮ ਅਥਲੀਟ ਬੀ.ਏ. ਭਾਗ ਪਹਿਲਾ ਦੇ ਬਿਕਰਮ ਸਿੰਘ, ਲੜਕੀਆਂ 'ਚੋਂ ਸਰਵੋਤਮ ਅਥਲੀਟ ਐੱਮ.ਏ. ਇਤਿਹਾਸ ਭਾਗ ਪਹਿਲਾ ਦੀ ਪ੍ਰੀਤੀ ਕੌਰ, ਸ਼ਹੀਦ ਭਗਤ ਸਿੰਘ ਹਾਊਸ ਨੂੰ ਸਰਵੋਤਮ ਹਾਊਸ ਤੇ ਸਰਵੋਤਮ ਮਾਰਚ ਪਾਸਟ ਸ਼ਹੀਦ ਸੁਖਦੇਵ ਹਾਊਸ ਨੂੰ ਐਲਾਨਿਆ ਗਿਆ। ਇਨਾਮ ਵੰਡ ਸਮਾਰੋਹ ਦੌਰਾਨ ਸ੍ਰੀ ਅਸ਼ੋਕ ਕੁਮਾਰ ਲੱਖਾ, ਚੇਅਰਮੈਨ, ਪੰਜਾਬ ਗਊ ਸੇਵਾ ਕਮਿਸ਼ਨ ਸ਼ਾਮਲ ਹੋਏ।ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਤੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

## ਮੁੱਖ ਸਕੱਤਰ ਦੇ ਨਾਂਅ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਸੱਦੇ ਅਨੁਸਾਰ ਹਿੰਦੋਸਤਾਨ ਪੱਧਰ 'ਤੇ ਮੰਗਾਂ ਸਬੰਧੀ ਮੰਗ ਚਾਰਟ ਦਿਵਸ ਮਨਾਉਂਦੇ ਹੋਏ ਪ੍ਰਮੁੱਖ ਸਕੱਤਰ ਦੇ ਨਾਂਅ ਡਿਪਟੀ ਕਮਿਸ਼ਨਰ ਰਾਹੀਂ ਜ਼ਿਲ੍ਹਾ ਪ੍ਰਧਾਨ ਬਿੱਕਰ ਸਿੰਘ ਮਾਖਾ ਦੀ ਅਗਵਾਈ ਹੇਠ ਮੰਗ ਪੱਤਰ ਭੇਜਿਆ।ਮੰਗ ਪੱਤਰ ਦਿੰਦਿਆਂ ਸਮੇਂ ਹਿੰਮਤ ਸਿੰਘ ਦੂਲੋਵਾਲ, ਹਰਬੰਸ ਸਿੰਘ ਫਰਵਾਹੀ, ਗੁਰਸੇਵਕ ਸਿੰਘ ਭੀਖੀ, ਸੁਰਜੀਤ ਸਿੰਘ ਯਾਦਵ ਆਗੂ ਸਾਥੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਠੇਕੇ 'ਤੇ ਕੰਮ ਕਰਦੇ ਮੁਲਾਜ਼ਮ ਪੱਕੇ ਕੀਤੇ ਜਾਣ, ਖਾਲੀ ਅਸਾਮੀਆਂ 'ਤੇ ਪੱਕੀ ਭਰਤੀ ਕੀਤੀ ਜਾਵੇ, ਐਫ਼ ਡੀ ਆਰ ਡੀ ਏ ਬਿਲ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਮੁੜ ਬਹਾਲ ਕੀਤੀ ਜਾਵੇ।ਚਾਰੇ ਲੇਬਰ ਕੋਡ ਕਨੂੰਨ ਰੱਦ ਕੀਤੇ ਜਾਣ, ਸਮੂਹ ਵਿਭਾਗਾਂ 'ਚ ਪੱਕੀ ਭਰਤੀ ਕੀਤੀ ਜਾਵੇ ਤੇ ਮਹਿੰਗਾਈ ਭੱਤੇ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ ਤੇ ਰਹਿੰਦਾ ਬਕਾਇਆ ਵੀ ਜਾਰੀ ਕੀਤਾ ਜਾਵੇ। ਇਸ ਦੇ ਨਾਲ ਹੀ ਹੋਰ ਮੰਗਾਂ ਜੋ ਮੰਗ ਪੱਤਰ 'ਚ ਅੰਕਿਤ ਹਨ ਵੀ ਪੂਰੀਆਂ ਕੀਤੀਆਂ ਜਾਣ, ਅਜਿਹਾ ਨਾ ਹੋਣ ਦੀ ਸੂਰਤ 'ਚ ਸੂਬਾਈ ਕਮੇਟੀ ਵੱਲੋਂ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ।

## ਸਿੱਖਿਆ ਕ੍ਰਾਂਤੀ ਤਹਿਤ 19 ਕੰਪਿਊਟਰ ਤੇ 2 ਟੱਚ ਪੈਨਲ ਦਿੱਤੇ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੇ ਉਜਵਲ ਭਵਿੱਖ ਲਈ ਕੰਮ ਕਰਦੇ 19 ਕੰਪਿਊਟਰ ਤੇ 2 ਟੱਚ ਪੈਨਲ ਦਿੱਤੇ ਗਏ। ਆਮ ਆਦਮੀ ਪਾਰਟੀ ਦੇ ਆਗੂ ਚੇਅਰਮੈਨ ਟਰੇਡ ਬੋਰਡ ਕਮਿਸ਼ਨ ਸ੍ਰੀ ਰਾਮ ਕੁਮਾਰ ਭੁਟਾਲੀਆ, ਸਾਬਕਾ ਨਗਰ ਕੌਂਸਲਰ ਯਾਦਵਿੰਦਰ ਨਿਰਮਾਣ, ਮਨਪ੍ਰੀਤ ਬਾਂਸਲ ਤੇ ਕੋਆਰਡੀਨੇਟਰ ਐਜੂਕੇਸ਼ਨ ਵਿੰਗ ਕੁਲਬੀਰ ਭੰਗੂ ਸਮੇਤ ਕਈ ਆਪ ਆਗੂ ਮੌਜੂਦ ਰਹੇ। 'ਆਪ' ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੇ ਲਈ ਕੰਮ ਕੀਤਾ ਜਾ ਰਿਹਾ ਹੈ ਤੇ ਅੱਜ ਪੰਜਾਬ ਸਰਕਾਰ ਵੱਲੋਂ ਭੇਜੇ ਗਏ 19 ਕੰਪਿਊਟਰ ਤੇ 2 ਟੱਚ ਪੈਨਲ ਇੱਥੇ ਦਿੱਤੇ ਗਏ ਹਨ ਤੇ ਆਉਣ ਵਾਲੇ ਸਮੇਂ ਦੇ ਵਿੱਚ ਜੋ ਵੀ ਕੋਈ ਹੋਰ ਜ਼ਰੂਰਤ ਹੋਵੇਗੀ, ਉਸ ਮੁਤਾਬਕ ਸਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੈਬਿਨਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਹਲਕੇ ਦੇ ਵਿਕਾਸ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਸਿੱਖਿਆ ਤੇ ਸਿਹਤ ਕ੍ਰਾਂਤੀ ਨੂੰ ਲੈ ਕੇ ਵੱਡੇ ਪੱਧਰ 'ਤੇ ਸ੍ਰੀ ਅਮਨ ਅਰੋੜਾ ਵੱਲੋਂ ਕੰਮ ਕੀਤਾ ਜਾ ਰਿਹਾ ਹੈ।

## ਦੀਪਤਾ ਨੰਦ ਅਵਦੂਤ ਆਸ਼ਰਮ ਵਿਖੇ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ



**ਸਮਰਾਲਾ (ਸੁਰਜੀਤ ਸਿੰਘ)**-ਦੀਪਤਾ ਨੰਦ ਅਵਦੂਤ ਆਸ਼ਰਮ ਚੱਕ ਮਾਫੀ ਸ੍ਰੀ 1008 ਸਵਾਮੀ ਦੀਪਤਾ ਨੰਦ ਅਵਦੂਤ ਜੀ ਦੇ ਅਸ਼ੀਰਵਾਦ ਸਦਕਾ ਸਵਾਮੀ ਕ੍ਰਿਸ਼ਨਾ ਨੰਦ ਤੇ ਸਵਾਮੀ ਅੰਮ੍ਰਿਤਾ ਨੰਦ ਸਵਾਮੀ ਜਤਿੰਦਰਾ ਨੰਦ ਤੇ ਸੰਜੇ ਬ੍ਰਹਮਚਾਰੀ ਦੀ ਅਗਵਾਈ 'ਚ ਸ਼ੰਕਰਾ ਅੱਖਾਂ ਦੇ ਹਸਪਤਾਲ ਲੁਧਿਆਣਾ ਵੱਲੋਂ 350 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 100 ਦੇ ਕਰੀਬ ਮਰੀਜ਼ਾਂ ਦੇ ਅੱਖਾਂ ਦੇ ਆਪ੍ਰੇਸ਼ਨ ਕੀਤੇ ਗਏ।ਸਵਾਮੀ 1008 ਅੰਮ੍ਰਿਤਾ ਨੰਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਨਣੀ ਦੀ ਹਰ ਨੌਵੀਂ ਮੌਕੇ ਪਿਛਲੇ 15 ਸਾਲਾਂ ਤੋਂ ਸ਼ੰਕਰ ਆਈ ਹਸਪਤਾਲ ਲੁਧਿਆਣਾ ਦੇ ਮੁਖੀ ਡਾਕਟਰ ਮਨੋਜ ਗੁਪਤਾ ਦੀ ਅਗਵਾਈ 'ਚ ਕੈਂਪ ਲਗਾਇਆ ਜਾਂਦਾ ਹੈ ਤੇ ਮਰੀਜ਼ਾਂ ਨੂੰ ਬੱਸਾਂ ਰਾਹੀਂ ਹਸਪਤਾਲ ਲੈ ਕੇ ਜਾਣ ਤੇ ਆਉਣ ਦੇ ਵੀ ਪ੍ਰਬੰਧ ਡੇਰੇ ਵੱਲੋਂ ਕੀਤੇ ਜਾਂਦੇ ਹਨ। ਇਸ ਕੈਂਪ ਵਿੱਚ ਡਾ: ਜੈਸ਼ਾ ਗੁਪਤਾ ਆਈ ਸਰਜਨ ਵੱਲੋਂ 350 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ 100 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕੀਤੇ ਗਏ।

## ਮਹਿਲਾ ਕਾਂਗਰਸ ਵੱਲੋਂ ਮੋਦੀ ਸਰਕਾਰ ਵਿਰੁੱਧ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼ੁੱਕਰਵਾਰ ਪਟਿਆਲਾ ਵਿਖੇ ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਜ਼ਿਲ੍ਹਾ ਮਹਿਲਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰੇਖਾ ਅਗਰਵਾਲ ਤੇ ਦਿਹਾਤੀ ਪ੍ਰਧਾਨ ਭੁਪਿੰਦਰ ਕੌਰ ਕੌਰਜੀਵਾਲਾ ਦੀ ਅਗਵਾਈ ਹੇਠ ਰੱਖੇ ਰੋਸ ਪ੍ਰਦਰਸ਼ਨ ਵਿੱਚ ਸ਼ਿਰਕਤ ਕੀਤੀ ਗਈ, ਜਿਸ ਵਿੱਚ ਮਹਿਲਾਵਾਂ ਨੇ ਚਿੱਟੀਆਂ ਟੀ-ਸ਼ਰਟਾਂ ਪਾ ਕੇ ਮੋਦੀ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਜ਼ਿਲ੍ਹਾ ਕਾਂਗਰਸ ਪਟਿਆਲਾ ਦਿਹਾਤੀ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਐਪਸਟੀਨ ਫਾਇਲ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੂੰਜੀਪਤੀ ਗੌਤਮ ਅਡਾਨੀ ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦਾ ਨਾਮ ਆਉਣ ਤੋਂ ਬਾਅਦ ਮੋਦੀ ਸਰਕਾਰ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਆਪਣੇ ਆਪ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ।ਇਸ ਮੌਕੇ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਨਾਲ ਵਪਾਰ ਸਮਝੌਤਾ ਕਰਕੇ ਇੱਕ ਵਾਰ ਫਿਰ ਤਿੰਨ ਕਾਲੇ ਕਾਨੂੰਨਾਂ ਵਾਂਗ ਕਿਸਾਨ ਮਾਰੂ ਹੋਣ ਦਾ ਸਬੂਤ ਦਿੱਤਾ ਹੈ। ਗੁਰਸ਼ਰਨ ਰੰਧਾਵਾ ਨੇ ਕਿਹਾ ਕਿ ਮੋਦੀ ਸਰਕਾਰ ਅਮਰੀਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲੀ ਸਰਕਾਰ ਨੇ ਦੇਸ਼ ਦੇ ਹਿੱਤਾਂ ਨੂੰ ਵਿਦੇਸ਼ੀ ਤਾਕਤਾਂ ਅੱਗੇ ਗੋਡੇ ਟੇਕ ਕੇ ਖਤਰੇ ਵਿੱਚ ਪਾ ਦਿੱਤਾ ਹੈ।ਉਨ੍ਹਾਂ ਕਾਂਗਰਸ ਦੇ ਰਾਜ ਦੀ ਮਿਸਾਲ ਦਿੰਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਾਂ ਮਨਮੋਹਨ ਸਿੰਘ ਨੇ ਕਦੇ ਅਮਰੀਕਾ ਅੱਗੇ ਸਿਰ ਨਹੀਂ ਝੁਕਾਇਆ, ਪਰ ਮੋਦੀ ਸਰਕਾਰ ਦੀਆਂ ਵਿਦੇਸ਼ੀ ਨੀਤੀਆਂ ਕਾਰਨ ਭਾਰਤ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ ਹੈ ਅਤੇ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ, ਕਿਉਂਕਿ ਪਾਕਿਸਤਾਨ ਵਿਰੁੱਧ ਅੰਤਰਰਾਸ਼ਟਰੀ ਸਮਰਥਨ ਜੁਟਾਉਣ 'ਚ ਭਾਰਤ ਅਸਫਲ ਰਿਹਾ ਹੈ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੇਸ਼ ਦੇ ਹਿੱਤਾਂ ਦੀ ਲੜਾਈ ਲੜ ਰਹੇ ਹਨ, ਪਰ ਸਰਕਾਰ ਉਨ੍ਹਾਂ ਨੂੰ ਦਬਾਉਣ 'ਚ ਲੱਗੀ ਹੋਈ ਹੈ।ਇਸ ਮੌਕੇ ਰੇਖਾ ਅਗਰਵਾਲ ਤੇ ਭੁਪਿੰਦਰ ਕੌਰ ਕੌਰਜੀਵਾਲਾ ਨੇ ਕਿਹਾ ਕਿ ਲੋਕਤੰਤਰ ਰਾਜ ਵਿੱਚ ਪ੍ਰਦਰਸ਼ਨ ਕਰਨਾ ਸਭ ਦਾ ਹੱਕ ਹੈ, ਪਰ ਮੋਦੀ ਸਰਕਾਰ ਯੂਥ ਕਾਂਗਰਸ ਤੇ ਮਹਿਲਾ ਕਾਂਗਰਸ ਦੇ ਆਗੂਆਂ ਖਿਲਾਫ ਨਾਜਾਇਜ਼ ਪਰਚੇ ਦਰਜ ਕਰਕੇ ਵਿਰੋਧ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੇ ਹਨ।ਇਸ ਰੋਸ ਪ੍ਰਦਰਸ਼ਨ ਵਿੱਚ ਸਾਬਕਾ ਵਿਧਾਇਕ ਸ੍ਰੀ ਮਦਨ ਲਾਲ ਜਲਾਲਪੁਰ, ਮਨਦੀਪ ਕੌਰ ਚੌਹਾਨ, ਪ੍ਰਿੰਸੀਪਲ ਅਮਰਜੀਤ ਕੌਰ, ਯਾਮਨੀ ਵਰਮਾ, ਲਤਾ ਵਰਮਾ, ਪਰਮਜੀਤ ਕੌਰ ਸੂਲਰ, ਡਿੰਪਲ ਗਿੱਲ, ਪੁਸ਼ਪਾ ਗਿੱਲ, ਪੱਲਵੀ ਜੈਨ, ਸ਼ਿੰਦਰ ਕੌਰ ਧਬਲਾਨ, ਬਲਵਿੰਦਰ ਕੌਰ ਨਿਆਲ, ਗੁਰਮੀਤ ਕੌਰ, ਰੇਨੂੰ ਯਾਦਵ, ਗੁਰਪ੍ਰੀਤ ਵੈਦਵਾਨ ਪੀਏ, ਕਾਲ਼ਾ ਬਠੋਈ ਵੀ ਹਾਜ਼ਰ ਰਹੇ।

## ਦੋਹਰੇ ਕਤਲ ਕਾਂਡ ਦੀ ਪੁਲਸ ਵੱਲੋਂ ਬਾਰੀਕੀ ਨਾਲ ਜਾਂਚ ਜਾਰੀ, ਜਲਦ ਕੀਤੇ ਜਾਣਗੇ ਦੋਸ਼ੀ ਕਾਬੂ : ਐੱਸ ਐੱਸ ਪੀ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਜ਼ਿਲ੍ਹਾ ਪੁਲਸ ਵੱਲੋਂ ਸਰਦੂਲਗੜ੍ਹ ਦੇ ਇੱਕ ਫਾਰਮ ਹਾਊਸ ਵਿੱਚ ਹੋਏ ਦੋਹਰੇ ਕਤਲ ਦੀ ਗੁੱਥੀ ਸੁਲਝਾਉਣ ਲਈ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ।ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਇਸ ਘਟਨਾ ਦੀ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ।ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਮਿਲੀ ਸੂਚਨਾ ਤੋਂ ਤੁਰੰਤ ਬਾਅਦ ਡੀ.ਐੱਸ.ਪੀ. ਤੇ ਐੱਸ.ਐੱਚ.ਓ. ਸਮੇਤ ਉਨ੍ਹਾ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜ਼ਾ ਲਿਆ।ਸ੍ਰੀ ਮੀਨਾ ਨੇ ਦੱਸਿਆ ਕਿ ਘਟਨਾ ਦੀ ਜਾਂਚ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ।ਇਹ ਟੀਮਾਂ ਸਾਇੰਟਿਫਿਕ ਤੇ ਤਕਨੀਕੀ ਤਰੀਕਿਆਂ ਨਾਲ ਸਬੂਤ ਜੁਟਾ ਰਹੀਆਂ ਹਨ। ਐੱਸ.ਐੱਸ.ਪੀ. ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਪਰਿਵਾਰਕ ਮੈਂਬਰਾਂ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਵੀ ਕੋਈ ਪੁਰਾਣੀ ਰੰਜਿਸ਼ ਨਹੀਂ ਸੀ।ਐੱਸ.ਐੱਸ.ਪੀ. ਮੀਨਾ ਨੇ ਦੱਸਿਆ ਕਿ ਪੁਲਸ ਵੱਲੋਂ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਪੁਲਸ ਪੂਰੀ ਮੁਸ਼ਤੈਦੀ ਨਾਲ ਕੰਮ ਕਰ ਰਹੀ ਹੈ ਤੇ ਜਲਦ ਕਤਲ ਦੇ ਕਾਰਨਾਂ ਨੂੰ ਸਪੱਸ਼ਟ ਕਰਕੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜਿਆ ਜਾਵੇਗਾ।

## ਮਾਰਕੀਟ ਕਮੇਟੀ ਦੇ ਚੇਅਰਮੈਨ ਨੇ ਦਿੱਤਾ ਅਸਤੀਫਾ



**ਬਰੇਟਾ (ਰੀਤਵਾਲ)**-ਸਥਾਨਕ ਮਾਰਕੀਟ ਕਮੇਟੀ ਦੇ ਚੇਅਰਮੈਨ ਚਮਕੌਰ ਸਿੰਘ ਖੁਡਾਲ ਵੱਲੋਂ ਸੋਸ਼ਲ ਮੀਡੀਆ ਦੇ ਰਾਹੀਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਪੋਸਟ ਪਾ ਕੇ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਆਪਣੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।ਦੱਸਣਯੋਗ ਹੈ ਕਿ ਚਮਕੌਰ ਸਿੰਘ ਖੁਡਾਲ ਆਪ ਪਾਰਟੀ ਦੇ ਬਹੁਤ ਹੀ ਸਰਗਰਮ ਆਗੂ ਹਨ, ਜਿਨਾਂ ਨੂੰ ਹਲਕਾ ਵਿਧਾਇਕ ਬੁੱਧ ਰਾਮ ਦੀ ਸੱਜੀ ਬਾਂਹ ਵੀ ਆਖਿਆ ਜਾਂਦਾ ਹੈ।ਚੇਅਰਮੈਨ ਦੁਆਰਾ ਦਿੱਤੇ ਗਏ ਅਸਤੀਫੇ ਤੋਂ ਬਾਅਦ ਹਲਕੇ ਬੁਢਲਾਡਾ ਵਿੱਚ ਇਹ ਚਰਚਾ ਛਿੜ ਗਈ ਹੈ ਕਿ ਅਜਿਹੀ ਚੇਅਰਮੈਨ ਦੀ ਕੀ ਮਜਬੂਰੀ ਬਣ ਗਈ ਕਿ ਉਸ ਨੂੰ ਇੱਕੋ ਦਮ ਏਨੇ ਵੱਡੇ ਅਹੁਦੇ ਤੋਂ ਅਸਤੀਫਾ ਦੇਣਾ ਪੈ ਗਿਆ ?

## ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਦੇ ਨਵਨਿਯੁਕਤ ਮੈਂਬਰਾਂ ਨੇ ਚੁੱਕੀ ਸਹੁੰ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬੱਚਤ ਭਵਨ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਨਵੇਂ ਚੁਣੇ ਗਏ ਮੈਂਬਰਾਂ ਲਈ ਇੱਕ ਵਿਸ਼ੇਸ਼ ਜ਼ਿਲ੍ਹਾ ਪੱਧਰੀ ਸਹੁੰ ਚੁੱਕ ਸਮਾਗਮ ਕਰਾਇਆ ਗਿਆ।ਜ਼ਿਲ੍ਹੇ ਦੇ ਤਿੰਨੋਂ ਵਿਧਾਇਕਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਤੇ ਨਵੇਂ ਚੁਣੇ ਨੁਮਾਇੰਦਿਆਂ ਨੂੰ ਸੰਵਿਧਾਨ ਪ੍ਰਤੀ ਸੱਚੀ ਸ਼ਰਧਾ, ਭਾਰਤ ਦੀ ਪ੍ਰਭੂ ਸੱਤਾ ਤੇ ਅਖੰਡਤਾ ਨੂੰ ਕਾਇਮ ਰੱਖਣ, ਬਿਨਾਂ ਕਿਸੇ ਡਰ, ਪੱਖਪਾਤ, ਸੰਦੇਹ ਜਾਂ ਮਾੜੀ ਭਾਵਨਾ ਦੇ, ਭਾਰਤ ਦੇ ਸੰਵਿਧਾਨ ਤੇ ਕਾਨੂੰਨ ਮੁਤਾਬਿਕ ਨਿਆਂ ਕਰਨ ਦੀ ਸਹੁੰ ਚੁਕਾਈ ਗਈ।ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਨਵੇਂ ਚੁਣੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਵਚਨਬੱਧ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਪੇਂਡੂ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਇਹ ਚੋਣਾਂ ਪੂਰੀ ਤਰ੍ਹਾਂ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚੜ੍ਹੀਆਂ ਸਨ, ਪਰ ਹੁਣ ਚੁਣੇ ਗਏ ਨੁਮਾਇੰਦਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਅਤੇ ਜ਼ਿੰਮੇਵਾਰੀ ਦੀ ਭਾਵਨਾ ਨਾਲ ਸਮੁੱਚੇ ਲੋਕਾਂ ਦੀ ਸੇਵਾ ਕਰਨ।ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਮਾਨਸਾ ਜ਼ਿਲ੍ਹਾ ਪਹਿਲਾਂ ਹੀ ਵਿੱਦਿਆ, ਖੇਡਾਂ ਤੇ ਸਮਾਜਿਕ ਖੇਤਰਾਂ 'ਚ ਮੋਹਰੀ ਰਿਹਾ ਹੈ ਅਤੇ ਨਵੇਂ ਬਣੇ ਮੈਂਬਰਾਂ ਦਾ ਫ਼ਰਜ਼ ਹੈ ਕਿ ਉਹ ਆਪੋ-ਆਪਣੇ ਇਲਾਕਿਆਂ 'ਚ ਰਿਕਾਰਡ ਤੋੜ ਵਿਕਾਸ ਕਰਾ ਕੇ ਜ਼ਿਲ੍ਹੇ ਨੂੰ ਵਿਕਾਸ ਪੱਖੋਂ ਵੀ ਸੂਬੇ ਚੋਂ ਪਹਿਲੇ ਨੰਬਰ 'ਤੇ ਲੈ ਕੇ ਆਉਣ।ਸਮਾਗਮ ਦੌਰਾਨ ਏ.ਡੀ.ਸੀ. (ਵਿਕਾਸ) ਆਕਾਸ਼ ਬਾਂਸਲ ਨੇ ਨਵੇਂ ਚੁਣੇ ਮੈਂਬਰਾਂ ਨੂੰ ਸਹੁੰ ਚੁਕਾਉਣ ਦੀ ਰਸਮ ਅਦਾ ਕੀਤੀ। ਉਨ੍ਹਾਂ ਸਾਰੇ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਵਿਸ਼ਵਾਸ ਵੀ ਦਿੱਤਾ।ਸਹੁੰ ਚੁੱਕਣ ਵਾਲੇ ਮੈਂਬਰਾਂ 'ਚ ਸ਼ਾਮਲ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚੁਸ਼ਪਿੰਦਰਬੀਰ ਸਿੰਘ ਚਹਿਲ ਨੇ ਕਿਹਾ ਕਿ ਸਰਕਾਰ ਦੀਆਂ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਮਹੰਤ ਕਿਰਨ ਹਠੂਰ ਵੱਲੋਂ 19 ਧੀਆਂ ਦੇ ਸਮੂਹਕ ਵਿਆਹ

### ■ ਡਾ: ਗੁਰਪ੍ਰੀਤ ਕੌਰ ਮਾਨ ਨੇ ਦਿੱਤਾ ਆਸ਼ੀਰਵਾਦ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਸਮਾਜ ਸੇਵਿਕਾ ਕਿਰਨ ਮਹੰਤ ਹਠੂਰ ਵੱਲੋਂ ਦਾਨੀ ਸੱਜਣਾਂ ਦੇ ਵਿਸ਼ੇਸ਼ ਸਹਿਯੋਗ ਸਦਕਾ 19 ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਸਮੂਹਕ ਵਿਆਹ ਕੀਤੇ ਗਏ।ਇਸ ਦੌਰਾਨ ਅਨੰਦ ਕਾਰਜ ਦੀ ਰਸਮ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਜਥੇ ਵੱਲੋਂ ਨਿਭਾਈ ਗਈ। ਉਪਰੰਤ ਅਨਾਜ ਮੰਡੀ ਮਹਿਲ ਕਲਾਂ ਵਿਖੇ ਰੱਖੇ ਵਿਸ਼ਾਲ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਧਰਮ ਪਤਨੀ ਡਾਕਟਰ ਗੁਰਪ੍ਰੀਤ ਕੌਰ ਮਾਨ ਨੇ ਨਵ-ਵਿਆਹੇ ਜੋੜਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਅਜਿਹੇ ਨੇਕ ਕਾਰਜਾਂ ਤੋਂ ਸਮਾਜ ਦੇ ਹੋਰ ਵਰਗਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਡਾ: ਗੁਰਪ੍ਰੀਤ ਕੌਰ ਮਾਨ ਨੂੰ ਜੀ ਆਇਆਂ ਨੂੰ ਆਖਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।ਮੁੱਖ ਪ੍ਰਬੰਧਕ ਮਹੰਤ ਕਿਰਨ ਹਠੂਰ ਵੱਲੋਂ ਡਾ. ਗੁਰਪ੍ਰੀਤ ਕੌਰ ਮਾਨ, ਵਿਧਾਇਕ ਪੰਡੋਰੀ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਐੱਸ.ਪੀ. ਇੰਨਵੈਸਟੀਗੇਸ਼ਨ ਅਸ਼ੋਕ ਕੁਮਾਰ, ਡੀ ਐੱਸ ਪੀ ਜਸਪਾਲ ਸਿੰਘ, ਐੱਸ.ਐੱਚ.ਓ. ਸਰਬਜੀਤ ਸਿੰਘ, ਏ ਡੀ ਸੀ ਜਸਵੰਤ ਸਿੰਘ ਬੜੈਚ, ਬਾਬਾ ਹੈਪੀ ਛਪਾਰ, ਪ੍ਰਧਾਨ ਸ਼ੇਰ ਸਿੰਘ ਖ਼ਾਲਸਾ, ਚੇਅਰਮੈਨ ਸੁਖਵਿੰਦਰ ਦਾਸ ਕੁਰੜ, ਸਰਪੰਚ ਕਿਰਨਾ ਰਾਣੀ ਬਾਂਸਲ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਕਾਂਗਰਸ ਪਾਰਟੀ ਵੱਲੋਂ ਯੂਥ ਆਗੂ ਅਰੁਣਪ੍ਰਤਾਪ ਸਿੰਘ ਢਿੱਲੋਂ, ਬਲਾਕ ਪ੍ਰਧਾਨ ਪ੍ਰਮਿੰਦਰ ਸਿੰਘ ਸ਼ੰਮੀ, ਜਸਮੇਲ ਸਿੰਘ ਡੇਅਰੀਵਾਲੇ, ਡਾ: ਬਲਵੰਤ ਰਾਏ ਸ਼ਰਮਾ, ਟਰੱਕ ਯੂਨੀਅਨ ਪ੍ਰਧਾਨ ਅਰਸ਼ਦੀਪ ਸਿੰਘ ਬਿੱਟੂ, ਸੰਮਤੀ ਮੈਂਬਰ ਰਛਪਾਲ ਸਿੰਘ ਬੱਟੀ, ਹਨੀ ਪਾਸੀ ਆਦਿ ਹਾਜ਼ਰ ਸਨ।ਇਸ ਖੁਸ਼ੀ ਦੇ ਮੌਕੇ ਨੂੰ ਹੋਰ ਵੀ ਯਾਦਗਾਰ ਬਣਾਉਣ ਲਈ ਪ੍ਰਸਿੱਧ ਪੰਜਾਬੀ ਗਾਇਕ ਆਰ ਨੇਤ ਨੇ ਆਪਣੇ ਪ੍ਰਸਿੱਧ ਗੀਤਾਂ ਰਾਹੀਂ ਖੂਬ ਰੰਗ ਬੰਨ੍ਹਿਆ ਤੇ ਮੇਲੇ ਵਰਗਾ ਮਾਹੌਲ ਸਿਰਜ ਦਿੱਤਾ।

## ਚਕਰ 'ਚ ਫੁੱਟਬਾਲ ਟੂਰਨਾਮੈਂਟ ਅੱਜ ਤੋਂ

**ਬੱਧਨੀ ਕਲਾਂ (ਲਵਲੀ ਕੁਮਾਰ)**-ਪਿੰਡ ਚਕਰ ਦੇ ਵਿਕਾਸ-ਕਾਰਜਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਵਾਲੇ ਉੱਘੇ ਸਮਾਜ ਸੇਵਕ ਸਵ: ਅਜਮੇਰ ਸਿੰਘ ਸਿੱਧੂ ਦੀ ਯਾਦ ਨੂੰ ਸਮਰਪਤ ਸ਼ੇਰੇ-ਏ-ਪੰਜਾਬ ਸਪੋਰਟਸ ਅਕੈਡਮੀ ਚਕਰ ਵਿਖੇ ਓਪਨ ਪਿੰਡ ਵਾਰ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 1, 2 ਤੇ 3 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ-ਆਦਮੀ ਪਾਰਟੀ ਦੇ ਹਲਕਾ ਸਕੱਤਰ ਗੁਰਦੀਪ ਸਿੰਘ ਭੁੱਲਰ ਚਕਰ ਨੇ ਦੱਸਿਆ ਕਿ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 51 ਹਜ਼ਾਰ ਰੁਪਏ, ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 41 ਹਜ਼ਾਰ ਰੁਪਏ, ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਦਸ-ਦਸ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ।ਉਨ੍ਹਾ ਦੱਸਿਆ ਕਿ ਟੂਰਨਾਮੈਂਟ ਦੇ ਬੈਸਟ ਪਲੇਅਰ ਨੂੰ ਸਾਈਕਲ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## 18 ਜ਼ਿਲ੍ਹਾ ਪ੍ਰੀਸ਼ਦ ਤੇ 162 ਬਲਾਕ ਸੰਮਤੀ ਮੈਂਬਰਾਂ ਨੂੰ ਚੁਕਾਈ ਸਹੁੰ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹੇ ਦੇ ਨਵੇਂ ਚੁਣੇ 18 ਜ਼ਿਲ੍ਹਾ ਪ੍ਰੀਸ਼ਦ ਤੇ 162 ਬਲਾਕ ਸੰਮਤੀ ਮੈਂਬਰਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੁਖਚੈਨ ਸਿੰਘ ਪਾਪੜਾ ਨੇ ਅਹੁਦੇ ਦੀ ਸਹੁੰ ਚੁਕਾਈ।ਏ.ਡੀ.ਸੀ. ਸੁਖਚੈਨ ਸਿੰਘ ਪਾਪੜਾ ਨੇ ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਲੋਕਤੰਤਰਿਕ ਪ੍ਰਣਾਲੀ ਵਿੱਚ ਤਿੰਨ ਪੱਧਰੀ ਪੰਚਾਇਤੀ ਰਾਜ ਪ੍ਰਣਾਲੀ ਹੈ।ਉਨ੍ਹਾਂ ਕਿਹਾ ਕਿ ਪਿੰਡ ਦੀ ਪੰਚਾਇਤ ਤੋਂ ਬਾਅਦ ਬਲਾਕ ਸੰਮਤੀ ਅਤੇ ਫ਼ੇਰ ਜ਼ਿਲ੍ਹਾ ਪ੍ਰੀਸ਼ਦ ਪਿੰਡਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਤੇ ਇੱਕ ਤੋਂ ਵੱਧ ਪਿੰਡਾਂ ਦੇ ਸਾਂਝੇ ਵਿਕਾਸ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਵਿੱਚ ਬਲਾਕ ਸੰਮਤੀਆਂ ਉੱਤੇ ਅਹਿਮ ਜ਼ਿੰਮੇਵਾਰੀ ਹੁੰਦੀ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 15ਵੇਂ ਵਿੱਤ ਕਮਿਸ਼ਨ ਵਿੱਚ ਹੁਣ ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਵੀ ਵਿੱਤੀ ਅਧਿਕਾਰ ਵੀ ਪ੍ਰਦਾਨ ਕੀਤੇ ਗਏ ਹਨ, ਜਿਸ ਤਹਿਤ ਬਲਾਕ ਸੰਮਤੀਆਂ 20 ਫ਼ੀਸਦੀ ਤੇ ਜ਼ਿਲ੍ਹਾ ਪ੍ਰੀਸ਼ਦ 10 ਫ਼ੀਸਦੀ ਫੰਡਾਂ ਦੀ ਵਰਤੋਂ ਵਿਕਾਸ ਕਾਰਜਾਂ ਲਈ ਕਰ ਸਕਦੀਆਂ ਹਨ।ਉਨ੍ਹਾਂ ਚੁਣੇ ਹੋਏ ਮੈਂਬਰਾਂ ਨੂੰ ਪੰਚਾਇਤੀ ਰਾਜ ਐਕਟ ਨੂੰ ਪੜ੍ਹਨ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਹਰੇਕ ਮੈਂਬਰ ਨੂੰ ਆਪਣੀਆਂ ਜ਼ਿੰਮੇਵਾਰੀਆਂ, ਅਧਿਕਾਰ ਤੇ ਕਰਤੱਬਾਂ ਬਾਰੇ ਜਾਣਕਾਰੀ ਮਿਲੇਗੀ।ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਕਰਨਲ ਜੇ.ਐਸ.ਬੱਗਾ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਦੇ 18 ਮੈਂਬਰਾਂ ਵੱਲੋਂ ਸਹੁੰ ਚੁੱਕੀ ਗਈ ਹੈ, ਜਦਕਿ ਬਲਾਕ ਸੰਮਤੀ ਵਿੱਚ ਬਲਾਕ ਸੰਮਤੀ ਸੰਗਰੂਰ ਦੇ 15 ਮੈਂਬਰ, ਸੁਨਾਮ 15, ਸਨਾਮ-2 15, ਅੰਨਦਾਨਾ 16, ਲਹਿਰਾਂ 15, ਭਵਾਨੀਗੜ੍ਹ 15, ਛਾਜਲੀ 19, ਦਿੜਬਾ 18, ਧੂਰੀ 18 ਤੇ ਸ਼ੇਰਪੁਰ ਬਲਾਕ ਸੰਮਤੀ ਦੇ 15 ਮੈਂਬਰਾਂ ਨੂੰ ਅੱਜ ਸਹੁੰ ਚੁਕਾਈ ਗਈ ਹੈ।ਸਹੁੰ ਚੁੱਕ ਸਮਾਗਮ 'ਚ ਡਿਪਟੀ ਸੀ.ਈ.ਓ ਵਨੀਤ ਸ਼ਰਮਾ ਸਮੇਤ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓਜ਼. ਮੌਜੂਦ ਸਨ।

## ਚੋਰੀ ਦੀ ਵਾਰਦਾਤ ਦੇ ਕੁਝ ਘੰਟਿਆਂ ਅੰਦਰ ਹੀ 2 ਭਰਾ ਕਾਬੂ, 10 ਲੱਖ ਦੇ ਗਹਿਣੇ ਤੇ ਬਲੈਰੋ ਬਰਾਮਦ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਡਾ. ਪ੍ਰਗਿਆ ਜੈਨ, ਆਈ.ਪੀ.ਐਸ, ਐਸ.ਐਸ.ਪੀ. ਦੀ ਅਗਵਾਈ ਹੇਠ ਜ਼ਿਲ੍ਹੇ ਨੂੰ ਅਪਰਾਧ ਮੁਕਤ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ, ਜਦੋਂ ਪੁਲਸ ਨੇ ਕਾਰਵਾਈ ਕਰਦਿਆਂ ਚੋਰੀ ਦੀ ਵਾਰਦਾਤ ਨੂੰ ਮਹਿਜ਼ ਕੁਝ ਘੰਟਿਆਂ ਵਿੱਚ ਟ੍ਰੇਸ ਕਰ ਲਿਆ।ਪੁਲਸ ਨੇ ਵਾਰਦਾਤ ਵਿੱਚ ਸ਼ਾਮਲ ਦੋ ਸਕੇ ਭਰਾਵਾਂ ਨੂੰ ਚੋਰੀ ਕੀਤੀ। ਸ਼੍ਰੀ ਸੰਜੀਵ ਕੁਮਾਰ, ਡੀ.ਐਸ.ਪੀ. (ਸਬ-ਡਵੀਜ਼ਨ) ਨੇ ਦੱਸਿਆ ਕਿ 26 ਫਰਵਰੀ ਨੂੰ ਕੋਟਕਪੂਰਾ ਦੇ ਸੇਤੀਆ ਪੈਲੇਸ 'ਚ ਇੱਕ ਵਿਆਹ ਸਮਾਗਮ ਦੌਰਾਨ ਇੱਕ ਪਰਵਾਰ ਦੀ ਪਾਰਕਿੰਗ ਵਿੱਚ ਖੜੀ ਬਲੈਰੋ ਗੱਡੀ ਚੋਰੀ ਹੋ ਗਈ ਸੀ।ਗੱਡੀ ਦੇ ਡੈਸ਼ਬੋਰਡ 'ਚ ਸੋਨੇ ਦਾ ਹਾਰ ਤੇ ਕੰਨਾਂ ਦੀਆਂ ਵਾਲੀਆਂ (ਕੀਮਤ ਕਰੀਬ 10 ਲੱਖ ਰੁਪਏ) ਮੌਜੂਦ ਸਨ।ਸੂਚਨਾ ਮਿਲਦੇ ਹੀ ਪੁਲਸ ਨੇ ਤੁਰੰਤ ਜਾਲ ਵਿਛਾਇਆ ਤੇ ਦੋਸ਼ੀਆਂ ਨੂੰ ਕੋਟਕਪੂਰਾ-ਮੁਕਤਸਰ ਰੋਡ ਤੋਂ ਕਾਬੂ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੁਭਾਸ਼ ਸਿੰਘ ਉਰਫ਼ ਬਾਸਾ ਤੇ ਮਨਪ੍ਰੀਤ ਸਿੰਘ ਉਰਫ਼ ਮੰਗਾ ਵਜੋਂ ਹੋਈ ਹੈ, ਜੋ ਪਿੰਡ ਮੱਲਣ (ਸ੍ਰੀ ਮੁਕਤਸਰ ਸਾਹਿਬ) ਦੇ ਰਿਹਾਇਸ਼ੀ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮਾਂ ਖ਼ਿਲਾਫ਼ ਮੋਗਾ, ਫਰੀਦਕੋਟ, ਬਠਿੰਡਾ ਅਤੇ ਮੁਕਤਸਰ ਵਿੱਚ ਚੋਰੀ ਅਤੇ ਨਸ਼ਾ ਤਸਕਰੀ ਦੇ 08 ਮੁਕੱਦਮੇ ਪਹਿਲਾਂ ਹੀ ਦਰਜ ਹਨ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਹ ਗਿਰੋਹ ਚੋਰੀ ਦੀਆਂ ਕਾਰਾਂ ਦੇ ਟਾਇਰ ਉਤਾਰ ਕੇ ਅੱਗੇ ਵੇਚਣ ਦਾ ਧੰਦਾ ਕਰਦਾ ਸੀ। ਥਾਣਾ ਸਿਟੀ ਕੋਟਕਪੂਰਾ ਵਿਖੇ ਮੁਕੱਦਮਾ ਨੰਬਰ 42, ਧਾਰਾ 303(2) ਬੀ.ਐਨ.ਐਸ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਮੁਤਾਬਕ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਤਾਂ ਜੁ ਪਤਾ ਲਾਇਆ ਜਾ ਸਕੇ ਕਿ ਇਸ ਨੈੱਟਵਰਕ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ ਅਤੇ ਚੋਰੀ ਦਾ ਸਾਮਾਨ ਕਿੱਥੇ ਖਪਾਇਆ ਜਾਂਦਾ ਸੀ।

## ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ

### ■ ਵਰਕਰਾਂ ਵੱਲੋਂ ਫੀਲਡ 'ਚ ਆ ਰਹੀਆਂ ਮੁਸ਼ਕਲਾਂ ਬਾਰੇ ਜੇ ਈ ਨੂੰ ਜਾਣੂ ਕਰਵਾਇਆ



**ਜਲਾਲਾਬਾਦ (ਜੀਤ ਕੁਮਾਰ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਜਲਾਲਾਬਾਦ ਦੀ ਮੀਟਿੰਗ ਪਿੰਡ ਆਲਮਕੇ ਵਾਟਰ ਵਰਕਸ ਤੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਅਗਵਾਈ ਹੇਠ ਸੰਪੰਨ ਹੋਈ, ਜਿਸ ਵਿੱਚ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਬ੍ਰਾਂਚ ਜਨਰਲ ਸਕੱਤਰ ਕੁੰਦਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਲੋਕਲ ਪੱਧਰ 'ਤੇ ਵਰਕਰਾਂ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਲਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਸਬ ਡਵੀਜ਼ਨ ਜਲਾਲਾਬਾਦ ਤੋਂ ਜੇ. ਈ. ਸੁਖਵਿੰਦਰ ਸਿੰਘ ਵੀ ਉਚੇਚੇ ਤੌਰ 'ਤੇ ਪੁੱਜੇ ਅਤੇ ਵਰਕਰਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਵਰਕਰਾਂ ਨੂੰ ਵਾਟਰ ਸਪਲਾਈ ਸਕੀਮਾਂ ਤੇ ਆਪੋ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਤੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਵੱਲੋਂ ਵਰਕਰਾਂ ਨੂੰ ਫੀਲਡ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਉਣ ਦੇ ਨਾਲ ਨਾਲ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਦੀ ਤਨਖਾਹ ਵਿੱਚ ਵਾਧਾ ਕਰਨ ਤੇ ਏਰੀਅਲ ਦੇਣ ਦੀ ਮੰਗ ਕੀਤੀ ਗਈ।

ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਇਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿੱਚ ਮਰਜ਼ ਕਰਕੇ ਈ.ਪੀ.ਐੱਫ. ਤੇ ਈ.ਐੱਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ ਨੂੰ ਲਾਗੂ ਕਰਕੇ ਵਰਕਰਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਅਤੇ ਜਦੋਂ ਤੱਕ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਕਾਨੂੰਨ 1948 ਘੱਟੋ-ਘੱਟ ਉਜਰਤ 34244 ਰੁਪਏ ਲਾਗੂ ਕਰਨਾ। ਵਰਕਰਾਂ ਨੂੰ ਈ.ਪੀ.ਐੱਫ., ਈ.ਐੱਸ.ਆਈ.ਸੀ. ਸਹੂਲਤਾਂ ਦੇਣਾ।

ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲੈਣਾ। ਪੰਚਾਇਤਾਂ ਨੂੰ ਹੈਂਡ ਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕਰਨਾ ਆਦਿ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਕਰਵਾਉਣ ਲਈ ਜਥੇਬੰਦੀ ਦੀ ਸੂਬਾ ਕਮੇਟੀ ਵੱਲੋਂ ਪੁਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਅਮਿਤ ਸ਼ਾਹ ਦੀ ਮੋਗਾ ਰੈਲੀ ਨੂੰ ਲੈ ਕੇ ਭਾਜਪਾਈ ਪੱਬਾਂ ਭਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿਖੇ 14 ਮਾਰਚ ਨੂੰ ਹੋਣ ਵਾਲੀ ਰੈਲੀ ਨੂੰ ਲੈ ਕੇ ਭਾਜਪਾਈ ਪੱਬਾਂ ਭਾਰ ਨਜ਼ਰ ਆ ਰਹੇ ਹਨ। ਰੈਲੀ 'ਚ ਬਠਿੰਡਾ ਜ਼ਿਲ੍ਹੇ ਤੋਂ ਭਰਵੀਂ ਸ਼ਮੂਲੀਅਤ ਯਕੀਨੀ ਬਣਾਉਣ ਲਈ ਵਰਕਰ ਮੀਟਿੰਗਾਂ ਦਾ ਸਿਲਸਿਲਾ ਆਰੰਭ ਹੋ ਗਿਆ ਹੈ। ਅੱਜ ਭਾਈਰੂਪਾ ਵਿਖੇ ਭਾਜਪਾ ਦੀ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਸੂਬਾ ਜਨਰਲ ਸਕੱਤਰ ਦਿਆਲ ਸੋਢੀ ਤੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਦੀ ਅਗਵਾਈ 'ਚ ਵਰਕਰਾਂ ਨਾਲ ਵਰਕਰ ਮੀਟਿੰਗ ਕੀਤੀ ਗਈ। ਇਸ ਬਾਰੇ ਗੱਲ ਕਰਦਿਆਂ ਦਿਆਲ ਸੋਢੀ ਤੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਕਿਹਾ ਕਿ ਰੈਲੀ ਲਈ ਮੰਡਲ ਪ੍ਰਧਾਨ, ਜ਼ਿਲ੍ਹਾ ਜਨਰਲ ਸਕੱਤਰ ਤੇ ਬੂਥ ਪੱਧਰ 'ਤੇ ਕਮੇਟੀ ਮੈਂਬਰਾਂ ਨੂੰ ਜ਼ੁੰਮੇਵਾਰੀ ਦਿੱਤੀ ਜਾ ਰਹੀ ਹੈ ਤੇ ਹਰ ਪਿੰਡ 'ਚ ਅਬਾਦੀ ਅਨੁਸਾਰ ਬੱਸਾਂ ਤੇ ਵੈਨਾਂ ਉਪਲੱਬਧ ਕਰਵਾਉਣ ਦੀ ਵਿਉਂਤਬੰਦੀ ਘੜੀ ਜਾਵੇਗੀ। ਉਕਤ ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਮੋਗਾ ਰੈਲੀ ਭਾਜਪਾ ਲਈ ਪੰਜਾਬ 'ਚ ਇਤਿਹਾਸਕ ਹੋਵੇਗੀ। ਇਸ ਮੌਕੇ ਮੰਡਲ ਲਾਲ, ਵਿਵੇਕ ਗਰਗ, ਚੰਦਨ ਕਾਂਤ ਕਰਮਪਾਲ ਭੁੱਲਰ, ਮੇਜਰ ਸਿੰਘ, ਰੇਸ਼ਮ ਸਿੰਘ, ਸਤਪਾਲ ਭੁੱਲਰ, ਸਤਨਾਮ ਸਿੰਘ, ਗੁਰਵਿੰਦਰ ਸਿੰਘ, ਬਲਜੀਤ ਸਿੰਘ ਬਿੱਟਾ ਬਾਲਿਆਂਵਾਲੀ ਤੇ ਜ਼ਿਲ੍ਹਾ ਮੀਡੀਆ ਕਨਵੀਨਰ ਰਤਨ ਸ਼ਰਮਾ ਮਲੂਕਾ ਆਦਿ ਹਾਜ਼ਰ ਸਨ।

## ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ 'ਵਰਸਿਟੀ ਪੀ ਐੱਚ ਡੀ ਪ੍ਰੋਗਰਾਮ ਸ਼ੁਰੂ ਕਰੇਗੀ : ਡਾ. ਗਿੱਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਕਾਦਮਿਕ ਤੇ ਖੋਜ ਉੱਤਮਤਾ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਦਿਆਂ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ (ਐਮ.ਬੀ.ਐਸ.ਪੀ.ਐਸ.ਯੂ.) ਪਟਿਆਲਾ ਨੇ ਅਕਾਦਮਿਕ ਸੈਸ਼ਨ 2026-27 ਤੋਂ ਡਾਕਟਰ ਆਫ਼ ਫਿਲਾਸਫੀ (ਪੀਐੱਚਡੀ) ਪ੍ਰੋਗਰਾਮ ਸ਼ੁਰੂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।ਇਥੇ ਇਸ ਬਾਰੇ ਜਾਣਕਾਰੀ ਦਿੰਦਿਆਂ ਵਾਈਸ ਚਾਂਸਲਰ ਪ੍ਰਸ਼ਪਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸੰਸਥਾ ਨੂੰ ਉੱਤਮਤਾ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਦੇ ਉਦੇਸ਼ ਨਾਲ ਐਮ ਬੀ ਐੱਸ ਪੀ ਐੱਸ ਯੂ ਯੂਨੀਵਰਸਿਟੀ ਨਵੀਨ ਅਕਾਦਮਿਕ ਪਹਿਲਕਦਮੀਆਂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।ਉਨ੍ਹਾਂ ਕਿਹਾ ਕਿ ਆਪਣੇ ਅੰਡਰ-ਗ੍ਰੈਜੂਏਟ ਤੇ ਪੋਸਟ-ਗ੍ਰੈਜੂਏਟ ਅਕਾਦਮਿਕ ਢਾਂਚੇ ਨੂੰ ਸਫ਼ਲਤਾਪੂਰਵਕ ਸਥਾਪਤ ਕਰਨ ਤੋਂ ਬਾਅਦ ਯੂਨੀਵਰਸਿਟੀ ਹੁਣ ਇੱਕ ਖੋਜ-ਅਧਾਰਤ ਸੰਸਥਾ 'ਚ ਤਬਦੀਲੀ ਵੱਲ ਕਦਮ ਵਧਾ ਰਹੀ ਹੈ।ਡਾ. ਗਿੱਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੋਗ ਫੈਕਲਟੀ, ਲੈਬਾਰਟਰੀਆਂ ਲਈ ਢੁੱਕਵਾਂ ਬੁਨਿਆਦੀ ਢਾਂਚਾ ਤੇ ਚਾਂਚਗਤ ਅਕਾਦਮਿਕ ਪ੍ਰਣਾਲੀਆਂ ਦੀ ਉਪਲਬਧਤਾ ਦੇ ਨਾਲ ਐਮ.ਬੀ.ਐੱਸ.ਪੀ.ਐੱਸ.ਯੂ. ਯੂਨੀਵਰਸਿਟੀ ਡਾਕਟਰੇਟ ਪ੍ਰੋਗਰਾਮ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।ਉਨ੍ਹਾਂ ਦੱਸਿਆ ਕਿ ਸ਼ੁਰੂ ਵਿੱਚ ਇਹ ਪੀਐੱਚਡੀ ਪ੍ਰੋਗਰਾਮ ਚਾਰ ਤਰਜੀਹੀ ਖੋਜ ਖੇਤਰਾਂ-ਸਪੋਰਟਸ ਬਾਇਓਮਕੈਨਿਕਸ, ਐਕਸਰਸਾਈਜ਼ ਫਿਜ਼ੀਓਲੋਜੀ, ਸਪੋਰਟਸ ਸਾਈਕੋਲੋਜੀ ਤੇ ਸਪੋਰਟਸ ਮੈਨੇਜਮੈਂਟ ਤੇ ਗਵਰਨੈਂਸ ਵਿੱਚ ਪੇਸ਼ ਕੀਤਾ ਜਾਵੇਗਾ।ਉਨ੍ਹਾ ਦੱਸਿਆ ਕਿ ਪਹਿਲੇ ਸਾਲ ਦੌਰਾਨ ਦਾਖਲੇ ਲਈ ਸੀਟਾਂ ਦੀ ਗਿਣਤੀ ਸੀਮਤ ਤੇ ਪੂਰੀ ਤਰ੍ਹਾਂ ਸੁਪਰਵਾਈਜ਼ਰ ਯੋਗਤਾ, ਪ੍ਰਯੋਗਸ਼ਾਲਾ ਦੀ ਤਿਆਰੀ ਤੇ ਖੋਜ ਬੁਨਿਆਦੀ ਢਾਂਚੇ ਦੀ ਉਪਲਬਧਤਾ 'ਤੇ ਅਧਾਰਤ ਹੋਵੇਗੀ।ਦਾਖ਼ਲਿਆਂ ਦੀ ਨੋਟੀਫਿਕੇਸ਼ਨ ਤੋਂ ਪਹਿਲਾਂ ਬੁਨਿਆਦੀ ਢਾਂਚੇ ਦੀ ਤਿਆਰੀ ਸਬੰਧੀ ਸਰਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

## ਮੋਹਨ ਕੇ ਹਿਠਾੜ ਮੇਲੇ 'ਚ ਗਾਇਕ ਪ੍ਰੀਤ ਹਰਪਾਲ ਨੇ ਬੰਨ੍ਹੇ ਰੰਗ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਲਕੇ ਦੇ ਪਿੰਡ ਮੋਹਨ ਕੇ ਹਿਠਾੜ ਵਿਖੇ ਬਾਬਾ ਜੈ ਸਿੰਘ ਤੇ ਬਾਬਾ ਸੁੰਦਰ ਦਾਸ ਦੀ ਯਾਦ ਵਿੱਚ ਦੋ ਰੋਜ਼ਾ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਗਾਇਆ ਗਿਆ।ਇਸ ਮੇਲੇ ਵਿੱਚ ਪਹਿਲੇ ਦਿਨ ਕਬੱਡੀ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਟੀਮਾਂ ਨੇ ਭਾਗ ਲਿਆ ਤੇ ਦੂਜੇ ਦਿਨ ਮੇਲੇ ਦੀ ਰੌਣਕ ਨੂੰ ਵਧਾਉਣ ਲਈ ਪੰਜਾਬੀ ਲੋਕ ਗਾਇਕ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਪੰਜਾਬੀ ਮਸ਼ਹੂਰ ਲੋਕ ਗਾਇਕ ਪ੍ਰੀਤ ਹਰਪਾਲ ਨੇ ਪਹੁੰਚ ਕੇ ਰੰਗ ਬੰਨ੍ਹਿਆ।ਮੇਲੇ ਵਿੱਚ ਇਲਾਕੇ ਤੋਂ ਇਲਾਵਾ ਦੂਰ ਦੁਰਾਡੇ ਪਿੰਡਾਂ, ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ।ਸਾਰਾ ਦਿਨ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।ਮੇਲਾ ਪ੍ਰਬੰਧਕ ਕਮੇਟੀ ਨੇ ਮੇਲੇ 'ਚ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸੇਵਾ ਮੁਕਤ ਬੀ.ਪੀ.ਓ. ਹਰਬੰਸ ਲਾਲ, ਓਮ ਪ੍ਰਕਾਸ਼ ਨੰਬਰਦਾਰ, ਰਿੰਕੂ ਥਿੰਦ, ਅਮਨ ਥਿੰਦ, ਵਿਜੇ ਥਿੰਦ, ਅਮੋਲਕ ਰਾਜ ਪਿੰਡ ਦੀ ਪੰਚਾਇਤ ਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

## ਵਾਰਡ ਨੰਬਰ 89 'ਚ ਨਵੀਆਂ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਇਲਾਕੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 89 ਵਿਖੇ ਨਵੀਆਂ ਆਰ.ਐਮ.ਸੀ. ਸੜਕਾਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ।ਕੌਂਸਲਰ ਅਮਨ ਬੱਗਾ, ਲਾਲਾ ਸੁਰਿੰਦਰ ਅਟਵਾਲ, ਅਸ਼ਵਨੀ ਸਹੋਤਾ, ਰਾਜੂ ਘਈ, ਪ੍ਰਦੀਪ ਨਾਗਰ ਤੋਂ ਇਲਾਵਾ ਨਗਰ ਨਿਗਮ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਵਿਧਾਇਕ ਬੱਗਾ ਨੇ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਦਮੋਰੀਆ ਪੁਲ਼ ਤੋਂ ਜਾਣ ਵਾਲੀ ਸੜਕ ਦਾ ਨਿਰਮਾਣ ਕੀਤਾ ਜਾਵੇਗਾ, ਜਿਸ 'ਤੇ ਕਰੀਬ 50 ਲੱਖ ਰੁਪਏ ਦੀ ਲਾਗਤ ਆਵੇਗੀ।ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਦੱਸਿਆ ਕਿ ਸੂਬੇ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਤੋਂ ਬਾਅਦ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ ਅਤੇ ਟ੍ਰੈਫਿਕ ਜਾਮ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ।ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਤੇ ਉਨ੍ਹਾਂ ਦੀ ਟੀਮ ਨੇ ਕਿਹਾ ਕਿ ਨਵੀਆਂ ਸੜਕਾਂ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਾਇਆ ਜਾ ਰਿਹਾ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੈਕਟੀਵਿਟੀ ਨੂੰ ਬਿਹਤਰ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

## ਹਰਚੰਦ ਸਿੰਘ ਬਰਸਟ ਵੱਲੋਂ ਫਾਇਨਾਂਸ ਕੰਪਨੀ ਦਾ ਉਦਘਾਟਨ



**ਸਮਾਣਾ (ਇਕਬਾਲ ਸਿੰਘ ਬੱਲ)**-ਸਮਾਣਾ ਦੇ ਜੌਹਰੀ ਮਾਰਕੀਟ ਵਿਖੇ ਨਵੇਂ ਖੁੱਲ੍ਹੇ ਪੂਨਵਾਲਾ ਫਿਨਕਾਰਪ ਲਿਮਿਟਡ ਗੋਲਡ ਲੋਨ ਫਾਈਨਾਂਸ ਕੰਪਨੀ ਦਾ ਉਦਘਾਟਨ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕੀਤਾ। ਇਸ ਮੌਕੇ ਫਾਈਨਾਂਸ ਕੰਪਨੀ ਦੇ ਅਧਿਕਾਰੀ ਤੇ ਜੌਹਰੀ ਮਾਰਕੀਟ ਦੇ ਮਾਲਕ ਕੇ ਕੇ ਜੌਹਰੀ ਤੇ ਹਜ਼ਾਰੀ ਲਾਲ ਜੌਹਰੀ ਹਾਜ਼ਰ ਰਹੇ।ਉਨ੍ਹਾਂ ਕਿਹਾ ਕਿ ਗੋਲਡ ਲੋਨ ਫਾਇਨਾਂਸ ਕੰਪਨੀ ਖੁੱਲ੍ਹਣ ਨਾਲ ਲੋਕਾਂ ਨੂੰ ਰਾਹਤ ਮਿਲੇਗੀ, ਕਿਉਂਕਿ ਇਸ ਫਾਇਨਾਂਸ ਕੰਪਨੀ ਦਾ ਸੋਨੇ ਦੇ ਗਹਿਣਿਆਂ 'ਤੇ ਵਿਆਜ ਦਰਾਂ ਦੂਜੀਆਂ ਫਾਈਨਾਂਸ ਕੰਪਨੀਆਂ ਦੇ ਮੁਕਾਬਲੇ ਘੱਟ ਹਨ।ਹਰਚੰਦ ਸਿੰਘ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਪਾਰਟੀ ਉਨ੍ਹਾਂ ਨੂੰ 2027 ਵਿੱਚ ਵਿਧਾਨ ਸਭਾ ਹਲਕਾ ਸਮਾਣਾ ਤੋਂ ਚੋਣ ਲੜਨ ਲਈ ਟਿਕਟ ਦਿੰਦੀ ਹੈ ਤਾਂ ਉਹ ਸਮਾਣਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਸਮਾਣਾ ਹਲਕੇ ਤੋਂ 2022 ਵਿੱਚ ਵੀ ਉਨ੍ਹਾਂ ਨੇ ਚੋਣ ਲੜਨ ਲਈ ਪਾਰਟੀ ਟਿਕਟ ਦੀ ਮੰਗ ਕੀਤੀ ਸੀ, ਪ੍ਰੰਤੂ ਪਾਰਟੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਇਹ ਕਿਹਾ ਕਿ ਪਾਰਟੀ ਨੂੰ ਸੰਭਾਲਣ ਵਾਲੇ ਪਾਰਟੀ ਲੀਡਰ ਤੇ ਵਰਕਰ ਵੀ ਚਾਹੀਦੇ ਹਨ ਤੇ ਉਨ੍ਹਾਂ ਦੀ ਡਿਊਟੀ ਪਾਰਟੀ ਨੂੰ ਸੰਭਾਲਣ ਲਈ ਲਗਾ ਦਿੱਤੀ ਸੀ, ਪ੍ਰੰਤੂ ਇਸ ਵਾਰ ਉਨ੍ਹਾਂ ਨੂੰ ਟਿਕਟ ਮਿਲਣ ਦੀ ਪੂਰੀ ਉਮੀਦ ਹੈ ਤੇ ਉਨ੍ਹਾਂ ਨੇ ਸਮਾਣਾ ਹਲਕੇ ਵਿੱਚ ਲੋਕਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ ਹੈ।ਪੱਤਰਕਾਰਾਂ ਵੱਲੋਂ ਪੁੱਛੇ ਜਾਣ 'ਤੇ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰ. ਬਰਸਟ ਨੇ ਕਿਹਾ ਕਿ ਬੀਜੇਪੀ ਦਾ ਕੋਈ ਵੀ ਸੀਨੀਅਰ ਆਗੂ ਪੰਜਾਬ ਵਿੱਚ ਆਉਂਦਾ ਹੈ ਤਾਂ ਉਸ ਦਾ ਸਵਾਗਤ ਹੈ, ਪੰਜਾਬ ਲਈ ਵਿਸ਼ੇਸ਼ ਪੈਕੇਜ ਦੀ ਮੰਗ, ਜੀ ਐੱਸ ਟੀ ਦੇ ਬਕਾਏ ਤੇ ਹੜ੍ਹਾਂ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਐਲਾਨੀ ਗਈ ਰਾਹਤ ਜਲਦੀ ਜਾਰੀ ਕਰਨ ਦੀ ਮੰਗ ਵੀ ਕਰਨਗੇ।

## ਕੇਜਰੀਵਾਲ ਤੇ ਸਿਸੋਦੀਆ ਦੇ ਬਰੀ ਹੋਣ ਨਾਲ ਭਾਜਪਾ ਦੀਆਂ ਚਾਲਾਂ ਹੋਈਆਂ ਨਾਕਾਮ : ਚੇਅਰਮੈਨ ਸੂਦ

**ਰਾਜਪੁਰਾ (ਰਮੇਸ਼ ਕਟਾਰੀਆ)**-ਅਦਾਲਤ ਵੱਲੋਂ ਸ਼ਰਾਬ ਘੁਟਾਲੇ ਵਿੱਚ ਜ਼ਬਰਦਸਤੀ ਮੁਲਜ਼ਮ ਬਣਾਏ ਗਏ ਆਪ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਨੂੰ ਬਰੀ ਕਰਨ ਦੇ ਫੈਸਲੇ ਨਾਲ ਭਾਜਪਾ ਦੀਆਂ ਰਾਜਸੀ ਚਾਲਾਂ ਨਾਕਾਮ ਸਾਬਿਤ ਹੋਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਜਪੁਰਾ ਦੇ ਚੇਅਰਮੈਨ ਦੀਪਕ ਸੂਦ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ।ਚੇਅਰਮੈਨ ਸੂਦ ਨੇ ਕਿਹਾ ਕਿ ਭਾਜਪਾ ਨੇ ਕੌਮੀ ਪੱਧਰ 'ਤੇ ਆਮ ਆਦਮੀ ਪਾਰਟੀ ਦੇ ਵਧਦੇ ਲੋਕ ਆਧਾਰ ਰੂਪੀ ਰੱਥ ਨੂੰ ਰੋਕਣ ਲਈ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਦਿੱਲੀ ਦੇ ਉਸ ਸਮੇਂ ਦੇ ਉੱਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ 'ਤੇ ਸ਼ਰਾਬ ਘੁਟਾਲੇ ਵਿੱਚ ਸ਼ਾਮਲ ਹੋਣ ਦਾ ਝੂਠਾ ਕੇਸ ਦਰਜ ਕਰਵਾਇਆ ਸੀ, ਪਰ ਅੱਜ ਅਦਾਲਤ ਵੱਲੋਂ ਉਕਤ ਦੋਹਾਂ ਨੇਤਾਵਾਂ ਨੂੰ ਇਸ ਘੁਟਾਲੇ ਵਿੱਚੋਂ ਬਰੀ ਕਰ ਦਿੱਤੇ ਜਾਣ ਨਾਲ ਭਾਜਪਾ ਦੀਆਂ ਆਮ ਆਦਮੀ ਪਾਰਟੀ ਦੇ ਰਾਜਸੀ ਰੱਥ ਨੂੰ ਰੋਕਣ ਦੀਆਂ ਚਾਲਾਂ ਨਾਕਾਮ ਸਾਬਿਤ ਹੋਈਆਂ ਹਨ ਅਤੇ ਆਮ ਆਦਮੀ ਪਾਰਟੀ ਕੌਮੀ ਪੱਧਰ 'ਤੇ ਇੱਕ ਵੱਡੀ ਰਾਜਸੀ ਤਾਕਤ ਬਣ ਕੇ ਉੱਭਰ ਰਹੀ ਹੈ ਅਤੇ ਆਉਣ ਵਾਲੇ ਆਉਣ ਵਾਲੀਆਂ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਪਾਰਟੀਆਂ ਨੂੰ ਤਕੜੀ ਰਾਜਸੀ ਟੱਕਰ ਦਿੱਤੀ ਜਾਵੇਗੀ।

# ਪੁਲਸ ਨੇ 24 ਘੰਟਿਆਂ 'ਚ ਲੁਟੇਰਿਆਂ ਨੂੰ ਕਾਬੂ ਕਰਕੇ ਲੁੱਟ ਦਾ ਸਾਮਾਨ ਕੀਤਾ ਬਰਾਮਦ

## ਲੁੱਟ ਕਰਾਉਣ 'ਚ ਘਰ ਦੀ ਔਰਤ ਦਾ ਹੀ ਸੀ ਹੱਥ



**ਮੋਗਾ (ਇਕਬਾਲ ਸਿੰਘ ਖਹਿਰਾ)**-ਐੱਸ ਐੱਸ ਪੀ ਮੋਗਾ ਅਜੈ ਗਾਂਧੀ ਦੇ ਦਿਸ਼ਾ ਨਿਰਦੇਸ਼ 'ਤੇ ਡੀ ਐੱਸ ਪੀ ਧਰਮਕੋਟ ਜਸਵਰਿੰਦਰ ਸਿੰਘ ਦੀ ਅਗਵਾਈ ਹੇਠ ਕੰਮ ਕਰਦਿਆਂ ਧਰਮਕੋਟ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਹੈ, ਜਦੋਂ ਸਬ-ਡਵੀਜ਼ਨ ਧਰਮਕੋਟ ਪੁਲਸ ਵੱਲੋਂ ਮਾਸਟਰ ਸੁਖਪਾਲ ਸਿੰਘ ਵਾਸੀ ਜਲਾਲਾਬਾਦ ਦੇ ਘਰ ਡਕੈਤੀ ਕਰਨ ਵਾਲੇ 2 ਦੋਸ਼ੀਆਂ ਨੂੰ ਕਾਬੂ ਕਰਕੇ ਲੁੱਟਿਆ 6 ਤੋਲੇ ਸੋਨਾ, ਇੱਕ ਐੱਲ ਈ ਡੀ, ਇੱਕ ਇੰਨਵੈਟਰ ਬੈਟਰਾ (ਮੁਲੀਤੀ 9 ਲੱਖ 22,000) ਆਦਿ ਸਾਮਾਨ ਬਰਾਮਦ ਕੀਤਾ ਗਿਆ। ਸੁਖਪਾਲ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਜਲਾਲਾਬਾਦ ਨੇ ਬਿਆਨਾਂ 'ਚ ਦੱਸਿਆ ਕਿ 26 ਫਰਵਰੀ ਨੂੰ ਸਵੇਰੇ 11:45 ਵਜੇ ਇੱਕ ਅਣਪਛਾਤਾ ਵਿਅਕਤੀ ਘਰ ਦੀ ਕੰਧ ਟੱਪਿਆ ਤੇ ਉਸ ਨੇ ਮੇਨ ਗੇਟ ਦਾ ਦਰਵਾਜ਼ਾ ਖੋਲ੍ਹਿਆ ਤੇ ਦੂਸਰਾ ਅਣਪਛਾਤਾ ਵਿਅਕਤੀ ਮੋਟਰਸਾਈਕਲ ਰੰਗ ਕਾਲਾ 'ਤੇ ਸਵਾਰ ਹੋ ਕੇ ਮੇਨਗੇਟ ਰਾਹੀਂ ਘਰ ਅੰਦਰ ਆ ਗਿਆ, ਜਿਨ੍ਹਾਂ ਨੇ ਮੇਰੀ ਪਤਨੀ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਰੌਲਾ ਪਾਇਆ ਤਾਂ ਤੈਨੂੰ ਜਾਨੋਂ ਮਾਰ ਦਿਆਂਗੇ।ਇਨ੍ਹਾਂ ਦੋਨਾਂ ਨੇ ਬਾਹਾਂ ਤੋਂ ਫੜ ਕੇ ਕੋਈ ਤਰਲ ਪਦਾਰਥ ਪਿਲਾ ਦਿੱਤਾ।ਉਸ ਦੀਆਂ ਲੱਤਾਂ-ਬਾਂਹਾਂ ਬੰਨ ਦਿੱਤੀਆਂ ਤੇ ਮੇਰੇ ਮੂੰਹ ਉਪਰ ਕੱਪੜਾ ਬੰਨ੍ਹ ਦਿੱਤਾ, ਜਿਨ੍ਹਾਂ ਵੱਲੋਂ ਇੱਕ ਸੋਨੇ ਦਾ ਸੈੱਟ, ਜਿਸ ਵਿੱਚ ਗਲ ਦਾ ਹਾਰ, ਕਾਟੇ, ਟਿੱਕਾ ਵਜਨੀ 5 ਤੋਲੇ, ਛੋਟੀ ਚੈਨੀ ਸਮੇਤ ਲੋਕਿਟ ਸੋਨਾ ਵਜਨੀ ਕਰੀਬ ਇੱਕ ਤੋਲਾ, ਤਿੰਨ ਸੋਨੇ ਦੀਆਂ ਮੁੰਦਰੀਆਂ ਇੱਕ ਮਰਦਾਨਾ ਤੇ ਦੋ ਜ਼ਨਾਨਾ ਵਜਨੀ ਕਰੀਬ ਇੱਕ ਤੋਲਾ, ਇੱਕ ਵੰਗ ਸੋਨਾ ਵਜਨੀ ਕਰੀਬ ਡੇਢ ਤੋਲਾ, ਟੋਟਲ ਸੋਨਾ ਵਜਨੀ ਕਰੀਬ 10 ਤੋਲੇ, ਪੰਦਰਾਂ ਹਜ਼ਾਰ ਰੁਪ ਨਗਦੀ, ਇੱਕ ਐੱਲ ਈ ਡੀ, ਇੱਕ ਬੈਟਰਾ ਇਨਵੇਟਰ ਦੋਨੇ ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਰੱਖ ਕੇ ਚੋਰੀ ਕਰਕੇ ਲੈ ਗਏ ਹਨ, ਜਿਸ 'ਤੇ ਪੁਲਸ ਨੇ ਇਤਲਾਹ 'ਤੇ ਤੁਰੰਤ ਕਾਰਵਾਈ ਕਰਕੇ ਮੁਕੱਦਮਾ ਥਾਣਾ ਧਰਮਕੋਟ ਦਰਜ ਕੀਤਾ ਗਿਆ। ਮੋਗਾ ਪੁਲਸ ਨੇ ਮੁਕੱਦਮਿਆ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀਆ ਨੂੰ ਟੈਕਨੀਕਲ ਢੰਗ ਨਾਲ ਟਰੇਸ ਕੀਤਾ ਤੇ ਦੋਸ਼ੀ ਧਰਮਿੰਦਰ ਸਿੰਘ ਉਰਫ ਰਾਜ ਪੁੱਤਰ ਕਰਮਜੀਤ ਸਿੰਘ ਵਾਸੀ ਧਰਮਕੋਟ ਤੇ ਸੁਖਚੈਨ ਸਿੰਘ ਉਰਫ ਢੋਲੀ ਪੁੱਤਰ ਅਮਰਜੀਤ ਸਿੰਘ ਵਾਸੀ ਕੈਲਾ ਨੂੰ ਕਾਬੂ ਕਰਕੇ ਇਨ੍ਹਾਂ ਪਾਸ ਚੋਰੀ ਕੀਤਾ ਇੰਨਵੈਟਰ ਬੈਟਰਾ ਤੇ ਇੱਕ ਇੱਕ ਐੱਲ ਈ ਡੀ ਅਤੇ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਤੇ ਵਾਰਦਾਤ ਵਿੱਚ ਵਰਤੇ ਕੱਪੜੇ ਬਰਾਮਦ ਕੀਤੇ।ਫਿਰ ਵਿਅਕਤੀਆਂ ਦੇ ਪੁੱਛ-ਗਿੱਛ ਦੇ ਅਧਾਰ 'ਤੇ ਮਾਸਟਰ ਸੁਖਪਾਲ ਸਿੰਘ ਦੀ ਪਤਨੀ ਮਨਜੀਤ ਕੌਰ ਨੂੰ ਮੁਕੱਦਮੇ ਵਿੱਚ ਨਾਮਜ਼ਦ ਕੀਤਾ, ਕਿਉਂਕਿ ਦੋਸ਼ੀ ਧਰਮਿੰਦਰ ਸਿੰਘ ਤੇ ਸੁਖਚੈਨ ਸਿੰਘ ਨੇ ਮੰਨਿਆ ਕਿ ਇਹ ਲੁੱਟ ਕਰਾਉਣ ਵਿੱਚ ਮਾਸਟਰ ਸੁਖਪਾਲ ਸਿੰਘ ਦੀ ਘਰਵਾਲੀ ਵਨਜੀਤ ਕੌਰ ਦਾ ਹੱਥ ਹੈ, ਕਿਉਂਕਿ ਵਨਜੀਤ ਕੌਰ ਦੇ ਨਜਾਇਜ਼ ਸਬੰਧ ਧਰਮਿੰਦਰ ਸਿੰਘ ਉਰਫ ਰਾਜੂ ਨਾਲ ਸਨ, ਜਿਸ ਕਰਕੇ ਇਨ੍ਹਾ ਨੇ ਸਾਰੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਹੈ।ਅੱਜ ਉਕਤਾਨ ਤਿੰਨਾ ਦੋਸ਼ੀਆਨ ਤੋਂ ਉਕਤ ਲੁੱਟ ਦਾ ਸਾਮਾਨ ਬਰਾਮਦ ਕੀਤਾ। ਦੋਸ਼ੀਆਨ ਨੂੰ ਅੱਜ ਪੇਸ਼ ਅਦਾਲਤ ਕਰਕੇ ਇਨ੍ਹਾਂ ਦਾ ਰਿਮਾਂਡ ਲੈ ਕੇ ਪੁੱਛ-ਗਿੱਛ ਕੀਤੀ ਜਾਵੇਗੀ।

## ਹੋਲੀ ਮੌਕੇ ਫਿਰੋਜ਼ਪੁਰ ਮੰਡਲ ਵੱਲੋਂ 9 ਜੋੜੀ ਸਪੈਸ਼ਲ ਟਰੇਨਾਂ ਚਲਾਉਣ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੋਲੀ ਦੇ ਤਿਉਹਾਰ ਮੌਕੇ ਮੁਸਾਫਰਾਂ ਦੀ ਭਾਰੀ ਭੀੜ ਨੂੰ ਮੁੱਖ ਰੱਖਦਿਆਂ ਤੇ ਯਾਤਰੀਆਂ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਫਿਰੋਜ਼ਪੁਰ ਮੰਡਲ ਵੱਲੋਂ ਨਿਯਮਤ ਟਰੇਨਾਂ ਤੋਂ ਇਲਾਵਾ 9 ਜੋੜੀ ਤਿਉਹਾਰ ਸਪੈਸ਼ਲ ਰੇਲ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਅਨੁਸਾਰ ਇਹ ਵਿਸ਼ੇਸ਼ ਟਰੇਨਾਂ ਜਿਵੇਂ ਕਿ ਅੰਮ੍ਰਿਤਸਰ-ਕਟਿਹਾਰ (04614) ਇਹ ਟਰੇਨ 1 ਮਾਰਚ 2026 ਨੂੰ ਅੰਮ੍ਰਿਤਸਰ ਤੋਂ ਦੁਪਹਿਰ 14.15 ਵਜੇ ਰਵਾਨਾ ਹੋਵੇਗੀ। ਰਸਤੇ ਵਿੱਚ ਇਹ ਬਿਆਸ, ਜਲੰਧਰ ਸ਼ਹਿਰ, ਢੰਡਾਰੀ ਕਲਾਂ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਗੋਰਖਪੁਰ ਤੇ ਬਰੌਨੀ ਸਮੇਤ ਹੋਰ ਪ੍ਰਮੁੱਖ ਸਟੇਸ਼ਨਾਂ 'ਤੇ ਰੁਕੇਗੀ। ਫਿਰੋਜ਼ਪੁਰ ਕੈਂਟ-ਦਾਨਾਪੁਰ (04616) ਇਹ ਟਰੇਨ 2 ਮਾਰਚ 2026 ਨੂੰ ਦੁਪਹਿਰ 12 ਵਜੇ ਚੱਲੇਗੀ। ਇਹ ਮੋਗਾ, ਲੁਧਿਆਣਾ, ਅੰਬਾਲਾ ਕੈਂਟ, ਲਖਨਊ, ਵਾਰਾਣਸੀ ਤੇ ਬਕਸਰ ਵਰਗੇ ਸਟੇਸ਼ਨਾਂ ਰਾਹੀਂ ਆਪਣਾ ਸਫ਼ਰ ਤੈਅ ਕਰੇਗੀ। ਅੰਮ੍ਰਿਤਸਰ-ਪਟਨਾ (04664) ਇਹ ਸਪੈਸ਼ਲ ਟਰੇਨ 2 ਮਾਰਚ 2026 ਨੂੰ ਸਵੇਰੇ 9.45 ਵਜੇ ਰਵਾਨਾ ਹੋਵੇਗੀ। ਇਹ ਬਿਆਸ, ਜਲੰਧਰ, ਸਰਹਿੰਦ, ਅੰਬਾਲਾ, ਰੁੜਕੀ, ਲਖਨਊ ਤੇ ਸੁਲਤਾਨਪੁਰ ਰਾਹੀਂ ਹੁੰਦੀ ਹੋਈ ਪਟਨਾ ਪਹੁੰਚੇਗੀ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਰ ਦੌਰਾਨ ਸੰਜਮ ਤੇ ਧੀਰਜ ਬਣਾਈ ਰੱਖਣ। ਉਨ੍ਹਾਂ ਕਿਹਾ ਕਿ ਰੇਲਵੇ ਵੱਲੋਂ ਯਾਤਰੀਆਂ ਦੀ ਸਹੂਲਤ ਲਈ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਯਾਤਰੀ ਸਫ਼ਰ ਦੌਰਾਨ ਕਿਸੇ ਵੀ ਤਰ੍ਹਾਂ ਦੀ ਜਲਣਸ਼ੀਲ ਵਸਤੂ ਜਿਵੇਂ ਪਟਾਕੇ, ਗੈਸ ਸਿਲੰਡਰ ਆਦਿ ਨਾਲ ਨਾ ਲੈ ਕੇ ਜਾਣ। ਬਿਨਾਂ ਰਿਜ਼ਰਵੇਸ਼ਨ ਵਾਲੇ ਯਾਤਰੀਆਂ ਦੀ ਸਹਾਇਤਾ ਤੇ ਭੀੜ ਨੂੰ ਕਾਬੂ ਕਰਨ ਲਈ ਆਰਪੀਐੱਫ ਤੇ ਜੀਆਰਪੀ ਦੇ ਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਤਾਇਨਾਤ ਕੀਤਾ ਗਿਆ ਹੈ। ਰੇਲਵੇ ਪ੍ਰਸ਼ਾਸਨ ਨੇ ਸਮੂਹ ਯਾਤਰੀਆਂ ਨੂੰ ਇਨ੍ਹਾਂ ਹੋਲੀ ਸਪੈਸ਼ਲ ਟਰੇਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਬੇਨਤੀ ਕੀਤੀ।

# ਪੀ ਏ ਯੂ ਇੰਪਲਾਇਜ਼ ਯੂਨੀਅਨ ਦੀਆਂ ਚੋਣਾਂ 'ਚ ਅੰਬ ਗਰੁੱਪ ਟੀਮ ਦੀ ਲਗਾਤਾਰ ਛੇਵੀਂ ਵਾਰ ਰਿਕਾਰਡ ਤੋੜ ਜਿੱਤ

## ਵਾਲੀਆ ਨੂੰ ਮਿਲੀਆਂ 85 ਪ੍ਰਤੀਸ਼ਤ ਤੋਂ ਵੱਧ ਵੋਟਾਂ



**ਲੁਧਿਆਣਾ (ਰੈਕਟਰ ਕਥੂਰੀਆ)**-ਪੀ.ਏ.ਯੂ. ਇੰਪਲਾਇਜ਼ ਯੂਨੀਅਨ ਦੀਆਂ ਹੋਈਆਂ ਚੋਣਾਂ ਦੇ ਨਤੀਜੇ ਸ਼ਨੀਵਾਰ ਨੂੰ ਐਲਾਨੇ ਗਏ, ਜਿਸ ਵਿੱਚ ਬਲਦੇਵ ਵਾਲੀਆ ਦੀ ਅਗਵਾਈ ਵਾਲੀ ਅੰਬ ਗਰੁੱਪ ਦੀ ਟੀਮ ਨੇ ਰਿਕਾਰਡ ਤੋੜ ਤੇ ਹੂੰਝਾ ਫੇਰ ਜਿੱਤ ਪ੍ਰਾਪਤ ਕੀਤੀ।ਚੇਅਰਮੈਨ ਇਲੈਕਸ਼ਨ ਕਮੇਟੀ ਸ੍ਰ. ਜਗਜੀਤ ਸਿੰਘ ਨੇ ਸਾਰੀਆਂ 15 ਸੀਟਾਂ ਦੇ ਨਤੀਜੇ ਘੋਸ਼ਿਤ ਕੀਤੇ।ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਚੋਣਾਂ ਵਿੱਚ ਕਾਮਰੇਡ ਬਲਦੇਵ ਸਿੰਘ ਵਾਲੀਆ ਫਿਰ ਪ੍ਰਧਾਨ ਚੁਣੇ ਗਏ।ਉਨ੍ਹਾਂ ਨੂੰ ਕੁੱਲ 887 ਪਈਆਂ ਵੋਟਾਂ ਵਿੱਚੋਂ 762 ਵੋਟਾਂ ਪਈਆਂ, ਜਦਕਿ ਉਨ੍ਹਾਂ ਦੇ ਵਿਰੋਧੀ ਨੂੰ ਕੇਵਲ 121 ਵੋਟਾਂ ਹੀ ਪਈਆਂ।ਉਨ੍ਹਾਂ ਦੀ ਟੀਮ ਦੇ ਸਾਰੇ ਦੇ ਸਾਰੇ 15 ਮੈਂਬਰ ਭਾਰੀ ਫਰਕ ਨਾਲ ਜਿੱਤੇ ਹਨ, ਜਿਨ੍ਹਾਂ ਵਿੱਚ ਸੱਤ ਮੈਂਬਰ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਗਏ ਸਨ।

ਇਸ ਤੋਂ ਪਹਿਲਾਂ ਕਾਮਰੇਡ ਮੌੜ ਵੱਲੋਂ ਛੇ ਵਾਰ ਲਗਾਤਾਰ ਜਿੱਤ ਕੇ ਬਣਾਏ ਰਿਕਾਰਡ ਦੀ ਬਰਾਬਰੀ ਕੀਤੀ। ਨਰਿੰਦਰ ਸ਼ਰਮਾ 712 ਵੋਟਾਂ ਲੈ ਕੇ ਸੀਨੀਅਰ ਮੀਤ ਪ੍ਰਧਾਨ (ਓਪਨ) ਬਣੇ।ਨਰਿੰਦਰ ਸਿੰਘ ਸੇਖੋਂ 675 ਵੋਟਾਂ ਨਾਲ ਸੀਨੀਅਰ ਮੀਤ ਪ੍ਰਧਾਨ (ਰਿਜ਼ਰਵ) ਚੁਣੇ ਗਏ।ਰਣਜੀਤ ਸਿੰਘ ਮੀਤ ਪ੍ਰਧਾਨ (ਓ) ਨਿਰਵਿਰੋਧ ਚੁਣੇ ਗਏ।ਮੀਤ ਪ੍ਰਧਾਨ (ਰ) ਧਰਮਿੰਦਰ ਸਿੰਘ ਨਿਰਵਿਰੋਧ ਚੁਣੇ ਗਏ।ਜਨਰਲ ਸਕੱਤਰ ਮਨਮੋਹਨ ਸਿੰਘ ਬਣੇ ਜਿਨ੍ਹਾਂ ਨੂੰ 729 ਵੋਟਾਂ ਪਈਆਂ।ਖਜ਼ਾਨਚੀ ਦੀ ਸੀਟ 'ਤੇ ਭੁਪਿੰਦਰ ਸਿੰਘ 738 ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ।ਸਕੱਤਰ-1 ਨਿਰਵਿਰੋਧ ਤੌਰ 'ਤੇ ਗੁਰਇਕਬਾਲ ਸਿੰਘ ਚੁਣੇ ਗਏ।ਸਕੱਤਰ-2 ਨਿਰਵਿਰੋਧ ਚੁਣੇ ਗਏ ਸਤਵਿੰਦਰ ਸਿੰਘ।ਜੁਆਇੰਟ ਖਜ਼ਾਨਚੀ-1 ਨਿਰਵਿਰੋਧ ਚੁਣੇ ਗਏ ਹਰਮਿੰਦਰ ਸਿੰਘ।ਜੁਆਇੰਟ ਖਜ਼ਾਨਚੀ-2 ਲਈ ਸੁਰਿੰਦਰ ਸਿੰਘ 746 ਵੋਟਾਂ ਲੈ ਕੇ ਬਣੇ।ਜਥੇਬੰਦੀ ਸਕੱਤਰ (ਓ) ਨਿਰਵਿਰੋਧ ਚੁਣੇ ਗਏ ਬਰਿੰਦਰ ਸਿੰਘ।ਸੁਰਜੀਤ ਸਿੰਘ 718 ਵੋਟਾਂ ਲੈ ਕੇ ਜਥੇਬੰਦੀ ਸਕੱਤਰ (ਰ) ਚੁਣੇ ਗਏ।ਕਰਨੈਲ ਸਿੰਘ 714 ਵੋਟਾਂ ਲੈ ਕੇ ਪ੍ਰਚਾਰ ਸਕੱਤਰ (ਓ) ਚੁਣੇ ਗਏ, ਜਦ ਕਿ ਜਗਦੀਪ ਸਿੰਘ ਪ੍ਰਚਾਰ ਸਕੱਤਰ (ਰ) ਨਿਰਵਿਰੋਧ ਚੁਣੇ ਗਏ।ਜਨਰਲ ਸਕੱਤਰ ਮਨਮੋਹਨ ਸਿੰਘ ਵੱਲੋਂ ਇਲੈਕਸ਼ਨ ਕਮੇਟੀ ਦੇ ਚੇਅਰਮੈਨ ਜਗਜੀਤ ਸਿੰਘ ਤੇ ਉਨ੍ਹਾਂ ਦੀ ਸਾਰੀ ਕਮੇਟੀ ਦਾ ਅਤੇ ਸਿਕਿਊਰਿਟੀ ਸਟਾਫ ਦਾ ਇਸ ਇਲੈਕਸ਼ਨ ਦਾ ਸਾਰਾ ਪ੍ਰੋਸੈੱਸ ਸ਼ਾਂਤਮਈ ਢੰਗ ਨਾਲ ਨਿਪਟਾਉਣ ਲਈ ਧੰਨਵਾਦ ਕੀਤਾ ਗਿਆ।ਉਨ੍ਹਾਂ ਵੱਲੋਂ ਸਮੂਹ ਮੁਲਾਜ਼ਮਾਂ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਵੱਧ ਚੜ੍ਹ ਕੇ ਵੋਟਾਂ ਪਾਈਆਂ ਤੇ ਅੰਬ ਗਰੁੱਪ ਦੀ ਟੀਮ ਨੂੰ ਲਗਾਤਾਰ ਛੇਵੀਂ ਵਾਰ ਜਿਤਾਇਆ।ਪ੍ਰਧਾਨ ਚੁਣੇ ਗਏ ਬਲਦੇਵ ਸਿੰਘ ਵਾਲੀਆ ਨੇ ਜਿੱਤ ਉਪਰੰਤ ਸਮੂਹ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਿਵੇਂ ਪਹਿਲਾਂ ਮੁਲਾਜ਼ਮਾਂ ਦੀਆਂ ਇਤਿਹਾਸਕ ਮੰਗਾਂ ਮਨਵਾ ਕੇ ਮੁਲਾਜ਼ਮਾਂ ਦੀ ਝੋਲੀ ਵਿੱਚ ਪਾਈਆਂ, ਉਸ ਤਰ੍ਹਾਂ ਅੱਗੇ ਵੀ ਉਨ੍ਹਾਂ ਦੀ ਟੀਮ ਜਾਰੀ ਕੀਤੇ ਮੈਨੀਫੈਸਟੋ ਵਿੱਚ ਲਿਖੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਯਤਨਸ਼ੀਲ ਰਹੇਗੀ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਮੂਹ ਮੁਲਾਜ਼ਮਾਂ ਦਾ ਧੰਨਵਾਦ ਕੀਤਾ ਗਿਆ ਤੇ ਨਾਲ ਹੀ ਇਲੈਕਸ਼ਨ ਕਮੇਟੀ ਦਾ ਵੀ ਧੰਨਵਾਦ ਕੀਤਾ।ਪੀ.ਏ.ਯੂ. ਪੈਨਸ਼ਨਰਜ਼ ਤੇ ਰਿਟਾਇਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਡੀ. ਪੀ. ਮੌੜ ਨੇ ਵੱਲੀਆ ਨੂੰ ਛੇਵੀਂ ਵਾਰ ਲਗਾਤਾਰ ਪ੍ਰਧਾਨ ਬਣਨ 'ਤੇ ਵਧਾਈਆਂ ਦਿੱਤੀਆਂ।

## ਨੈਸ਼ਨਲ ਕਾਲਜ ਵਿਖੇ ਸਾਲਾਨਾ ਐਥਲੈਟਿਕ ਮੀਟ ਕਰਵਾਈ

**ਭੀਖੀ (ਗੁਰਿੰਦਰ ਔਲਖ)**-ਸਥਾਨਕ ਸੰਸਥਾ ਨੈਸ਼ਨਲ ਕਾਲਜ ਭੀਖੀ ਦੀ ਦੋ ਰੋਜ਼ਾ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ, ਜਿਸ ਦੀ ਸ਼ੁਰੂਆਤ ਕਾਲਜ ਦੇ ਸਰਪ੍ਰਸਤ ਬਾਬਾ ਪੂਰਨ ਨਾਥ ਹੋਰੀਂ ਕਲਾਂ ਵਾਲੇ, ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ, ਕਾਲਜ ਪ੍ਰਿੰਸੀਪਲ ਡਾ. ਐੱਮ ਕੇ ਮਿਸ਼ਰਾ, ਪ੍ਰੋ. ਗੁਰਤੇਜ ਸਿੰਘ ਤੇਜੀ ਦੁਆਰਾ ਝੰਡਾ ਲਹਿਰਾ ਕੇ ਤੇ ਸਰਸਵਤੀ ਮਾਤਾ ਦੀ ਪੂਜਾ ਕਰਕੇ ਕੀਤੀ ਗਈ। ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕਰਕੇ ਆਏ ਮਹਿਮਾਨਾਂ ਨੂੰ ਸਲਾਮੀ ਦਿੱਤੀ ਗਈ।ਇਸ ਮੀਟ ਦੇ ਪਹਿਲੇ ਦਿਨ ਦੌਰਾਨ ਵਿਦਿਆਰਥੀਆਂ ਦੇ 200 ਮੀਟਰ ਲੜਕਿਆਂ ਦੀ ਦੌੜ, 400 ਮੀਟਰ ਲੜਕੀਆਂ ਦੀ ਦੌੜ, ਉੱਚੀ ਛਾਲ (ਲੜਕੇ ਤੇ ਲੜਕੀਆਂ), ਥ੍ਰੀ ਲੈਗ ਰੇਸ (ਲੜਕੇ ਤੇ ਲੜਕੀਆਂ), ਲੰਬੀ ਛਾਲ ਲੜਕੀਆਂ, 800 ਮੀਟਰ ਦੌੜ ਲੜਕਿਆਂ ਦੀ, ਸ਼ਾਟ-ਪੁੱਟ (ਲੜਕੇ ਤੇ ਲੜਕੀਆਂ), ਬੋਰੀ ਰੇਸ (ਲੜਕੀਆਂ), ਸਪੂਨ ਰੇਸ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ।



## ਕਾਤਰਾਂ

### ਦੰਦਾਂ ਦਾ ਮੁਫਤ ਚੈੱਕਅੱਪ ਕੈਂਪ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਜੌੜਾ ਮਲਟੀਸਪੈਸ਼ਲਟੀ ਹਸਪਤਾਲ ਤੇ ਡੈਂਟਲ ਕਲੀਨਿਕ ਡਾਕਟਰ ਅਕਾਸ਼ਦੀਪ ਜੌੜਾ ਐੱਮ ਡੀ ਐੱਸ ਵੱਲੋਂ ਡਾਕਟਰ ਰਣਜੀਤ ਸਿੰਘ ਦੀ ਯਾਦ ਨੂੰ ਸਮਰਪਤ ਦੰਦਾਂ ਦਾ ਮੁਫਤ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ 130 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ ਅਤੇ ਅੱਗੇ ਤੋਂ ਇਸੇ ਤਰ੍ਹਾਂ ਦੇ ਕੈਂਪ ਲਗਾਉਣ ਦਾ ਵਾਅਦਾ ਕੀਤਾ ਗਿਆ। ਇਸ ਦੌਰਾਨ ਹਸਪਤਾਲ ਦੀ ਮੈਨੇਜਮੈਂਟ ਤੇ ਸਮੂਹ ਸਟਾਫ਼ ਹਾਜ਼ਰ ਸੀ ਅਤੇ ਇਸ ਕੈਂਪ ਵਿੱਚ ਲੋਕਾਂ ਦਾ ਆਉਣ 'ਤੇ ਵਿਸ਼ੇਸ਼ ਧੰਨਵਾਦ ਕੀਤਾ ਗਿਆ।

### ਕਾਫੀ ਸਮੇਂ ਤੋਂ ਫਰਾਰ ਚੱਲ ਰਿਹਾ ਭਗੌੜਾ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਪੁਲਸ ਵੱਲੋਂ ਜ਼ਿਲ੍ਹੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਨੱਥ ਪਾਉਣ ਤੇ ਵੱਖ-ਵੱਖ ਮਾਮਲਿਆਂ ਵਿੱਚ ਲੋੜੀਂਦੇ ਭਗੌੜੇ ਅਪਰਾਧੀਆਂ ਨੂੰ ਫੜਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਪੁਲਸ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਇਕ ਪੁਰਾਣੇ ਅਪਰਾਧਿਕ ਮਾਮਲੇ ਵਿੱਚ ਲੰਬੇ ਸਮੇਂ ਤੋਂ ਫਰਾਰ ਚੱਲ ਰਹੇ ਇਕ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਸਿੱਧੂ ਫਿਰੋਜ਼ਪੁਰ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਗ੍ਰਿਫਤਾਰੀ ਕਸਬਾ ਮੱਲਾਂਵਾਲਾ ਦੇ ਇਲਾਕੇ ਵਿੱਚੋਂ ਕੀਤੀ ਗਈ ਹੈ। ਪੁਲਸ ਨੇ ਮੁਸ਼ਤੈਦੀ ਦਿਖਾਉਂਦੇ ਹੋਏ ਮੁਲਜ਼ਮ ਨੂੰ ਘੇਰਾ ਪਾ ਕੇ ਕਾਬੂ ਕੀਤਾ ਤੇ ਤੁਰੰਤ ਸਬੰਧਤ ਥਾਣੇ ਦੀ ਪੁਲਸ ਦੇ ਹਵਾਲੇ ਕਰ ਦਿੱਤਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਅਦਾਲਤ ਵੱਲੋਂ ਭਗੌੜਾ ਐਲਾਨਿਆ ਹੋਇਆ ਸੀ ਤੇ ਪੁਲਸ ਦੀ ਪਕੜ ਤੋਂ ਬਚਣ ਲਈ ਆਪਣਾ ਟਿਕਾਣਾ ਬਦਲ ਰਿਹਾ ਸੀ। ਮੱਲਾਂਵਾਲਾ ਪੁਲਸ ਨੇ ਮੁਲਜ਼ਮ ਖਿਲਾਫ ਦਰਜ ਮਾਮਲੇ ਵਿੱਚ ਉਸ ਦੀ ਰਸਮੀ ਗ੍ਰਿਫਤਾਰੀ ਪਾ ਦਿੱਤੀ ਹੈ। ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।


### ਬੀ ਐੱਸ ਐੱਫ ਤੇ ਪੁਲਸ ਨੇ ਚੀਨੀ ਡਰੋਨ ਕੀਤਾ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ-ਪਾਕਿ ਸਰਹੱਦ 'ਤੇ ਦੇਸ਼ ਵਿਰੋਧੀ ਅਨਸਰਾਂ ਦੀਆਂ ਨਾਪਾਕ ਹਰਕਤਾਂ ਨੂੰ ਨਾਕਾਮ ਕਰਦੇ ਹੋਏ ਫਿਰੋਜ਼ਪੁਰ ਪੁਲਸ ਤੇ ਸੀਮਾ ਸੁਰੱਖਿਆ ਬਲ ਨੇ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਸਫਲਤਾ ਹਾਸਲ ਕੀਤੀ ਹੈ। ਥਾਣਾ ਸਦਰ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਐੱਸਐੱਫ ਦੀ ਚੌਕੀ ਪਛਾੜੀਆਂ ਦੇ ਅਸਿਸਟੈਂਟ ਕਮਾਂਡੈਂਟ ਸ੍ਰੀ ਜੈ ਭਗਵਾਨ ਵੱਲੋਂ ਮਿਲੀ ਸੂਚਨਾ ਦੇ ਆਧਾਰ 'ਤੇ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਜਾਣਕਾਰੀ ਅਨੁਸਾਰ ਸਰਹੱਦੀ ਖੇਤਰ ਵਿੱਚ ਡਰੋਨ ਦੀ ਐਕਟੀਵਿਟੀ ਮਹਿਸੂਸ ਕੀਤੀ ਗਈ ਸੀ। ਇਸ ਤੋਂ ਤੁਰੰਤ ਬਾਅਦ ਬੀਐੱਸਐੱਫ ਤੇ ਥਾਣਾ ਸਦਰ ਫਿਰੋਜ਼ਪੁਰ ਦੀਆਂ ਟੀਮਾਂ ਵੱਲੋਂ ਸਾਂਝਾ ਸਰਚ ਆਪ੍ਰੇਸ਼ਨ ਚਲਾਇਆ ਗਿਆ। ਤਲਾਸ਼ੀ ਦੌਰਾਨ ਪਿੰਡ ਪ੍ਰੀਤਮ ਸਿੰਘ ਵਾਲਾ ਦੇ ਖੇਤਾਂ ਵਿੱਚੋਂ ਇਕ ਚੀਨ ਦਾ ਬਣਿਆ ਹੋਇਆ ਹਾਈ-ਟੈਕ ਡਰੋਨ ਬਰਾਮਦ ਹੋਇਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਪੰਜਾਬ ਸਰਕਾਰ ਵੱਲੋਂ 'ਮੇਰੀ ਰਸੋਈ' ਸਕੀਮ ਇਤਿਹਾਸਕ ਕਦਮ : ਚੇਅਰਮੈਨ ਮਧੇਕੇ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਆਮ ਆਦਮੀ ਪਾਰਟੀ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਬਰਿੰਦਰ ਕੁਮਾਰ ਮਧੇਕੇ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 'ਮੇਰੀ ਰਸੋਈ' ਸਕੀਮ ਸ਼ੁਰੂ ਕਰਨ ਦੀ ਖੁੱਲ੍ਹੇ ਦਿਲ ਨਾਲ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਪੱਖੀ ਤੇ ਆਮ ਲੋਕਾਂ ਦੇ ਦੁੱਖ ਦਰਦ ਸਮਝਣ ਵਾਲੀ ਸਰਕਾਰ ਦਾ ਮੁਖੀ ਹੀ ਅਜਿਹੀਆਂ ਸਕੀਮਾਂ ਰਾਹੀਂ ਲੋਕਾਂ ਨੂੰ ਵੱਡਾ ਲਾਹਾ ਦੇ ਸਕਦਾ ਹੈ, ਨਹੀਂ ਤਾਂ ਪਿਛਲੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨੇ ਤਾਂ ਆਪਣੇ ਚਹੇਤਿਆਂ ਨੂੰ ਹੀ ਫਾਇਦੇ ਪਹੁੰਚਾਏ ਸਨ, ਪਰ ਆਮ ਆਦਮੀ ਪਾਰਟੀ ਆਪਣੇ ਕੀਤੇ ਵਾਅਦੇ ਤਾਂ ਪੂਰੇ ਕਰ ਹੀ ਰਹੀ ਹੈ, ਸਗੋਂ ਹੋਰ ਵੀ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰ ਰਹੀ ਹੈ।ਚੇਅਰਮੈਨ ਮਧੇਕੇ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਵਿਆਪਕ ਪੱਧਰ 'ਤੇ ਖੁਰਾਕ ਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਅਜਿਹੀ ਇਤਿਹਾਸਕ ਪਹਿਲ ਕੀਤੀ ਹੈ, ਜਿਸ ਨਾਲ 40 ਲੱਖ ਨੀਲੇ ਕਾਰਡ ਧਾਰਕ ਪਰਵਾਰਾਂ ਨੂੰ ਲਾਭ ਪਹੁੰਚੇਗਾ।ਚੇਅਰਮੈਨ ਮਧੇਕੇ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ ਕਿ ਕਿਸੇ ਸਰਕਾਰ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦਿਆਂ ਤੋਂ ਜ਼ਿਆਦਾ ਲਾਭਦਾਇਕ ਸਕੀਮਾਂ ਆਪਣੇ ਰਾਜ ਦੇ ਲੋਕਾਂ ਨੂੰ ਦਿੱਤੀਆਂ ਹੋਣ, ਕਿਉਂਕਿ ਆਮ ਆਦਮੀ ਪਾਰਟੀ ਨੇ ਇਹ ਗਰੰਟੀ ਤਾਂ ਚੋਣ ਮਨੋਰਥ ਪੱਤਰ ਵਿੱਚ ਲਿਖੀ ਹੀ ਨਹੀਂ ਸੀ, ਪਰ ਇਹ ਪੰਜਾਬ ਦੇ ਲੋਕਾਂ ਪ੍ਰਤੀ ਸਰਕਾਰ ਨੇ ਆਪਣੀ ਨੈਤਿਕ ਜ਼ੁੰਮੇਵਾਰੀ ਤਹਿਤ ਸਕੀਮ ਸ਼ੁਰੂ ਕੀਤੀ ਗਈ ਹੈ।ਚੇਅਰਮੈਨ ਮਧੇਕੇ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਸ ਕਦਮ ਨਾਲ ਉਨ੍ਹਾਂ ਕੋਲ ਅੱਜ ਕਹਿਣ ਨੂੰ ਕੁੱਝ ਵੀ ਨਹੀਂ ਰਹਿ ਗਿਆ, ਕਿਉਂਕਿ ਵਿਰੋਧੀ ਪਾਰਟੀਆਂ ਹਰੇਕ ਮੁੱਦੇ 'ਤੇ ਸੌੜੀ ਰਾਜਨੀਤੀ ਹੀ ਕਰ ਸਕਦੀਆਂ ਹਨ, ਪਰ ਪੰਜਾਬ ਦੇ ਲੋਕਾਂ ਲਈ ਉਨ੍ਹਾਂ ਕੋਲ ਕੋਈ ਰੋਡਮੈਪ ਨਹੀਂ ਜੋ ਉਹ ਦੇ ਸਕਣ।ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ ਦੀਨਾ ਸਾਹਿਬ, ਦਵਿੰਦਰ ਸਿੰਘ ਤਖਤੂਪੁਰਾ ਸੰਗਠਨ ਇੰਚਾਰਜ, ਸੱਤਪਾਲ ਭੋਲਾ ਦਫਤਰ ਇੰਚਾਰਜ, ਪ੍ਰਦੀਪ ਸ਼ਰਮਾ ਤੇ ਦਿਲਪ੍ਰੀਤ ਭਾਗੀਕੇ ਹਾਜ਼ਰ ਸਨ।

## ਧਰਮਸੋਤ ਤੇ ਖਨੌੜਾ ਦੀ ਅਗਵਾਈ 'ਚ ਬਰਨਾਲਾ ਰੈਲੀ 'ਚ ਪੁੱਜਾ ਕਾਫ਼ਲਾ



**ਨਾਭਾ (ਵਰਿੰਦਰ ਵਰਮਾ)**-ਕਾਂਗਰਸ ਪਾਰਟੀ ਵੱਲੋਂ ਸੂਬਾ ਪੱਧਰੀ ਮਨਰੇਗਾ ਬਚਾਓ ਬਰਨਾਲਾ ਰੈਲੀ 'ਚ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਦੀ ਅਗਵਾਈ ਹੇਠ ਬੱਸਾਂ ਤੇ ਵੱਡੀ ਗਿਣਤੀ ਵਿੱਚ ਕਾਰਾਂ ਸਮੇਤ ਵੱਡਾ ਕਾਫ਼ਲਾ ਹਲਕਾ ਨਾਭਾ ਤੋਂ ਰਵਾਨਾ ਹੋਇਆ।ਇਸ ਮੌਕੇ ਉਨ੍ਹਾਂ ਕਿਹਾ ਕਿ ਕਾਂਗਰਸ ਦੀ ਮਨਰੇਗਾ ਬਚਾਓ ਸੰਗਰਾਮ ਬਰਨਾਲਾ ਰੈਲੀ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ।ਇਸ ਮੌਕੇ ਉਨ੍ਹਾਂ ਨਾਲ ਪੀਏ ਚਰਨਜੀਤ ਬਾਤਿਸ, ਭਗਵੰਤ ਸਿੰਘ ਮਨਕੂ ਭਾਦਸੋਂ ਕਨਵੀਨਰ ਓਬੀਸੀ, ਪਰਮਜੀਤ ਸਿੰਘ ਖਟੜਾ ਸਾਬਕਾ ਚੇਅਰਮੈਨ, ਬਲਾਕ ਪ੍ਰਧਾਨ ਬਿੱਟੂ ਢੀਂਗੀ, ਸ਼ਹਿਰੀ ਪ੍ਰਧਾਨ ਵਿਵੇਕ ਸਿੰਗਲਾ, ਯੂਥ ਆਗੂ ਗੁਰਦਿੱਤ ਸੇਠ, ਸਾਬਕਾ ਪ੍ਰਧਾਨ ਗੁਰਬਖਸ਼ੀਸ਼ ਸਿੰਘ ਭੱਟੀ, ਸਵਰਨ ਸਿੰਘ ਰਾਮਗੜ ਸਾਬਕਾ ਸਰਪੰਚ, ਕੌਂਸਲਰ ਮਾਂਟੂ ਪਾਹੂਜਾ, ਸਾਬਕਾ ਚੇਅਰਮੈਨ ਹਰਦੇਵ ਸਿੰਘ ਅਗੇਤੀ, ਬਲਾਕ ਸੰਮਤੀ ਮੈਂਬਰ ਦਿਲਵਰ ਸਿੰਘ ਕਨਸੂਹਾ, ਮੈਂਬਰ ਬਲਾਕ ਸੰਮਤੀ ਤੇ ਸਾਬਕਾ ਸਰਪੰਚ ਇੰਦਰਜੀਤ ਸਿੰਘ ਚੀਕੂ, ਪ੍ਰਗਟ ਸਿੰਘ ਭੜੀ, ਹਰਪਾਲ ਸਿੰਘ ਚਹਿਲ, ਮਨਜਿੰਦਰ ਜ਼ਿੰਦਰੀ, ਗੁਰਚਰਨ ਸਿੰਘ ਦੁਲੱਦੀ, ਚਰਨ ਸਿੰਘ ਕੋਟ, ਤੇਜਿੰਦਰ ਸਿੰਘ ਸੇਠੀ ਨਾਭਾ, ਬਾਬਾ ਬਚਿੱਤਰ ਸਿੰਘ, ਅਵਤਾਰ ਸਿੰਘ ਮਠਾੜੂ, ਛਿੰਦਰ ਸਿੰਘ ਰੈਸਲ, ਸਿਕੰਦਰ ਸਿੰਘ ਅਗੇਤੀ, ਜੱਗਾ ਸਿੰਘ ਚੱਠੇ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ।

## ਸੰਸਾਰ ਦੇ ਸਮੁੱਚੇ ਨਿਆਂਪਸੰਦ ਲੋਕ ਤੇ ਸਰਕਾਰਾਂ ਈਰਾਨ 'ਤੇ ਹਮਲੇ ਦਾ ਵਿਰੋਧ ਕਰਨ : ਲਿਬਰੇਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਇਜ਼ਰਾਈਲ-ਅਮਰੀਕੀ ਹਮਲਾਵਰ ਗਰੋਹ ਵੱਲੋਂ ਈਰਾਨ 'ਤੇ ਸ਼ੁਰੂ ਕੀਤੇ ਇੱਕਪਾਸੜ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਭਾਰਤ ਸਰਕਾਰ ਤੋਂ ਇਸ ਹਮਲੇ ਦੇ ਵਿਰੋਧ ਦੀ ਮੰਗ ਕੀਤੀ ਹੈ।ਲਿਬਰੇਸ਼ਨ ਦੇ ਸੂਬਾਈ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ, ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਰੁਲਦੂ ਸਿੰਘ ਮਾਨਸਾ ਤੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਕ ਪਾਸੇ ਇਹ ਹਮਲਾਵਰ ਟੋਲਾ ਓਮਾਨ ਦੀ ਵਿਚੋਲਗੀ ਨਾਲ ਈਰਾਨ ਨਾਲ ਕਿਸੇ ਸਮਝੌਤੇ ਲਈ ਗੱਲ ਚਲਾ ਰਹੇ ਸਨ, ਪਰ ਦੂਜੇ ਪਾਸੇ ਚੱਲ ਰਹੀ ਗੱਲਬਾਤ ਦੌਰਾਨ ਹੀ ਉਨ੍ਹਾਂ ਧੋਖੇ ਨਾਲ ਇਰਾਨ 'ਤੇ ਵੱਡਾ ਮਿਜ਼ਾਇਲੀ ਹਮਲਾ ਕਰ ਦਿੱਤਾ, ਕਿਉਂਕਿ ਇਹ ਹਮਲਾ ਪ੍ਰਧਾਨ ਮੰਤਰੀ ਮੋਦੀ ਦੇ ਇਜ਼ਰਾਈਲ ਦੌਰੇ ਤੋਂ ਤੁਰੰਤ ਬਾਅਦ ਸ਼ੁਰੂ ਹੋਇਆ ਹੈ, ਇਸ ਲਈ ਸੰਸਾਰ ਦੀਆਂ ਜੰਗ ਵਿਰੋਧੀ ਸ਼ਕਤੀਆਂ ਇਸ ਜੰਗ ਲਈ ਮੋਦੀ ਦੀ ਮੌਨ ਸਹਿਮਤੀ ਨੂੰ ਵੀ ਜ਼ਿੰਮੇਵਾਰ ਮੰਨ ਰਹੀਆਂ ਹਨ, ਜੋ ਭਾਰਤ ਦੀ ਗੁੱਟ-ਨਿਰਲੇਪ ਪਛਾਣ ਨੂੰ ਮਿੱਟੀ 'ਚ ਮਿਲਾਉਣ ਦੇ ਤੁਲ ਹੈ।

ਆਗੂਆਂ ਦਾ ਕਹਿਣਾ ਹੈ ਕਿ ਇਸ ਮਾਮਲੇ 'ਚ ਹਾਲੇ ਤੱਕ ਈਰਾਨ ਦਾ ਕੋਈ ਕਸੂਰ ਸਾਹਮਣੇ ਨਹੀਂ ਆਇਆ, ਬਲਕਿ ਇਸ ਦੇ ਲਈ ਦੁਨੀਆ ਭਰ ਦੇ ਤੇਲ ਤੇ ਹੋਰ ਕੁਦਰਤੀ ਸਰੋਤਾਂ ਉੱਤੇ ਕਬਜ਼ਾ ਕਰਨ ਦੀ ਟਰੰਪ ਸਰਕਾਰ ਸਾਮਰਾਜੀ ਹਾਬੜ੍ਹ ਜ਼ਿੰਮੇਵਾਰ ਹੈ।ਇਰਾਕ, ਲਿਬੀਆ, ਸੀਰੀਆ ਤੇ ਵੈਨੇਜ਼ੁਏਲਾ ਤੋਂ ਬਾਅਦ ਹੁਣ ਉਸ ਨੇ ਈਰਾਨ ਨੂੰ ਅਪਣੇ ਹਮਲੇ ਦਾ ਨਿਸ਼ਾਨਾ ਬਣਾਇਆ ਹੈ। ਅਮਰੀਕਾ ਦਾ ਵਿਦੇਸ਼ ਸਕੱਤਰ ਤਾਂ ਪੂਰੀ ਬੇਸ਼ਰਮੀ ਨਾਲ ਦੁਨੀਆਂ ਦੇ ਦੇਸ਼ਾਂ ਦੇ ਆਜ਼ਾਦੀ-ਪਸੰਦ ਅੰਦੋਲਨਾਂ ਵੱਲੋਂ ਹਰਾ ਕੇ ਸਮਾਪਤ ਕਰ ਦਿੱਤੇ ਗਏ ਸਿੱਧੀ ਗੁਲਾਮੀ ਦੇ ਨਮੂਨੇ-ਬਸਤੀਵਾਦੀ ਪ੍ਰਬੰਧ ਨੂੰ ਮੁੜ ਸਥਾਪਤ ਕਰਨ ਦੇ ਬਿਆਨ ਦਾਗ ਰਿਹਾ ਹੈ। ਇਸ ਲਈ ਸੰਸਾਰ ਦੀਆਂ ਤਮਾਮ ਅਮਨ ਪਸੰਦ ਸਰਕਾਰਾਂ ਤੇ ਲੋਕ ਸੰਗਠਨਾਂ ਨੂੰ ਅਜਹੀ ਜੰਗ ਰੁਕਵਾਉਣ ਲਈ ਹਮਲਾਵਰ ਇਜ਼ਰਾਈਲ-ਅਮਰੀਕਾ ਗਰੋਹ ਦਾ ਹਰ ਸੰਭਵ ਢੰਗ ਨਾਲ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ।

# ਸਬ-ਇੰਸਪੈਕਟਰ 50,000 ਰੁਪਏ ਰਿਸ਼ਵਤ ਲੈਂਦਾ ਰੰਗੇ-ਹੱਥੀਂ ਕਾਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਥਾਣਾ ਸਾਈਬਰ ਸੈੱਲ ਸੰਗਰੂਰ ਵਿਖੇ ਤਾਇਨਾਤ ਸਬ-ਇੰਸਪੈਕਟਰ ਮੇਵਾ ਸਿੰਘ ਨੂੰ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਕਤ ਦੋਸ਼ੀ ਨੂੰ ਪਿੰਡ ਕੋਠੇ ਮਹਾਂ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਤੇ ਉਸ ਦੀ ਪਤਨੀ ਵਿਰੁੱਧ ਥਾਣਾ ਸਾਈਬਰ ਕ੍ਰਾਈਮ ਸੰਗਰੂਰ ਵਿਖੇ ਇਕ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ੀ ਸਬ-ਇੰਸਪੈਕਟਰ ਜਾਂਚ ਅਧਿਕਾਰੀ ਸੀ।ਇਸ ਸਬੰਧੀ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਸਬ-ਇੰਸਪੈਕਟਰ ਨੇ ਉਸ ਦੀ ਪਤਨੀ ਨੂੰ ਇਸ ਕੇਸ ਵਿੱਚੋਂ ਬਰੀ ਕਰਵਾਉਣ ਵਿੱਚ ਮਦਦ ਕਰਨ ਬਦਲੇ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ।ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਨਾਲ ਸੰਪਰਕ ਕੀਤਾ।ਉਸ ਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਦੋਸ਼ੀ ਸਬ-ਇੰਸਪੈਕਟਰ ਮੇਵਾ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ।ਇਸ ਸਬੰਧੀ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਇਨਕਲਾਬੀ ਕੇਂਦਰ ਪੰਜਾਬ ਵੱਲੋਂ ਮੋਦੀ ਦੀ ਇਜ਼ਰਾਈਲ ਫੇਰੀ ਦਾ ਤਿੱਖਾ ਵਿਰੋਧ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਇਨਕਲਾਬੀ ਕੇਂਦਰ ਪੰਜਾਬ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਇਜ਼ਰਾਈਲ ਯਾਤਰਾ ਦੀ ਸਖ਼ਤ ਨਿੰਦਾ ਕੀਤੀ ਗਈ। ਪ੍ਰੈੱਸ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਕਿਹਾ ਕਿ ਇਹ ਦੌਰਾ ਭਾਰਤ ਸਮੇਤ ਸੰਸਾਰ ਭਰ ਦੇ ਮਿਹਨਤਕਸ਼ ਲੋਕਾਂ ਨਾਲ ਧੋਖਾ ਹੈ, ਕਿਉਂਕਿ ਇਜ਼ਰਾਈਲ ਸਰਕਾਰ ਜਿਸ ਦੀ ਅਗਵਾਈ ਜ਼ਿਉਣਵਾਦੀ ਹਾਕਮ ਬੈਂਜਾਮਿਨ ਨੇਤਨਯਾਹੂ ਕਰ ਰਿਹਾ ਹੈ, ਗਾਜ਼ਾ ਵਿੱਚ ਨਿਰਦੋਸ਼ 72000 ਤੋਂ ਵਧੇਰੇ ਫ਼ਲਸਤੀਨੀ ਲੋਕਾਂ ਦੇ ਕਤਲ, ਲੱਖਾਂ ਲੋਕਾਂ ਨੂੰ ਗੰਭੀਰ ਜ਼ਖ਼ਮੀ ਕਰਨ, ਦਹਿ ਲੱਖਾਂ ਨੂੰ ਉਜਾੜਨ ਦਾ ਦੋਸ਼ੀ ਹੈ। ਨੇਤਨਯਾਹੂ ਨੂੰ ਅੰਤਰਰਾਸ਼ਟਰੀ ਅਦਾਲਤ ਵੱਲੋਂ ਜੰਗੀ ਅਪਰਾਧੀ ਘੋਸ਼ਿਤ ਕੀਤਾ ਗਿਆ ਹੈ, ਪਰ ਉਹ ਮੋਦੀ ਨੂੰ ਆਪਣਾ ਭਰਾ ਆਖ ਰਿਹਾ ਹੈ ਤੇ ਨਰਿੰਦਰ ਮੋਦੀ ਇਜ਼ਰਾਈਲ ਦੀ ਪਾਰਲੀਮੈਂਟ ਵਿੱਚ ਖੜ ਕੇ ਇਜ਼ਰਾਈਲ ਨੂੰ 'ਫਾਦਰਲੈਂਡ' ਆਖ ਕੇ ਆਖ਼ਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ? ਗਾਜ਼ਾ ਵਿੱਚ ਹੋ ਰਹੀ ਤਬਾਹੀ ਸਿਰਫ਼ ਇਕ ਜੰਗ ਨਹੀਂ, ਸਗੋਂ ਸਾਮਰਾਜੀ ਤਾਕਤਾਂ ਵੱਲੋਂ ਸਮਰਥਿਤ ਇੱਕ ਜ਼ਬਰਦਸਤੀ ਕਬਜ਼ੇ ਤੇ ਨਸਲੀ ਸਫ਼ਾਏ ਦੀ ਕਾਰਵਾਈ ਹੈ। ਮੋਦੀ ਦੀ ਇਜ਼ਰਾਈਲ ਫੇਰੀ ਆਪਣੀ ਆਜ਼ਾਦੀ ਦੀ ਲੜਾਈ ਲੜ ਰਹੇ ਫ਼ਲਸਤੀਨੀਆਂ ਵਿਰੁੱਧ ਸਾਮਰਾਜੀ ਤਾਕਤਾਂ ਨਾਲ ਗੱਠਜੋੜ ਦੀ ਪ੍ਰਤੀਕ ਹੈ।

ਜਥੇਬੰਦੀ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਰਤ ਇਜ਼ਰਾਈਲ ਨਾਲ ਅਰਬਾਂ ਡਾਲਰਾਂ ਦੇ ਹਥਿਆਰਾਂ ਦੇ ਸਮਝੌਤੇ ਕਰਕੇ ਦੇਸ਼ ਦੇ ਮਿਹਨਤਕਸ਼ ਵਰਗ ਦੇ ਟੈਕਸ ਪੈਸੇ ਨੂੰ ਜੰਗੀ ਮਸ਼ੀਨਰੀ ਵਿੱਚ ਝੋਕਣ 'ਤੇ ਤੁਲਿਆ ਹੋਇਆ ਹੈ। ਡਰੋਨ, ਮਿਜ਼ਾਇਲ ਤੇ ਨਿਗਰਾਨੀ ਤਕਨਾਲੋਜੀ ਦੀ ਖ਼ਰੀਦ ਭਾਰਤ ਨੂੰ ਸਾਮਰਾਜੀ ਖੇਮੇ ਥੱਲੇ ਲਾ ਰਹੀ ਹੈ। ਇਹ ਸੌਦੇ ਲੋਕ ਹਿੱਤਾਂ ਲਈ ਨਹੀਂ, ਸਗੋਂ ਕਾਰਪੋਰੇਟ ਘਰਾਣਿਆਂ ਤੇ ਹਥਿਆਰ ਉਦਯੋਗ ਦੇ ਸੁਪਰ ਮੁਨਾਫ਼ਿਆਂ ਲਈ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਜ਼ਰਾਈਲ ਵੱਲੋਂ ਇਰਾਨ ਖ਼ਿਲਾਫ਼ ਚੱਲ ਰਹੀ ਜੰਗੀ ਰਣਨੀਤੀ ਵੀ ਪੂਰੇ ਪੱਛਮੀ ਏਸ਼ੀਆ ਨੂੰ ਅੱਗ ਵਿੱਚ ਝੋਕਣ ਵਾਲੀ ਹੈ। ਟਰੰਪ ਮੋਦੀ ਦੀ ਇਸ ਹੱਦ ਤੱਕ ਬਾਂਹ ਮਰੋੜ ਰਿਹਾ ਹੈ ਕਿ ਹੁਣ ਟਰੰਪ ਨਾਲ ਸੁਲਾਹ-ਸਫਾਈ ਕਰਨ ਲਈ ਮੋਦੀ ਨੂੰ ਇਜ਼ਰਾਈਲ ਜਾਣਾ ਪੈ ਰਿਹਾ ਹੈ ਤਾਂ ਕਿ ਟਰੰਪ ਦੇ ਪੱਕੇ ਪਿੱਠੂ ਨੇਤਨਯਾਹੂ ਨੂੰ ਮਿਲ ਕੇ ਟਰੰਪ ਦੇ ਗੁੱਸੇ ਨੂੰ ਠੰਡਾ ਕੀਤਾ ਜਾ ਸਕੇ। ਮੋਦੀ ਦੀ ਨਬਜ਼ ਟਰੰਪ ਦੇ ਹੱਥ ਵਿੱਚ ਹੈ ਕਿ ਟਰੰਪ ਕਈ ਵਾਰ ਮੋਦੀ ਦੇ ਸਿਆਸੀ ਕੈਰੀਅਰ ਨੂੰ ਤਬਾਹ ਕਰਨ ਦੀਆਂ ਧਮਕੀਆਂ ਦੇ ਚੁੱਕਾ ਹੈ। ਉਸ ਦਾ ਇਸ਼ਾਰਾ ਮੋਦੀ ਦੇ ਅਮਲੇ-ਫੈਲੇ ਤੇ ਖ਼ੁਦ ਦੇ ਐਪਸਟੀਨ ਫਾਈਲਾਂ ਅਤੇ ਅਡਾਨੀ ਦੇ ਘੁਟਾਲਿਆਂ ਵੱਲ ਹੋ ਸਕਦਾ ਹੈ। ਇਸ ਤਰ੍ਹਾਂ ਮੋਦੀ ਹਕੂਮਤ ਵੱਲੋਂ ਭਾਰਤ ਨੂੰ ਅਮਰੀਕਾ-ਇਜ਼ਰਾਈਲ ਗੱਠਜੋੜ ਕੋਲ ਗਹਿਣੇ ਪਾਇਆ ਜਾ ਰਿਹਾ ਹੈ।

ਸੂਬਾ ਆਗੂਆਂ ਮੁਖਤਿਆਰ ਸਿੰਘ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਤੇ ਜਸਵੰਤ ਸਿੰਘ ਨੇ ਮੰਗ ਕੀਤੀ ਕਿ ਭਾਰਤ ਸਰਕਾਰ ਇਜ਼ਰਾਈਲ ਨਾਲ ਫ਼ੌਜੀ ਸਹਿਯੋਗ ਖ਼ਤਮ ਕਰੇ, ਫ਼ਲਸਤੀਨੀ ਲੋਕਾਂ ਦੀ ਆਜ਼ਾਦੀ ਦਾ ਖੁੱਲ੍ਹਾ ਸਮਰਥਨ ਕਰੇ ਤੇ ਗਾਜ਼ਾ ਵਿੱਚ ਜੰਗਬੰਦੀ ਲਈ ਅੰਤਰਰਾਸ਼ਟਰੀ ਦਬਾਅ ਬਣਾਏ। ਉਨ੍ਹਾਂ ਕਿਹਾ ਕਿ ਅਸੀਂ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ ਤੇ ਪ੍ਰਗਤੀਸ਼ੀਲ ਤਾਕਤਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਸੜਕਾਂ 'ਤੇ ਉੱਤਰ ਕੇ ਇਸ ਸਾਮਰਾਜੀ ਗੱਠਜੋੜ ਦਾ ਜ਼ੋਰਦਾਰ ਵਿਰੋਧ ਕਰਨ ਤੇ ਫ਼ਲਸਤੀਨੀ ਲੋਕਾਂ ਨਾਲ ਏਕਤਾ ਦਾ ਪ੍ਰਗਟਾਵਾ ਕਰਨ।


## ਟਰੱਕ ਤੇ ਐਕਟਿਵਾ ਦੀ ਟੱਕਰ 'ਚ ਔਰਤ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਬਾਜੀਦਪੁਰ ਵਿਖੇ ਟਰੱਕ ਤੇ ਕਾਰ ਦੀ ਟੱਕਰ ਵਿੱਚ ਇੱਕ ਔਰਤ ਦੀ ਮੌਤ ਤੇ ਇੱਕ ਵਿਅਕਤੀ ਦੇ ਜ਼ਖ਼ਮੀਂ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਲਦੇਵ ਰਾਜ ਪੁੱਤਰ ਦਇਆ ਰਾਮ ਵਾਸੀ ਪਿੰਡ ਬਾਜੀਦਪੁਰ ਨੇ ਦੱਸਿਆ ਕਿ ਬੀਤੀ 26 ਫਰਵਰੀ 2026 ਨੂੰ ਉਹ ਗਿਆਨ ਚੰਦ ਪੁੱਤਰ ਕਿਰਪਾਲ ਚੰਦ ਵਾਸੀ ਮਲੋਟ ਹਾਲ ਅਬਾਦ ਗਲੀ ਨੰਬਰ 2 ਦਸਮੇਸ਼ ਕਲੋਨੀ ਮੱਲਵਾਲ ਕਦੀਮ ਦੀ ਐਕਟਿਵਾ ਸਕੂਟਰੀ ਨੰਬਰ ਪੀਬੀ 04 ਕੇ 8910, ਜਿਸ ਨੂੰ ਗਿਆਨ ਚੰਦ ਖੁਦ ਚਲਾ ਰਿਹਾ ਸੀ, ਉਸ ਪਿੱਛ ਉਸ ਦੀ ਸੱਸ ਕੈਲਾਸ਼ ਰਾਣੀ ਪਤਨੀ ਮਨੋਹਰ ਲਾਲ ਵਾਸੀ ਪਿੰਡ ਬਾਜੀਦਪੁਰ ਬੈਠੀ ਸੀ, ਜੋ ਫਿਰੋਜ਼ਪੁਰ ਤੋਂ ਘਰੇਲੂ ਕੰਮਕਾਰ ਤੋਂ ਬਾਅਦ ਘਰ ਨੂੰ ਆ ਰਹੇ ਸੀ। ਬਲਦੇਵ ਰਾਜ ਨੇ ਦੱਸਿਆ ਕਿ ਜਦ ਮੇਨ ਰੋਡ ਗੇਟ ਗੁਰਦੁਆਰਾ ਜਾਮਨੀ ਸਾਹਿਬ ਫਿਰੋਜ਼ਪੁਰ ਤੋਂ ਪਿੰਡ ਬਾਜੀਦਪੁਰ ਵੱਲ ਨੂੰ ਮੁੜਨ ਲੱਗੇ ਤਾਂ ਇਕ ਤੇਜ਼ ਰਫਤਾਰ ਟਰੱਕ ਨੰਬਰ ਪੀਬੀ 05 ਡਬਲਯੂ 9491 ਨੇ ਬਿਨਾਂ ਹਾਰਨ ਦਿੱਤੇ ਲਾਪ੍ਰਵਾਹੀ ਨਾਲ ਉਸ ਦੇ ਵੇਖਦੇ ਹੀ ਵੇਖਦੇ ਗਿਆਨ ਚੰਦ ਦੀ ਐਕਟਿਵਾ ਸਕੂਟਰੀ ਵਿੱਚ ਮਾਰਿਆ, ਜਿਸ ਨਾਲ ਗਿਆਨ ਚੰਦ ਤੇ ਉਸ ਦੀ ਮਾਸੀ ਦੇ ਕਾਫੀ ਗੰਭੀਰ ਸੱਟਾਂ ਲੱਗ ਗਈਆਂ। ਬਲਦੇਵ ਰਾਜ ਨੇ ਦੱਸਿਆ ਕਿ ਇਲਾਜ ਦੌਰਾਨ ਡਾਕਟਰ ਨੇ ਉਸ ਦੀ ਮਾਸੀ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤ ਤੇ ਗਿਆਨ ਚੰਦ ਜ਼ੇਰੇ ਇਲਾਜ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਤਰਲੋਕ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

# ਰੇਲਵੇ ਬਿਜ਼ਨੈੱਸ ਡਿਵੈੱਲਪਮੈਂਟ ਯੂਨਿਟ ਦੀ ਐੱਫ ਸੀ ਆਈ ਨਾਲ ਅਹਿਮ ਮੀਟਿੰਗ

## ਕੱਥੂਨੰਗਲ ਕਾਰਗੋ ਟਰਮੀਨਲ ਰਾਹੀਂ ਜੰਮੂ-ਕਸ਼ਮੀਰ ਨੂੰ ਭੇਜਿਆ ਜਾਵੇਗਾ ਅਨਾਜ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੰਡਲ ਦੀ ਬਿਜ਼ਨੈੱਸ ਡਿਵੈਲਪਮੈਂਟ ਯੂਨਿਟ ਵੱਲੋਂ ਰੇਲਵੇ ਦੇ ਮਾਲ ਭਾੜੇ ਨੂੰ ਉਤਸ਼ਾਹਤ ਕਰਨ ਤੇ ਨਵੇਂ ਵਪਾਰਕ ਮੌਕੇ ਤਲਾਸ਼ਣ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐੱਫਸੀਆਈ) ਦੇ ਨੁਮਾਇੰਦਿਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। 26 ਫਰਵਰੀ ਨੂੰ ਹੋਈ ਇਸ ਉੱਚ ਪੱਧਰੀ ਬੈਠਕ ਦਾ ਮੁੱਖ ਏਜੰਡਾ ਦੇਸ਼ ਦੇ ਅੰਦਰ ਖ਼ਾਸ ਕਰਕੇ ਪੰਜਾਬ ਤੋਂ ਦੂਜੇ ਸੂਬਿਆਂ ਤੱਕ ਅਨਾਜ ਦੀ ਸਪਲਾਈ ਨੂੰ ਰੇਲ ਮਾਰਗ ਰਾਹੀਂ ਤੇਜ਼ ਕਰਨਾ ਸੀ। ਭਾਰਤੀ ਰੇਲਵੇ ਦੇਸ਼ ਦੀ ਜਨਤਕ ਵੰਡ ਪ੍ਰਣਾਲੀ (ਪੀਡੀਐੱਸ) ਦੀ ਇਕ ਮਜ਼ਬੂਤ ਕੜੀ ਵਜੋਂ ਜਾਣੀ ਜਾਂਦੀ ਹੈ। ਮੀਟਿੰਗ ਦੌਰਾਨ ਚਰਚਾ ਕੀਤੀ ਗਈ ਕਿ ਪੰਜਾਬ ਵਰਗੇ ਵੱਧ ਪੈਦਾਵਾਰ ਵਾਲੇ ਸੂਬਿਆਂ ਤੋਂ ਅਨਾਜ ਨੂੰ ਉਨ੍ਹਾਂ ਹਿੱਸਿਆਂ ਤੱਕ ਪਹੁੰਚਾਉਣਾ, ਜਿੱਥੇ ਇਸ ਦੀ ਘਾਟ ਹੈ, ਰੇਲਵੇ ਦੀ ਮੁੱਢਲੀ ਜ਼ਿੰਮੇਵਾਰੀ ਹੈ। ਰੇਲ ਮਾਰਗ ਰਾਹੀਂ ਹੋਣ ਵਾਲੀ ਢੋਆ-ਢੁਆਈ ਨਾ ਸਿਰਫ਼ ਸਸਤੀ ਤੇ ਕਿਫ਼ਾਇਤੀ ਹੈ, ਸਗੋਂ ਇਹ ਸੜਕੀ ਮਾਰਗ ਦੇ ਮੁਕਾਬਲੇ ਕਿਤੇ ਜ਼ਿਆਦਾ ਤੇਜ਼ ਤੇ ਭਰੋਸੇਮੰਦ ਵੀ ਹੈ। ਇਸ ਨਾਲ ਦੇਸ਼ ਦੇ ਹਰ ਨਾਗਰਿਕ ਤੱਕ ਅਨਾਜ ਦੀ ਪਹੁੰਚ ਯਕੀਨੀ ਬਣਦੀ ਹੈ। ਸੀਨੀਅਰ ਮੰਡਲ ਪਰਿਚਾਲਨ ਪ੍ਰਬੰਧਕ ਗੁਰਸ਼ਰਨ ਪਾਠਕ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਵਿੱਚ ਇਕ ਫੈਸਲਾ ਲਿਆ ਗਿਆ। ਐੱਫਸੀਆਈ ਨੇ ਸਹਿਮਤੀ ਜਤਾਈ ਕਿ ਫਿਰੋਜ਼ਪੁਰ ਮੰਡਲ ਵਿਚ ਹਾਲ ਹੀ ਵਿੱਚ ਬਣੇ ਗਤੀ ਸ਼ਕਤੀ ਕਾਰਗੋ ਟਰਮੀਨਲ (ਕੱਥੂਨੰਗਲ) ਦੀ ਵਰਤੋਂ ਕੀਤੀ ਜਾਵੇਗੀ। ਇਸ ਟਰਮੀਨਲ ਰਾਹੀਂ ਜੰਮੂ-ਕਸ਼ਮੀਰ ਦੇ ਅਨੰਤਨਾਗ ਤੇ ਪੰਪੋਰ ਖੇਤਰਾਂ ਵਿਚ ਅਨਾਜ ਦੀ ਸਪਲਾਈ ਕੀਤੀ ਜਾਵੇਗੀ। ਰੇਲਵੇ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਕਿ ਪੰਜਾਬ ਤੋਂ ਦੇਸ਼ ਦੇ ਕੋਨੇ-ਕੋਨੇ ਵਿੱਚ ਅਨਾਜ ਪਹੁੰਚਾਉਣ ਲਈ ਵਾਧੂ ਰੈਕ ਤੇ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ। ਇਸ ਰਣਨੀਤਕ ਬੈਠਕ ਵਿੱਚ ਰੇਲਵੇ ਦੇ ਕਈ ਪ੍ਰਮੁੱਖ ਅਧਿਕਾਰੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮਨੂ ਗਰਗ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ-ਫਰੇਟ, ਭੁਪਿੰਦਰ ਸੀਨੀਅਰ ਮੰਡਲ ਮਕੈਨੀਕਲ ਇੰਜੀਨੀਅਰ, ਰਿਸ਼ੀ ਪਾਂਡੇ ਸੀਨੀਅਰ ਮੰਡਲ ਸੁਰੱਖਿਆ ਕਮਿਸ਼ਨਰ ਤੇ ਰਾਹੁਲ ਦੇਵ ਸੀਨੀਅਰ ਮੰਡਲ ਵਿੱਤ ਪ੍ਰਬੰਧਕ ਸ਼ਾਮਲ ਸਨ। ਇਸ ਨਾਲ ਜਿੱਥੇ ਰੇਲਵੇ ਦੀ ਆਮਦਨ ਵਿੱਚ ਵਾਧਾ ਹੋਵੇਗਾ, ਉੱਥੇ ਹੀ ਕਿਸਾਨਾਂ ਤੇ ਸਰਕਾਰੀ ਭੰਡਾਰਾਂ ਵਿੱਚ ਪਏ ਅਨਾਜ ਦੀ ਸਮੇਂ ਸਿਰ ਨਿਕਾਸੀ ਹੋ ਸਕੇਗੀ।

# ਮੋਤੀ ਨਗਰ ਸਕੂਲ ਮਾਮਲੇ 'ਚ ਸਮੂਹ ਜਥੇਬੰਦੀਆਂ ਦੀ ਅਹਿਮ ਮੀਟਿੰਗ

## ਪੀੜਤ ਅਧਿਆਪਕਾ ਨੂੰ ਇਨਸਾਫ਼ ਦਿਵਾਉਣ ਲਈ 3 ਨੂੰ ਧਰਨੇ ਦਾ ਐਲਾਨ




**ਲੁਧਿਆਣਾ (ਸਤੀਸ਼ ਸਚਦੇਵਾ)**-ਪ੍ਰਾਇਮਰੀ ਸਕੂਲ ਮੋਤੀ ਨਗਰ ਦੀ ਅਧਿਆਪਕਾ ਨਾਲ ਹੋਏ ਸ਼ੋਸ਼ਣ ਦੇ ਮਾਮਲੇ ਵਿੱਚ ਅਧਿਆਪਕ ਤੇ ਜਨਤਕ ਜਮਹੂਰੀ ਜਥੇਬੰਦੀਆਂ ਦੀ ਅਹਿਮ ਮੀਟਿੰਗ ਸਥਾਨਕ ਪੰਜਾਬੀ ਭਵਨ ਵਿਖੇ ਹੋਈ।

ਇਸ ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਡੀ ਟੀ ਐੱਫ ਦੇ ਜ਼ਿਲ੍ਹਾ ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਨੇ ਦੱਸਿਆ ਕਿ ਸਮੂਹ ਜਥੇਬੰਦੀਆਂ ਨੇ ਇਸ ਮਾਮਲੇ ਵਿੱਚ ਪੀੜਤ ਅਧਿਆਪਕਾ ਨੂੰ ਇਨਸਾਫ਼ ਦੇਣ ਵਿੱਚ ਰੁਕਾਵਟਾਂ ਖੜੀਆਂ ਕਰਨ ਵਾਲੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਰੋਸ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇੱਕ ਪਾਸੇ ਸ਼ਿਕਾਇਤਕਰਤਾ ਪੀੜਤ ਅਧਿਆਪਕਾ ਨੂੰ ਹੀ 35 ਕਿਲੋਮੀਟਰ ਦੂਰ ਬਦਲਿਆ ਹੋਇਆ ਹੈ, ਜਦਕਿ ਕਥਿਤ ਦੋਸ਼ੀ ਹੈੱਡ ਟੀਚਰ ਦੀ ਸਿੱਖਿਆ ਵਿਭਾਗ ਵੱਲੋਂ ਪੰਜ ਕਿਲੋਮੀਟਰ ਦੂਰ ਬਦਲੀ ਕੀਤੀ ਗਈ ਹੈ ਅਤੇ ਜਾਂਚ ਨੂੰ ਪ੍ਰਭਾਵਿਤ ਕਰਨ ਲਈ ਪੂਰਨ ਖੁੱਲ੍ਹ ਦਿੱਤੀ ਹੋਈ ਹੈ।ਇਹੀ ਨਹੀਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਵੱਲੋਂ ਇਸ ਹੈੱਡ ਟੀਚਰ ਦੀ 13 ਫਰਵਰੀ ਨੂੰ ਕੀਤੀ ਬਦਲੀ ਨੂੰ ਵੀ ਮਿਲੀਭੁਗਤ ਅਧੀਨ ਜ਼ਿਲ੍ਹਾ ਤੇ ਬਲਾਕ ਸਿੱਖਿਆ ਅਧਿਕਾਰੀਆਂ ਵੱਲੋਂ ਅਮਲ ਵਿੱਚ ਲਿਆਉਣ ਤੋਂ ਇਨਕਾਰੀ ਹੋਇਆ ਜਾ ਰਿਹਾ ਹੈ।

ਪੀੜਤਾਂ ਦੀ ਮੰਗ ਅਨੁਸਾਰ ਸਿੱਖਿਆ ਵਿਭਾਗ ਦੇ ਗ੍ਰੇਡ ਏ ਦੀਆਂ ਮਹਿਲਾ ਅਧਿਕਾਰੀਆਂ ਦੇ ਉੱਚ ਪੱਧਰੀ ਪੈਨਲ ਨੂੰ ਜਾਂਚ ਦੇਣ ਤੋਂ ਵੀ ਟਾਲਾ ਵੱਟਿਆ ਜਾ ਰਿਹਾ ਹੈ।ਜਥੇਬੰਦੀਆਂ ਦੇ ਆਗੂਆਂ ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਸਿੰਘ ਜੀਰਖ, ਪੇਂਡੂ ਮਜ਼ਦੂਰ ਯੂਨੀਅਨ ਦੇ ਅਵਤਾਰ ਸਿੰਘ ਰਸੂਲਪੁਰ, ਕਿਰਤੀ ਕਿਸਾਨ ਯੂਨੀਅਨ ਸਾਧੂ ਸਿੰਘ ਤੇ ਰਮਨ ਝੋਰੜਾਂ, ਡੀ ਐੱਮ ਐੱਫ ਦੇ ਸੁਖਵਿੰਦਰ ਸਿੰਘ ਲੀਲ, ਪੰਜਾਬ ਸਟੂਡੈਂਟਸ ਯੂਨੀਅਨ ਦੇ ਰਣਵੀਰ ਸਿੰਘ, ਐੱਸ ਸੀ ਬੀ ਸੀ ਅਧਿਆਪਕ ਯੂਨੀਅਨ ਪਰਮਜੀਤਸਿੰਘ, ਨੌਜਵਾਨ ਭਾਰਤ ਸਭਾ ਦੇ ਅਰੁਣ ਕੁਮਾਰ, 6635 ਈਟੀਟੀ ਅਧਿਆਪਕ ਯੂਨੀਅਨ ਦੇ ਪਰਮਿੰਦਰ ਸਿੰਘ ਮਲੌਦ, 4161 ਮਾਸਟਰ ਕਾਡਰ ਯੂਨੀਅਨ ਦੇ ਜਸਵਿੰਦਰ ਸਿੰਘ ਐਤੀਆਣਾ, ਡੀਟੀਐੱਫ ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ, ਮਿੱਡ ਡੇ ਮੀਲ ਵਰਕਰ ਯੂਨੀਅਨ ਦੇ ਪ੍ਰਵੀਨ ਕੁਮਾਰੀ, 5994 ਈ ਟੀ ਅਧਿਆਪਕ ਯੂਨੀਅਨ ਪ੍ਰਿੰਸ ਕੰਬੋਜ ਨੇ ਮੰਗ ਕੀਤੀ ਕਿ ਸਕੂਲ ਮੁਖੀ ਨੂੰ ਜ਼ਿਲ੍ਹੇ ਤੋਂ ਬਾਹਰ ਬਦਲੀ ਕਰਕੇ ਗ੍ਰੇਡ ਏ ਮਹਿਲਾ ਅਧਿਕਾਰੀਆਂ ਤੋਂ ਨਿਰਪੱਖ ਜਾਂਚ ਕਰਵਾ ਕੇ ਪੀੜਤ ਅਧਿਆਪਕਾਂ ਨਾਲ ਇਨਸਾਫ ਦੀ ਮੰਗ ਨੂੰ ਲੈ ਕੇ ਸਮੂਹ ਜਥੇਬੰਦੀਆਂ ਵੱਲੋਂ 3 ਮਾਰਚ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਲੁਧਿਆਣਾ ਅੱਗੇ ਸਾਂਝਾ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਮਿੰਦਰ ਸਿੰਘ, ਗੁਰਵਿੰਦਰ ਸਿੰਘ, ਬਲਜਿੰਦਰ ਸਿੰਘ, ਰਾਹੁਲ ਗੋਇਲ, ਪਿੰਕੀ, ਅਰਵਿੰਦਰ ਸਿੰਘ, ਆਯੂਸ਼ ਕੰਬੋਜ, ਰੋਹਿਤ ਕੰਬੋਜ, ਪ੍ਰਿੰਸ, ਜਗਸੀਰ ਸਿੰਘ, ਰਜਿੰਦਰ ਜੰਡਿਆਲੀ, ਗੁਰਪ੍ਰੀਤ ਸਿੰਘ, ਨਮਨ ਗਰਗ, ਬਰਜਿੰਦਰ ਸਿੰਘ, ਨਿਰੰਜਣ ਪਮਾਲ ਆਦਿ ਆਗੂ ਹਾਜ਼ਰ ਸਨ।

## ਰਾਜਿੰਦਰ ਗੁਪਤਾ ਵੱਲੋਂ ਅਦਾਲਤੀ ਫੈਸਲੇ ਦਾ ਸਵਾਗਤ



**ਬਰਨਾਲਾ (ਰਾਜਿੰਦਰ ਬਰਾੜ)**-ਰਾਜ ਸਭਾ ਮੈਂਬਰ ਰਾਜਿੰਦਰ ਗੁਪਤਾ ਨੇ ਰਾਊਜ਼ ਐਵੇਨਿਊ ਅਦਾਲਤ ਦੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਸੀਨੀਅਰ ਨੇਤਾ ਮਨੀਸ਼ ਸਿਸੋਦੀਆ ਨੂੰ ਆਬਕਾਰੀ ਨੀਤੀ ਮਾਮਲੇ ਵਿੱਚ ਬਰੀ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ, ਜਿਸ ਦੀ ਸੀ ਬੀ ਆਈ (ਕੇਂਦਰੀ ਜਾਂਚ ਬਿਊਰੋ) ਦੁਆਰਾ ਜਾਂਚ ਕੀਤੀ ਜਾ ਰਹੀ ਸੀ।ਜਾਰੀ ਇੱਕ ਬਿਆਨ ਵਿੱਚ ਐੱਮ ਪੀ ਗੁਪਤਾ ਨੇ ਇਸ ਫੈਸਲੇ ਨੂੰ ਕਾਨੂੰਨ ਦੇ ਰਾਜ ਤੇ ਭਾਰਤ ਦੇ ਨਿਆਂਇਕ ਸੰਸਥਾਵਾਂ ਦੀ ਮਜ਼ਬੂਤੀ ਵਿੱਚ ਵਿਸ਼ਵਾਸ ਨੂੰ ਮੁੜ ਸਥਾਪਤ ਕਰਨ ਵਾਲਾ ਦੱਸਿਆ।ਉਨ੍ਹਾਂ ਕਿਹਾ ਕਿ ਇਹ ਫੈਸਲਾ ਇੱਕ ਅਜਿਹੇ ਮਾਮਲੇ ਨੂੰ ਸਪੱਸ਼ਟਤਾ ਪ੍ਰਦਾਨ ਕਰਦਾ ਹੈ, ਜੋ ਪਿਛਲੇ ਦੋ ਸਾਲਾਂ ਤੋਂ ਜਨਤਕ ਤੇ ਰਾਜਨੀਤਕ ਬਹਿਸ ਦਾ ਵਿਸ਼ਾ ਰਿਹਾ ਹੈ।ਉਨ੍ਹਾਂ ਕਿਹਾ, 'ਇਹ ਫੈਸਲਾ ਇਸ ਬੁਨਿਆਦੀ ਸਿਧਾਂਤ ਨੂੰ ਮੁੜ ਸਥਾਪਤ ਕਰਦਾ ਹੈ ਕਿ ਨਿਆਂ ਸਿਰਫ ਸਬੂਤਾਂ ਤੇ ਉਚਿਤ ਪ੍ਰਕਿਰਿਆ ਦੇ ਅਧਾਰ 'ਤੇ ਯਕੀਨੀ ਬਣਾਇਆ ਜਾਂਦਾ ਹੈ।ਇਹ ਨਾਗਰਿਕਾਂ ਤੇ ਸਮਰਥਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਾ ਹੈ, ਜਿਨ੍ਹਾਂ ਨੇ ਲੀਡਰਸ਼ਿਪ ਦੀ ਇਮਾਨਦਾਰੀ ਤੇ ਨਿਆਂਪਾਲਿਕਾ ਦੀ ਨਿਰਪੱਖਤਾ ਵਿੱਚ ਵਿਸ਼ਵਾਸ ਬਣਾਈ ਰੱਖਿਆ ਹੈ।' ਇਹ ਮਾਮਲਾ ਰਾਸ਼ਟਰੀ ਪੱਧਰ 'ਤੇ ਵਿਆਪਕ ਚਰਚਾ ਤੇ ਰਾਜਨੀਤਕ ਬਹਿਸ ਦਾ ਕੇਂਦਰ ਰਿਹਾ ਹੈ।ਇਸ ਅਦਾਲਤੀ ਫੈਸਲੇ ਨਾਲ ਕੇਂਦਰੀ ਜਾਂਚ ਬਿਊਰੋ ਵੱਲੋਂ ਸ਼ੁਰੂ ਕੀਤੀ ਗਈ ਕਾਨੂੰਨੀ ਕਾਰਵਾਈ ਦਾ ਇੱਕ ਮਹੱਤਵਪੂਰਨ ਪੜਾਅ ਹੁਣ ਪੂਰਾ ਹੋ ਗਿਆ ਹੈ।ਐੱਮ ਪੀ ਗੁਪਤਾ ਨੇ ਉਮੀਦ ਪ੍ਰਗਟਾਈ ਕਿ ਇਸ ਫੈਸਲੇ ਨਾਲ ਹੁਣ ਦੁਬਾਰਾ ਧਿਆਨ ਚੰਗੇ ਸ਼ਾਸਨ, ਜਨਤਕ ਸੇਵਾ ਤੇ ਵਿਕਾਸ ਸੰਬੰਧੀ ਤਰਜੀਹਾਂ 'ਤੇ ਕੇਂਦ੍ਰਿਤ ਕੀਤਾ ਜਾਵੇਗਾ।ਸੰਵਿਧਾਨਕ ਕਦਰਾਂ-ਕੀਮਤਾਂ, ਪਾਰਦਰਸ਼ਤਾ ਤੇ ਜਵਾਬਦੇਹੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਰਾਜ ਸਭਾ ਮੈਂਬਰ ਨੇ ਸਾਰੀਆਂ ਧਿਰਾਂ ਨੂੰ ਅਦਾਲਤ ਦੇ ਫੈਸਲੇ ਦਾ ਸਤਿਕਾਰ ਕਰਨ ਤੇ ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਲਈ ਸਕਾਰਾਤਮਕ ਯੋਗਦਾਨ ਪਾਉਣ ਦੀ ਅਪੀਲ ਕੀਤੀ।

# ਮਾਤਾ ਗੁਜਰੀ ਕਾਲਜ ਵਿਖੇ ਸਾਲਾਨਾ ਅਲੂਮਨੀ ਮੀਟ ਕਰਵਾਈ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੀ ਅਲੂਮਨੀ ਐਸੋਸੀਏਸ਼ਨ (ਰਜਿ.) ਵੱਲੋਂ ਕਾਲਜ ਵਿਖੇ ਸਾਲਾਨਾ ਅਲੂਮਨੀ ਮੀਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਕਾਲਜ ਦੇ ਸਾਬਕਾ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਜਥੇਦਾਰ ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਉਨ੍ਹਾਂ ਕਾਲਜ ਦੇ ਸਾਬਕਾ ਵਿਦਿਆਰਥੀਆਂ ਵੱਲੋਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਤੇ ਲੋਕ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਮੁਕੱਦਸ ਧਰਤੀ 'ਤੇ ਸਥਿਤ ਮਾਤਾ ਗੁਜਰੀ ਕਾਲਜ ਉਚੇਰੀ ਵਿੱਦਿਆ ਦਾ ਚਾਨਣ ਵੰਡ ਰਿਹਾ ਹੈ ਤੇ ਮੌਜੂਦਾ ਸਮੇਂ ਦੀਆਂ ਸਭ ਵਿੱਦਿਅਕ ਲੋੜਾਂ ਦੀ ਪੂਰਤੀ ਕਰਨ ਲਈ ਵਚਨਬੱਧ ਹੈ।

ਇਸ ਤੋਂ ਪਹਿਲਾਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਕਾਲਜ ਦੇ ਸਾਬਕਾ ਵਿਦਿਆਰਥੀ ਕਾਲਜ ਦੀ ਅਨਮੋਲ ਧਰੋਹਰ ਹਨ, ਜੋ ਹਮੇਸ਼ਾ ਸਮਾਜਿਕ, ਆਰਥਿਕ ਤੇ ਅਕਾਦਮਿਕ ਸਹਿਯੋਗ ਦੇ ਕੇ ਸੰਸਥਾ ਦੀ ਤਰੱਕੀ ਤੇ ਨਵੇਂ ਮਿਆਰ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ।ਕਾਲਜ ਦੇ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸ੍ਰ. ਹਰਪਾਲ ਸਿੰਘ ਚੀਮਾ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਕਾਲਜ ਦੇ ਵਿਦਿਆਰਥੀਆਂ ਨੇ ਵਿੱਦਿਅਕ, ਧਾਰਮਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰ ਕੇ ਕਾਲਜ ਦਾ ਨਾਮ ਦੇਸ਼-ਦੁਨੀਆ ਵਿੱਚ ਰੋਸ਼ਨ ਕੀਤਾ ਹੈ। ਕਾਲਜ ਦੇ ਸਾਬਕਾ ਵਿਦਿਆਰਥੀ ਤੇ ਸੇਵਾ ਮੁਕਤ ਅਧਿਆਪਕ ਪ੍ਰੋ. ਅਸ਼ੋਕ ਸੂਦ ਨੇ ਆਪਣੀਆਂ ਸੁਨਹਿਰੀ ਯਾਦਾਂ ਤੇ ਜੀਵਨ ਅਨੁਭਵ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਮਿਹਨਤ, ਲਗਨ ਤੇ ਸਵੈ ਅਨੁਸ਼ਾਸਨ ਨਾਲ ਵਿੱਦਿਆ ਗ੍ਰਹਿਣ ਕਰਨ ਲਈ ਉਤਸ਼ਾਹਤ ਕੀਤਾ।

ਇਸ ਮੌਕੇ ਕਾਲਜ ਦੇ ਸਾਬਕਾ ਵਿਦਿਆਰਥੀਆਂ ਐਡਵੋਕੇਟ ਅਮਰਜੀਤ ਸਿੰਘ ਚੀਮਾ, ਐੱਸ.ਐੱਸ.ਪੀ. ਵਿਜੀਲੈਂਸ ਲਖਵੀਰ ਸਿੰਘ ਲੱਖਾ, ਸਲੀਮ ਮੁਹੰਮਦ, ਲਖਵੀਰ ਸਿੰਘ, ਰਵਨੀਤ ਸਿੰਘ, ਅਮਰਜੀਤ ਸਿੰਘ ਬੰਟੀ ਯੂ. ਕੇ. ਤੇ ਹੋਰ ਸਾਬਕਾ ਵਿਦਿਆਰਥੀਆਂ ਨੇ ਆਪਣੀਆਂ ਭਾਵਨਾਵਾਂ ਤੇ ਯਾਦਾਂ ਸਾਂਝੀਆਂ ਕਰਦੇ ਹੋਏ ਜਿੱਥੇ ਕਾਲਜ ਦੇ ਮੌਜੂਦਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਮਹੱਤਵਪੂਰਨ ਸੁਝਾਅ ਪੇਸ਼ ਕੀਤੇ, ਉਥੇ ਨਾਲ ਹੀ ਕਾਲਜ ਦੀ ਤਰੱਕੀ ਲਈ ਪੂਰਨ ਤੌਰ 'ਤੇ ਸਮਰਪਤ ਹੋਣ ਅਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਜਤਾਇਆ।

ਸਮਾਗਮ ਦੇ ਅਖੀਰ ਵਿੱਚ ਕਾਲਜ ਦੇ ਡੀਨ ਅਲੂਮਨੀ ਡਾ. ਸਤਨਾਮ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਉਚੇਰੀਆਂ ਪ੍ਰਾਪਤੀਆਂ ਕਰਨ ਵਾਲੇ ਕਾਲਜ ਦੇ ਸਾਬਕਾ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਵਾਰ ਗਾਇਨ ਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ਤੇ ਹੋਣਹਾਰ ਵਿਦਿਆਰਥਣ ਇਸ਼ਿਤਾ ਵੱਲੋਂ ਲੋਕ ਗੀਤ ਦੀ ਪੇਸ਼ਕਾਰੀ ਕੀਤੀ ਗਈ।

1 Mar Page 6.qxd 2/28/2026 10:40 PM Page 1



# ਡਾ. ਰਵਜੋਤ ਸਿੰਘ ਨੇ ਕੇਜਰੀਵਾਲ ਨੂੰ ਮਿਲੀ ਕਲੀਨ ਚਿੱਟ 'ਤੇ ਦਿੱਤੀ ਵਧਾਈ



**ਹੁਸ਼ਿਆਰਪੁਰ (ਓ ਪੀ ਰਾਣਾ)-** ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦਿੱਲੀ ਦੀ ਇੱਕ ਅਦਾਲਤ ਵੱਲੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਥਿਤ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਦਿੱਤੀ ਗਈ ਕਲੀਨ ਚਿੱਟ ਦਾ ਸਵਾਗਤ ਕਰਦਿਆਂ ਇਸ ਨੂੰ ਸੱਚ ਅਤੇ ਨਿਆਂ ਦੀ ਜਿੱਤ ਦੱਸਿਆ। ਉਨ੍ਹਾਂ ਕਿਹਾ ਕਿ ਅਦਾਲਤ ਦਾ ਫੈਸਲਾ ਸਾਬਤ ਕਰਦਾ ਹੈ ਕਿ ਝੂਠ ਅਤੇ ਸਾਜ਼ਿਸ਼ਾਂ ਜ਼ਿਆਦਾ ਸਮੇਂ ਤੱਕ ਨਹੀਂ ਟਿਕ ਸਕਦੀਆਂ।ਡਾ. ਰਵਜੋਤ ਸਿੰਘ ਨੇ ਇਸ ਮੌਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਫੈਸਲਾ ਉਨ੍ਹਾਂ ਦੀ ਇਮਾਨਦਾਰ ਰਾਜਨੀਤੀ ਦੀ ਨਿਆਂਪਾਲਿਕਾ ਦੀ ਮੋਹਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿਰੋਧੀ ਧਿਰ ਵੱਲੋਂ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਲਈ ਰਚੀ ਗਈ ਨਕਾਰਾਤਮਕ ਸਾਜ਼ਿਸ਼ ਪੂਰੀ ਤਰ੍ਹਾਂ ਬੇਨਕਾਬ ਹੋ ਗਈ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਪਾਰਦਰਸ਼ਤਾ, ਇਮਾਨਦਾਰੀ ਅਤੇ ਲੋਕ ਸੇਵਾ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਦੁਹਰਾਇਆ ਕਿ ਪਾਰਟੀ ਲੀਡਰਸ਼ਿਪ ਨੇ ਹਰ ਚੁਣੌਤੀ ਦਾ ਸਾਹਮਣਾ ਤਾਕਤ ਅਤੇ ਸਬਰ ਨਾਲ ਕੀਤਾ ਹੈ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੱਚਾਈ ਨੂੰ ਅਸਥਾਈ ਤੌਰ 'ਤੇ ਪਰੇਸ਼ਾਨ ਕੀਤਾ ਜਾ ਸਕਦਾ ਹੈ, ਪਰ ਇਸ ਨੂੰ ਹਰਾਇਆ ਨਹੀਂ ਜਾ ਸਕਦਾ। ਇਹ ਫੈਸਲਾ ਨਾ ਸਿਰਫ਼ ਸਾਡੀ ਲੀਡਰਸ਼ਿਪ ਦੀ ਇਮਾਨਦਾਰੀ ਦੀ ਜਿੱਤ ਹੈ, ਸਗੋਂ ਲੋਕਤੰਤਰ ਅਤੇ ਨਿਆਂ ਪ੍ਰਣਾਲੀ ਦੀ ਵੀ ਜਿੱਤ ਹੈ।

# ਮੋਦੀ ਸਰਕਾਰ ਮਨਰੇਗਾ ਸਕੀਮ ਦਾ ਨਾਂਅ ਬਦਲ ਕੇ ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ : ਸ਼ੇਰੋਵਾਲੀਆ

## 8 ਬੱਸਾਂ ਤੇ ਬਹੁਤ ਸਾਰੇ ਨਿੱਜੀ ਵਾਹਨਾਂ ਦਾ ਵੱਡਾ ਕਾਫ਼ਲਾ ਸ਼ੇਰੋਵਾਲੀਆ ਦੀ ਅਗਵਾਈ 'ਚ ਬਰਨਾਲਾ ਰੈਲੀ 'ਚ ਪਹੁੰਚਿਆ

**ਸ਼ਾਹਕੋਟ (ਗਿਆਨ ਸੈਦਪੁਰੀ)** 'ਕਾਂਗਰਸ ਪਾਰਟੀ ਹਮੇਸ਼ਾ ਹੀ ਮਜ਼ਦੂਰਾਂ ਦੀ ਹਰ ਲੜਾਈ ਅੱਗੇ ਹੋ ਕੇ ਲੜਦੀ ਆਈ ਹੈ। ਮੋਦੀ ਸਰਕਾਰ ਮਜ਼ਦੂਰਾਂ ਲਈ ਬਣਾਈ ਗਈ 'ਮਨਰੇਗਾ ਸਕੀਮ' ਦਾ ਨਾਮ ਬਦਲ ਕੇ



ਗਰੀਬਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਾਂਗਰਸ ਪਾਰਟੀ ਹੋਣ ਨਹੀਂ ਦੇਵੇਗੀ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਸਨਿੱਚਰਵਾਰ ਨੂੰ ਬਰਨਾਲਾ ਵਿਖੇ 'ਮਨਰੇਗਾ ਬਚਾਓ ਸੰਗਰਾਮ' ਤਹਿਤ ਹੋ ਰਹੀ ਮਹਾਂ ਰੈਲੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਪਣੇ ਗ੍ਰਹਿ ਮਲਸੀਆਂ (ਸਾਹਲਾ ਨਗਰ) ਤੋਂ 8 ਬੱਸਾਂ ਅਤੇ ਬਹੁਤ ਸਾਰੇ ਨਿੱਜੀ ਵਾਹਨਾਂ ਦੇ ਵੱਡੇ ਕਾਫ਼ਲੇ ਨੂੰ ਰਵਾਨਾ ਕਰਨ ਤੋਂ ਪਹਿਲਾਂ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਮਹਿਬੂਬ ਨੇਤਾ ਰਾਹੁਲ ਗਾਂਧੀ ਪੂਰੇ ਭਾਰਤ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਦੀ ਲੜਾਈ ਲੜ ਰਹੇ ਹਨ। ਰੈਲੀ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਅਸ਼ਵਿੰਦਰ ਪਾਲ ਸਿੰਘ ਖੈਹਿਰਾ ਸਾਬਕਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਸੁਖਦੀਪ ਸਿੰਘ ਕੰਗ ਪੀ.ਏ, ਗੁਰਦੀਪ ਸਿੰਘ ਯੱਕੋਪੁਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਿਬੀਕਾ ਰਾਣੀ ਮਡਿਆਲਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਡਾ. ਲਖਬੀਰ ਸਿੰਘ ਚੱਕ ਪਿੱਪਲੀ ਬਲਾਕ ਸੰਮਤੀ ਮੈਂਬਰ, ਗੁਰਮੀਤ ਸਿੰਘ ਮੰਡਿਆਲਾ ਬਲਾਕ ਸੰਮਤੀ ਮੈਂਬਰ, ਸੰਨ੍ਹੀ ਕਿਲੀ ਨੰਬਰਦਾਰ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ ਢੰਡੋਵਾਲ, ਬੰਟੀ ਬਠੋਲਾ ਜ਼ਿਲ੍ਹਾ ਵਾਇਸ ਪ੍ਰਧਾਨ ਕਾਂਗਰਸ ਕਮੇਟੀ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ, ਅਮਨਦੀਪ ਸਿੰਘ ਸੈਦਪੁਰੀ ਜ਼ਿਲ੍ਹਾ ਮੀਡੀਆ ਇੰਚਾਰਜ, ਮੇਜਰ ਸਿੰਘ ਤਲਵੰਡੀ ਬੂਟੀਆਂ, ਬਲਜਿੰਦਰ ਸਿੰਘ ਭੋਲਾ ਨੰਗਲ ਅੰਬੀਆਂ, ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ, ਸੁਖਦੇਵ ਸਿੰਘ ਸਾਹਲਾ ਨਗਰ, ਪਿੰਦਰ ਜੋਸਨ ਹਵੇਲੀ ਪੱਤੀ, ਅਜੀਜ਼ ਮਸੀਹ ਹਵੇਲੀ ਦੇ ਪੱਤੀ, ਹੈਪੀ ਅਕਲਪੁਰ, ਡਾ. ਰਾਜੇਸ਼ ਚੌਹਾਨ, ਤਰਲੋਕ ਮਸੀਹ, ਪਰਮਜੀਤ ਸਿੰਘ ਪੰਮਾ ਸਾਬਕਾ ਸਰਪੰਚ ਬਿੱਲੀ ਚਾਹਰਮੀ, ਅਸ਼ਵਨੀ ਪ੍ਰਧਾਨ ਕਾਕੜਾ, ਚੰਨਾ ਥੰਮੂਵਾਲ, ਮੰਗੀ ਚੱਕ ਬਾਹਮਣੀਆਂ ਪਾਰ, ਕੈਪਟਨ ਗੁਰਮੇਜ ਸਿੰਘ ਭੋਏਪੁਰ, ਮਨਜਿੰਦਰ ਸਿੰਘ ਸਰਪੰਚ ਟੁੱਟ ਸ਼ੇਰ ਸਿੰਘ, ਜਗਦੀਸ਼ ਸਾਬਕਾ ਸਰਪੰਚ ਟੁੱਟ ਸ਼ੇਰ ਸਿੰਘ, ਮਨੀ ਭਾਰਦਵਾਜ, ਬਾਬਾ ਭਖੜਾ, ਵਿੱਕੀ ਬਾਲੋਕੀ, ਸੁਖਜੀਤ ਕੌਰ ਸੁੱਖੀ ਪ੍ਰਧਾਨ ਮਹਿਲਾ ਮੰਡਲ, ਕੁਲਵਿੰਦਰ ਕੌਰ, ਪ੍ਰਿਅੰਕਾ ਪੁਰੀ, ਪਿੰਕੀ ਅਰੋੜਾ ਆਦਿ ਮੌਜੂਦ ਸਨ।

# ਏ ਡੀ ਸੀ ਨੇ ਬਲਾਕ ਸੰਮਤੀ ਮੈਂਬਰਾਂ ਨੂੰ ਅਹੁਦੇ ਦੀ ਸਹੁੰ ਚੁਕਵਾਈ


**ਮੋਹਾਲੀ (ਗੁਰਜੀਤ ਬਿੱਲਾ)-** ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਸੋਨਮ ਚੌਧਰੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਲਾਕ ਖਰੜ, ਮਾਜਰੀ ਅਤੇ ਡੇਰਾਬੱਸੀ ਦੇ ਨਵੇਂ ਚੁਣੇ 52 ਬਲਾਕ



ਸੰਮਤੀ ਮੈਂਬਰਾਂ ਨੂੰ ਅਹੁਦੇ ਦੀ ਸਹੁੰ ਚੁਕਵਾਈ। ਉਨ੍ਹਾਂ ਨੇ ਸਮੂੰਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਚੋਣਾਂ ਦੌਰਾਨ ਹੋਈ ਧੜੇਬੰਦੀ ਨੂੰ ਛੱਡ ਕੇ, ਪਿੰਡਾਂ ਦੇ ਵਿਕਾਸ ਅਤੇ ਲੋਕ ਭਲਾਈ ਲਈ ਇਕਜੁੱਟ ਹੋ ਕੇ ਕੰਮ ਕੀਤਾ ਜਾਵੇ।ਸਮਾਰੋਹ ਦੌਰਾਨ ਮੈਂਬਰਾਂ ਨੇ ਸੰਵਿਧਾਨ ਦਾਇਰੇ ਵਿੱਚ ਰਹਿੰਦੇ ਹੋਏ ਇਮਾਨਦਾਰੀ ਅਤੇ ਨਿਸ਼ਠਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਵਚਨ ਦਿੱਤਾ।ਇਸ ਮੌਕੇ ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਨੇ ਨਵੇਂ ਚੁਣੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬਲਾਕ ਸੰਮਤੀ ਪਿੰਡ ਪੱਧਰ 'ਤੇ ਵਿਕਾਸ ਯੋਜਨਾਵਾਂ ਤਿਆਰ ਕਰਨ ਅਤੇ ਉਨ੍ਹਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

# ਭਲਕੇ ਗੁ. ਟਿੱਬਾ ਸਾਹਿਬ ਚੱਕ ਹੋਲਗੜ੍ਹ ਅਨੰਦਪੁਰ ਸਾਹਿਬ ਤੋਂ ਸਜਾਇਆ ਜਾਵੇਗਾ ਨਗਰ ਕੀਰਤਨ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਨਿਰਮਲ ਭੇਖ ਦੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 2 ਮਾਰਚ ਦਿਨ ਸੋਮਵਾਰ ਨੂੰ ਗੁਰਦੁਆਰਾ ਟਿੱਬਾ ਸਾਹਿਬ ਚੱਕ ਹੋਲਗੜ੍ਹ ਸ਼੍ਰੀ ਆਨੰਦਪੁਰ ਸਾਹਿਬ ਤੋਂ ਸ਼ਾਨਦਾਰ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਅਤੇ ਪੰਜ ਪਿਆਰਿਆਂ ਦੀ ਰਹਿਨੁਮਾਈ ਹੇਠ ਸਜਾਇਆ ਜਾਵੇਗਾ। ਇਹ ਨਗਰ ਕੀਰਤਨ ਗੁਰਦੁਆਰਾ ਟਿੱਬਾ ਸਾਹਿਬ ਤੋਂ ਆਰੰਭ ਹੋ ਕੇ



ਸੰਤ ਪ੍ਰੀਤਮ ਸਿੰਘ ਡਮੇਲੀ ਵਾਲਿਆਂ ਦੇ ਅਸਥਾਨ ਤੇ ਪਹਿਲਾ ਪੜਾਂ ਕਰੇਗਾ।ਉਸ ਤੋਂ ਬਾਅਦ ਪੰਜ ਪਿਆਰੇ ਪਾਰਕ ਤੋਂ ਹੁੰਦਾ ਹੋਇਆ ਵੱਖ-ਵੱਖ ਪੜਾਵਾਂ 'ਤੇ ਰੁਕਦਿਆਂ ਸੰਤ ਡਮੇਲੀ ਵਾਲਿਆਂ ਦੇ ਅਸਥਾਨ 'ਤੇ ਪਹੁੰਚੇਗਾ।ਇਸ ਤੋਂ ਬਾਅਦ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚ ਕੇ ਨਗਰ ਕੀਰਤਨ ਦੀ ਸੰਪੂਰਨਤਾ ਹੋਵੇਗੀ।ਇਸ ਨਗਰ ਕੀਰਤਨ ਵਿੱਚ ਸੰਤ ਬਾਬਾ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਬਾਬਾ ਅਮਰਜੀਤ ਸਿੰਘ ਮੁਖੀ ਹਰਖੋਵਾਲ ਸੰਪਰਦਾਏ, ਸੰਤ ਬਾਬਾ ਅਜੀਤ ਸਿੰਘ ਜੌਹਲਾਂ ਵਾਲੇ, ਗਿਆਨੀ ਤਰਸੇਮ ਸਿੰਘ, ਸੰਤ ਮਹਾਵੀਰ ਸਿੰਘ ਤਾਜੇਵਾਲ, ਸੰਤ ਬਲਬੀਰ ਸਿੰਘ ਟਿੱਬਾ ਸਾਹਿਬ, ਸੰਤ ਬਿਕਰਮਜੀਤ ਸਿੰਘ ਨੰਗਲ, ਸੰਤ ਅਮਰੀਕ ਸਿੰਘ ਮੰਨਣਹਾਣਾ, ਸੰਤ ਹਰਜਿੰਦਰ ਸਿੰਘ ਜੀ ਅਟਾਰੀ, ਸੰਤ ਬਲਬੀਰ ਸਿੰਘ ਲੰਗੇਰੀ, ਸੰਤ ਪ੍ਰੀਤਮ ਸਿੰਘ ਜੀ ਡਮੇਲੀ, ਗਿਆਨੀ ਸੁਰਜੀਤ ਸਿੰਘ ਹਰਖੋਵਾਲ, ਸੰਤ ਪ੍ਰੀਤਮ ਸਿੰਘ ਬਾੜੀਆ ਸਮੇਤ ਨਿਰਮਲ ਭੇਖ ਦੇ ਸੰਤ ਮਹਾਂਪੁਰਸ਼ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਹੋਣਗੀਆਂ।

# ਮੀਡੀਆ ਤੇ ਇੰਟਰਟੇਨਮੈਂਟ ਸੈਕਟਰ 'ਚ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਏ ਆਈ ਸਕਿਲਿੰਗ ਪ੍ਰੋਗਰਾਮ ਸ਼ੁਰੂ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਿੱਚ ਗੂਗਲ ਅਤੇ ਯੂਟਿਊਬ ਨਾਲ ਮਿਲ ਕੇ ਮੀਡੀਆ ਅਤੇ ਇੰਟਰਟੇਨਮੈਂਟ ਸੈਕਟਰ ਵਿੱਚ ਸਮਰੱਥਾ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਪੂਰੇ ਦੇਸ਼ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਸਕਿਲਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ।ਇਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਲਡ ਮੀਡੀਆ ਵਿਜ਼ੂਅਲ ਐਂਡ ਇੰਟਰਟੇਨਮੈਂਟ ਸਮਿਟ ਵੇਵਜ਼ 2025 ਦੇ ਤਹਿਤ ਸ਼ੁਰੂ ਕੀਤੀ ਗਈ। ਇਸ ਪਹਿਲ ਦਾ ਮਕਸਦ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਕ੍ਰਿਏਟਰਸ, ਡਿਵੇਲਪਰਸ ਅਤੇ ਮੀਡੀਆ ਪ੍ਰੋਫੈਸ਼ਨਲਸ ਲਈ ਹਾਈ ਕੁਆਲਿਟੀ ਏ ਆਈ ਟ੍ਰੇਨਿੰਗ ਤੱਕ ਪਹੁੰਚ ਨੂੰ ਆਸਾਨ ਬਣਾਉਣਾ ਹੈ। ਇਹ ਪ੍ਰੋਗਰਾਮ ਪ੍ਰੀਮੀਅਮ ਕੋਰਸ ਲਈ ਪੂਰੀ ਤਰ੍ਹਾਂ ਨਾਲ ਸਪਾਂਸਰਡ ਸਕਾਲਰਸ਼ਿਪ ਦਿੰਦਾ ਹੈ, ਜਿਸ ਨਾਲ ਪਾਰਟੀਸਿਪੇਂਟਸ ਇੰਡਸਟਰੀ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਸ਼ਨ ਮੁਫਤ ਵਿੱਚ ਪਾ ਸਕਦੇ ਹਨ।

# ਸਮਾਜ ਸੇਵਕ ਵੱਲੋਂ ਵੇਟ ਲਿਫਟਿੰਗ ਸੈਂਟਰ ਲਈ 51 ਹਜ਼ਾਰ ਰੁਪਏ ਭੇਟ

**ਅੱਡਾ ਸਰਾਂ (ਜਸਵੀਰ ਕਾਜਲ)-** ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਚ ਚਲਦੇ ਵੇਟਲਿਫਟਿੰਗ ਸੈਂਟਰ ਵਿਚ ਸਮਾਗਮ ਦੌਰਾਨ ਸਮਾਜ ਸੇਵਕ ਅਤੇ ਉੱਘੇ ਕਾਰੋਬਾਰੀ ਰਸ਼ਪਾਲ ਸਿੰਘ ਨੇ ਸੈਂਟਰ ਦੇ ਖਿਡਾਰੀਆਂ ਦੀ ਸਹੂਲਤ ਲਈ 51 ਹਜ਼ਾਰ ਰੁਪਏ ਭੇਟ ਕੀਤੇ ਹਨ। ਸੈਂਟਰ



ਸਰਪ੍ਰਸਤ ਹਰਦੀਪ ਸਿੰਘ ਬੀਰਮਪੁਰ ਅਤੇ ਇੰਚਾਰਜ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ ਵਿਚ ਹੋਏ ਸਮਾਗਮ ਦੌਰਾਨ ਰਸ਼ਪਾਲ ਸਿੰਘ ਨੇ ਇਹ ਵਿੱਤੀ ਮਦਦ ਭੇਟ ਕਰਦੇ ਹੋਏ ਆਖਿਆ ਕਿ ਖੇਡਾਂ ਅਤੇ ਖਿਡਾਰੀਆਂ ਨੂੰ ਪ੍ਰਫੁੱਲਿਤ ਕਰਨ ਲਈ ਸਾਰਿਆਂ ਨੂੰ ਮਿਲ ਕੇ ਉੱਦਮ ਕਰਨੇ ਚਾਹੀਦੇ ਹਨ । ਉਨ੍ਹਾਂ ਆਖਿਆ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਸਮੇ ਦੀ ਮੁੱਖ ਲੋੜ ਹੈ । ਇਸ ਦੇ ਲਈ ਦੇਹਰੀਵਾਲ ਸੈਂਟਰ ਦੀ ਸਮੂਹ ਟੀਮ ਸ਼ਾਨਦਾਰ ਸੇਵਾਵਾਂ ਦੇ ਰਹੀ ਹੈ ਅਤੇ ਬਹੁਤ ਹੀ ਘੱਟ ਸਮੇ ਵਿਚ ਸੈਂਟਰ ਦੇ ਖਿਡਾਰੀਆਂ ਨੇ ਕੌਮੀ ਅਤੇ ਸੂਬਾਈ ਪੱਧਰ 'ਤੇ ਨਾਮਣਾ ਖੱਟਿਆ ਹੈ । ਇਸ ਮੌਕੇ ਕੋਚ ਭਿੰਡਰ ਨੇ ਰਸ਼ਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਸਨਮਾਨ ਕਰਦੇ ਹੋਏ ਸੈਂਟਰ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਅਤੇ ਸੈਂਟਰ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਅਰਜੁਨ ਅਵਾਰਡੀ ਤਾਰਾ ਸਿੰਘ, ਸੁਰਜੀਤ ਸਿੰਘ, ਜਗਦੀਸ਼ ਸਿੰਘ, ਰਵਿੰਦਰ ਸਿੰਘ ਰਵੀ, ਬੱਬੂ ਕੰਗ, ਯਾਦਵਿੰਦਰ ਗੌਰਵ, ਮੋਹਨ ਇੰਦਰ ਸੰਘਾ, ਕੇਵਲ ਸਿੰਘ, ਅਮਨ ਭਿੰਡਰ, ਸਾਬਕਾ ਸਰਪੰਚ ਹਰਦਿਆਲ ਸਿੰਘ, ਨੰਬਰਦਾਰ ਉਂਕਾਰ ਸਿੰਘ, ਅਮਨ ਭਿੰਡਰ, ਮਨਦੀਪ ਸਿੰਘ, ਸ਼ਿੰਦਰਪਾਲ ਮੱਲੀ, ਮਣੀ ਦੇਹਰੀਵਾਲ, ਸਨੀ, ਉਪਕਾਰ ਸਿੰਘ, ਸਤਨਾਮ ਸਿੰਘ, ਡਾ. ਦਵਿੰਦਰ ਸਿੰਘ, ਸਰਬਜੋਤ ਸੰਧੂ, ਲੱਬੀ ਦੇਹਰੀਵਾਲ, ਨਵਦੀਪ ਸਿੰਘ, ਅਮ੍ਰਿਤਪਾਲ ਸਿੰਘ, ਗੁਰਵਿੰਦਰ ਸਿੰਘ, ਲਾਡੀ ਭਲਵਾਨ ਆਦਿ ਮੌਜੂਦ ਸਨ।

# ਰੇੜੂ ਪੱਤੀ ਸਕੂਲ ਨੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਰਕਾਰੀ ਐਲੀਮੈਂਟਰੀ ਸਕੂਲ ਰੇੜੂਪੱਤੀ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ।ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਮਨਦੀਪ ਸ਼ਰਮਾ ਪਹੁੰਚੇ। ਸਕੂਲ ਵਿੱਚ



ਉਨ੍ਹਾਂ ਦੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਮੁਖੀ ਜਸਵੀਰ ਸਿੰਘ ਨੇ ਸਕੂਲ ਦੀ ਸਾਲਾਨਾ ਕਾਰਗੁਜ਼ਾਰੀ ਰਿਪੋਰਟ ਪੜ੍ਹੀ ਤੇ ਮਾਪਿਆਂ ਨੂੰ ਦੱਸਿਆ ਕਿ ਸਾਲ ਦੌਰਾਨ ਜਿੱਥੇ ਸਕੂਲ ਦੇ ਪੰਜ ਬੱਚੇ ਨਵੋਦਿਆ ਵਿੱਚ ਚੁਣੇ ਗਏ ਉੱਥੇ ਹੀ ਖੋ-ਖੋ ਵਿੱਚ ਜਿਲ੍ਹਾ ਅਤੇ ਰਾਜ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ।ਜਿਲ੍ਹਾ ਸਿੱਖਿਆ ਅਫ਼ਸਰ ਅਮਨਦੀਪ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਰੇੜੂਪੱਤੀ ਵਾਸੀਆਂ ਨੂੰ ਇਸ ਸਕੂਲ ਤੇ ਮਾਣ ਕਰਨਾ ਚਾਹੀਦਾ ਹੈ ਕਿਉਂਕਿ ਇਹ ਸਕੂਲ ਇਲਾਕੇ ਦਾ ਹੀ ਨਹੀਂ ਸਗੋਂ ਪੰਜਾਬ ਦੇ ਵਧੀਆ ਸਕੂਲਾਂ ਵਿੱਚ ਗਿਣਿਆ ਜਾਂਦਾ ਹੈ।ਵਿਦਿਆਰਥੀਆਂ ਵਲੋਂ ਕੋਰਿਓਗ੍ਰਾਫੀ, ਸੋਲੋ ਡਾਂਸ, ਨੁੱਕੜ ਨਾਟਕ ਧਰਤੀ ਕਰੇ ਪੁਕਾਰ ਤੇ ਪੰਜਾਬੀ ਲੋਕ ਨਾਚ ਗਿੱਧੇ ਦੀ ਸ਼ਾਨਦਾਰ ਪੇਸ਼ਕਾਰੀ ਨੇ ਸਮਾਂ ਬੰਨ੍ਹ ਕੇ ਰੱਖ ਦਿੱਤਾ। ਇਸ ਮੌਕੇ ਪ੍ਰਿੰਸੀਪਲ ਰਜੇਸ਼ ਸਿੰਘ, ਬੀ ਐਨ ਓ ਅਮਿਤ ਰਾਣਾ, ਪੈਨਸ਼ਨਰ ਆਗੂ ਸ਼ਿਵ ਕੁਮਾਰ, ਸਰਵਜੀਤਪਾਲ ਸਿੰਘ, ਰਾਮ ਪ੍ਰਸਾਦ, ਚੇਅਰਮੈਨ ਅੰਜਨਾ ਦੇਵੀ ਨੇ ਸਕੂਲ ਦੀ ਵਧੀਆ ਕਾਰਗੁਜ਼ਾਰੀ ਲਈ ਸਕੂਲ ਸਟਾਫ਼ ਦੀ ਪ੍ਰਸ਼ੰਸਾ ਕੀਤੀ। ਅਧਿਆਪਕ ਚਮਨ ਲਾਲ, ਸਰੋਜ ਕੁਮਾਰੀ, ਭੁਵਨੇਸ਼ਵਰੀ, ਮਹਿਕ, ਪਲਕ ਨੂੰ ਉੱਤਮ ਕਾਰਗੁਜ਼ਾਰੀ ਲਈ ਸਨਮਾਨਿਤ ਵੀ ਕੀਤਾ ਗਿਆ। ਇਸ ਅਵਸਰ ਤੇ ਵਰਿੰਦਰ ਵਿੱਕੀ, ਸੱਤ ਪ੍ਰਕਾਸ਼, ਰਜਿੰਦਰ ਸਿੰਘ, ਦਵਿੰਦਰ ਸਿੰਘ, ਪੂਨਮ, ਸੋਹਣ ਲਾਲ, ਸਵਿਤਾ ਦੇਵੀ, ਅਨੀਤਾ ਦੇਵੀ, ਊਸ਼ਾ, ਐਚ ਟੀ ਰੇਨੂ ਬਾਲਾ, ਸਰਿਤਾ, ਪ੍ਰੋਫੈਸਰ ਹਰਸ਼ ਮਹਿਤਾ, ਪ੍ਰਿਤਪਾਲ ਚੌਟਾਲਾ, ਸਰਬਜੀਤ, ਅਜੇ ਭਾਟੀਆ ਤੇ ਸੁਨੀਲ ਹਾਜ਼ਰ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ



**ਬਲਾਚੌਰ (ਜਸਵਿੰਦਰ ਬੈਂਸ)** ਪੀ ਐਸ ਪੀ ਸੀ ਐਲ ਦੇ ਜੁਆਇੰਟ ਫੋਰਮ ਦੇ ਸੱਦੇ 'ਤੇ ਸਬ-ਡਵੀਜ਼ਨ ਬਲਾਚੌਰ ਵਿਖੇ ਬਿਜਲੀ ਮੁਲਾਜ਼ਮਾਂ, ਬੱਚਿਆਂ ਅਤੇ ਪੈਨਸ਼ਨਰਾਂ ਵੱਲੋਂ ਵਿਸ਼ਾਲ ਗੇਟ ਰੈਲੀ ਕੀਤੀ ਗਈ।ਇਸ ਦੌਰਾਨ ਮੁਲਾਜ਼ਮਾਂ ਨੇ ਸਰਕਾਰ ਦੀਆਂ ਕਥਿਤ ਮੁਲਾਜ਼ਮ ਵਿਰੋਧੀ ਨੀਤੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਸਰਕਾਰ ਦਾ ਪਿੱਟ ਸਿਆਪਾ ਕਰਦਿਆਂ ਆਪਣਾ ਗੁੱਸਾ ਜ਼ਾਹਿਰ ਕੀਤਾ।ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਕਨਵੀਨਰ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਕੀਤੀ ਜਾ ਰਹੀ ਕਥਿਤ ਨਜਾਇਜ਼ ਖ਼ੁਆਰੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਸਟੇਟ ਆਗੂ ਇਕਬਾਲ ਸਿੰਘ ਆਰਗੇਨਾਈਜ਼ਰ ਨੇ ਕੀਤੀ। ਉਨ੍ਹਾਂ ਦੇ ਨਾਲ ਸਬ-ਡਵੀਜ਼ਨ ਬਲਾਚੌਰ ਨੰਬਰ-1 ਦੇ ਪ੍ਰਧਾਨ ਵਿਨੋਦ ਕੁਮਾਰ ਟਕਾਰਲਾ ਅਤੇ ਸਬ-ਡਵੀਜ਼ਨ ਨੰਬਰ-2 ਦੇ ਪ੍ਰਧਾਨ ਸਰਬਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਅਮਰੀਕ ਸਿੰਘ ਜਾਫਰਪੁਰ, ਸਰਬਜੀਤ ਸਿੰਘ ਆਸ਼ਾਪੁਰ, ਮੋਹਿਤ ਸਿੰਘ, ਜਸਵਿੰਦਰ ਸਿੰਘ ਬੰਗੜ, ਰੇਸ਼ਮ ਸਿੰਘ, ਪਵਨ ਕੁਮਾਰ, ਸੁਰਿੰਦਰ ਸਿੰਘ ਧਿਆਨੂ ਮਾਜਰਾ ਅਤੇ ਨਿਰੰਕਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਹਾਜ਼ਰ ਸਨ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਹੈੱਲਥ ਕੈਂਪ 'ਚ 49 ਔਰਤਾਂ ਦਾ ਮੁਫ਼ਤ ਆਈ ਸਕੈਨ ਬ੍ਰੈੱਸਟ ਟੈਸਟ ਕੀਤਾ

**ਨਵਾਂਸ਼ਹਿਰ/ਬਲਾਚੌਰ (ਮਨੋਜ ਲਾਡੀ, ਜਸਵਿੰਦਰ ਬੈਂਸ)-** ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸ ਬੀ ਆਈ ਕਾਰਡ ਅਤੇ ਵਰਲਡ ਕੈਂਸਰ ਕੇਅਰ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ



ਨਵਾਂਸ਼ਹਿਰ ਵਿਖੇ ਮੁਫ਼ਤ ਹੈਲਥ ਕੈਂਪ ਲਗਾਇਆ ਗਿਆ ਜਿਸ ਵਿੱਚ 49 ਔਰਤਾਂ ਦਾ ਮੁਫ਼ਤ ਆਈ ਸਕੈਨ ਬ੍ਰੈਸਟ ਟੈਸਟ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆ ਕਿ ਸਹੀ ਸਮੇ 'ਤੇ ਬਿਮਾਰੀਆਂ ਦਾ ਪਤਾ ਲੱਗ ਜਾਣ ਤੇ ਇਲਾਜ ਸ਼ੁਰੂ ਹੋ ਜਾਣ ਨਾਲ ਕੀਮਤੀ ਮਨੁੱਖੀ ਜੀਵਨ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ। ਇਸ ਮੰਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਿਹਤ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 334 ਵਿਅਕਤੀਆਂ ਦੇ ਟੈਸਟ ਕੀਤੇ ਗਏ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਆਮ ਲੋਕਾਂ ਅਤੇ ਮੁਲਾਜ਼ਮਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ, ਰਜਿਸਟ੍ਰੇਸ਼ਨ ਕਰਨ ਉਪਰੰਤ ਮੈਮੋਗ੍ਰਾਫੀ, ਪਾਪ ਸਮਿਅਰ, ਪੀ ਐੱਸ ਏ, ਬੋਨ ਟੈਸਟ, ਓਰਲ ਸਕ੍ਰੀਨਿੰਗ, ਅੱਖਾਂ ਦਾ ਚੈੱਕਅਪ ਆਦਿ ਸਮੇਤ ਬੀ.ਪੀ ਤੇ ਸ਼ੁਗਰ ਦਾ ਟੈਸਟ ਕੀਤਾ ਗਿਆ। ਇਸ ਮੌਕੇ 'ਤੇ ਲੋਕਾਂ ਨੂੰ ਬੀਮਾਰੀਆਂ ਤੋਂ ਰੋਕਥਾਮ ਸਬੰਧੀ ਜਾਣੂੰ ਕਰਵਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ ਵੱਲੋਂ ਕੈਂਪ ਦਾ ਨਿਰੀਖਣ ਕੀਤਾ ਗਿਆ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਕੈਂਪ ਵਿੱਚ ਲੋਕਾਂ ਦੀ ਜਨਰਲ ਮੈਡੀਕਲ ਜਾਂਚ ਤੋਂ ਇਲਾਵਾ ਮੁਫ਼ਤ ਦਵਾਈਆਂ ਅਤੇ ਟੈਸਟ ਕੀਤੇ ਗਏ ਹਨ। ਇਸ ਮੌਕੇ 'ਤੇ ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਵੱਲੋਂ ਆਈ ਟੀਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਟੀਮ ਨੂੰ ਸਨਮਾਨਤ ਕੀਤਾ ਗਿਆ।

# ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦੀ ਅਚਨਚੇਤ ਚੈਕਿੰਗ

**ਜਲੰਧਰ, (ਸੁਰਿੰਦਰ ਕੁਮਾਰ)-** ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹੇ ਦੇ ਪਿੰਡ ਚੀਮਾ, ਅੰਬੀਆ ਤੋਹਫਾ, ਹਸਨ ਮੁੰਡਾ ਅਤੇ ਕਰਤਾਰਪੁਰ ਦੇ ਵੱਖ-ਵੱਖ ਸਰਕਾਰੀ




ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦਾ ਦੌਰਾ ਕਰਕੇ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ। ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਸਰਕਾਰੀ ਸਕੂਲ ਕਰਤਾਰਪੁਰ, ਚੀਮਾ, ਹਸਨ ਮੁੰਡਾ ਵਿਖੇ ਮਿਡ-ਡੇ ਮੀਲ ਸਕੀਮ ਤਹਿਤ ਵਿਦਿਆਰਥੀਆਂ ਨੂੰ ਪਰੋਸੇ ਜਾ ਰਹੇ ਖਾਣੇ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿੱਥੇ ਬੱਚਿਆਂ ਨੂੰ ਮਿਡ-ਡੇ ਮੀਲ ਵਧੀਆ ਢੰਗ ਨਾਲ ਦਿੱਤਾ ਜਾ ਰਿਹਾ ਸੀ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ, ਅੰਬੀਆ ਤੋਹਫਾ ਵਿਖੇ ਵੀ ਬੱਚਿਆਂ ਨੂੰ ਪਰੋਸੇ ਜਾਂਦੇ ਖਾਣੇ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਬੱਚਿਆਂ ਨੂੰ ਪਰੋਸੇ ਜਾਂਦੇ ਖਾਣੇ ਦੀ ਗੁਣਵੱਤਾ ਹਰ ਹਾਲ ਵਿੱਚ ਯਕੀਨੀ ਬਣਾਈ ਜਾਵੇ। ਉਪਰੰਤ ਸ਼੍ਰੀ ਧਾਲੀਵਾਲ ਨੇ ਆਂਗਣਵਾੜੀ ਕੇਂਦਰਾਂ ਦਾ ਨਿਰੀਖਣ ਕੀਤਾ। ਉਨ੍ਹਾਂ ਆਂਗਣਵਾਰੀ ਕੇਂਦਰ ਹਸਨ ਮੁੰਡਾ ਵਿਖੇ ਨਿਰੀਖਣ ਦੌਰਾਨ ਲਾਭਪਾਤਰੀਆਂ ਨੂੰ ਕੀਤੀ ਜਾ ਰਹੀ ਸਾਮਾਨ ਦੀ ਵੰਡ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਵੱਲੋਂ ਹਸਨ ਮੁੰਡਾ ਪਿੰਡ ਦੇ ਰਾਸ਼ਨ ਡਿਪੂ ਦਾ ਵੀ ਦੌਰਾ ਕੀਤਾ ਗਿਆ। ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਨੇ ਕਮਿਸ਼ਨ ਦੇ ਹੈਲਪਲਾਈਨ ਨੰਬਰ 98767-64545 ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਸ਼ਿਕਾਇਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੋਲ ਵੀ ਦਰਜ ਕਰਵਾਈ ਜਾ ਸਕਦੀ ਹੈ।

# ਪ੍ਰਭ ਆਸਰਾ ਦੇ ਖਿਡਾਰੀਆਂ ਨੇ ਨੈਸ਼ਨਲ ਹਾਕੀ ਚੈਂਪੀਅਨਸ਼ਿਪ 'ਚ ਪੰਜਾਬ ਲਈ ਜਿੱਤਿਆ ਗੋਲਡ ਮੈਡਲ

**ਕੁਰਾਲੀ (ਮੋਹਨ ਅੱਗਰਵਾਲ)** ਪਹਿਲੀ ਵਾਰ ਸਪੈਸ਼ਲ ਓਲਪਿੰਕ ਭਾਰਤ ਵੱਲੋਂ ਫਰੀਦਾਬਾਦ (22-26 ਫਰਵਰੀ 2026) ਵਿੱਚ ਕਰਵਾਈ ਗਈ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਨੇ ਸੀਨੀਅਰ ਮਿਕਸ ਟੀਮ ਨੇ ਸੋਨੇ ਦਾ ਤਮਗਾ ਜਿੱਤਿਆ ਅਤੇ ਸਬ ਜੂਨੀਅਰ ਟੀਮ ਨੇ ਬ੍ਰੋਨਜ਼ ਮੈਡਲ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਭ ਆਸਰਾ ਦੇ ਮੁਖੀ ਭਾਈ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਸਪੈਸ਼ਲ ਅਤੇ ਨੌਰਮਲ ਬੱਚਿਆਂ ਨੂੰ ਇਸ ਮੁਕਾਬਲੇ ਲਈ ਲਗਾਤਾਰ ਖ਼ਾਸ ਟ੍ਰੇਨਿੰਗ ਦਿੱਤੀ ਗਈ, ਜਿਸ ਵਿੱਚ ਬੀਬੀ ਰਾਜਿੰਦਰ ਕੌਰ ਖੁਦ ਰੋਜ਼ਾਨਾ ਟ੍ਰੇਨਿੰਗ ਵਿੱਚ ਸ਼ਾਮਲ ਹੁੰਦੇ ਸਨ। ਪੰਜਾਬ ਦੀ ਟੀਮ ਵੱਲੋਂ ਖੇਡਦੇ ਹੋਏ ਸੰਸਥਾ ਦੀ ਬੱਚੀ ਪੂਜਾ ਨੇ ਸੋਨਾ, ਏਕਮਵੀਰ ਸਿੰਘ ਨੇ ਕਾਂਸੀ ਅਤੇ ਸਬ-ਜੂਨੀਅਰ ਮਿਕਸਡ ਟੀਮ ਵਿੱਚ ਜਗਜੀਵਨ ਨੇ ਬ੍ਰੋਨਜ਼ ਮੈਡਲ ਜਿੱਤਿਆ।ਇਸ ਜਿੱਤ ਵਿੱਚ ਅਮਰਜੀਤ ਸਿੰਘ, ਕਿਰਨਵੀਰ ਕੌਰ, ਪਰਵੀਨ, ਨਿੱਕੀ ਅਤੇ ਸੁਖਪ੍ਰੀਤ ਸਿੰਘ ਪ੍ਰਭ ਆਸਰਾ ਕੁਰਾਲੀ ਦੇ ਬੱਚਿਆ ਵੱਲੋਂ ਅਤੇ ਅਮਨਦੀਪ ਕੌਰ (ਆਤਮ ਸੁਖ ਸਕੂਲ, ਹੁਸਿਆਰਪੁਰ) ਦੀ ਬੱਚੀ ਵੱਲੋਂ ਅਹਿਮ ਭੂਮਿਕਾ ਨਿਭਾਈ, ਟੀਮ ਦੀ ਇਸ ਕਾਮਯਾਬੀ ਵਿੱਚ ਕੋਚ ਬੀਬੀ ਰਾਜਿੰਦਰ ਕੌਰ, ਦਰਸ਼ਨ ਸਿੰਘ, ਸਿਮਰਨ ਕੌਰ ਅਤੇ ਪਵਨ ਸਿੰਘ ਦੀ ਰਹਿਨੁਮਾਈ ਅਹਿਮ ਰਹੀ।ਬੱਚਿਆਂ ਦੇ ਪੰਜਾਬ ਵਾਪਸੀ 'ਤੇ ਉਨ੍ਹਾਂ ਦਾ ਗਰਮਜੋਸ਼ੀ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ।

# ਸੀ ਐੱਚ ਸੀ ਬੜਾ ਪਿੰਡ ਵੱਲੋਂ ਸਿਹਤ ਪ੍ਰੋਗਰਾਮਾਂ ਸੰਬੰਧੀ ਮੀਟਿੰਗ

**ਫਿਲੌਰ (ਨਿਰਮਲ)-** ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪਰਮਜੀਤ ਸਿੰਘ ਦੀ ਅਗਵਾਈ ਹੇਠ ਆਸ਼ਾ ਵਰਕਰਾਂ ਦੀ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਚੱਲ ਰਹੀਆਂ ਸਿਹਤ ਯੋਜਨਾਵਾਂ ਦੀ ਸਮੀਖਿਆ ਕਰਨਾ ਅਤੇ ਉਨ੍ਹਾਂ ਦੀ ਸੁਚੱਜੀ ਅਤੇ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨਾ ਸੀ।ਮੀਟਿੰਗ ਦੌਰਾਨ ਵੱਖ-ਵੱਖ ਰਾਸ਼ਟਰੀ ਸਿਹਤ ਪ੍ਰੋਗਰਾਮ ਬਾਰੇ ਵਿਚਾਰ-ਵਟਾਂਦਰਾ



ਕੀਤਾ ਗਿਆ। ਖ਼ਾਸ ਕਰਕੇ ਬੱਚਿਆਂ ਦੇ ਨਿਯਮਿਤ ਟੀਕਾਕਰਨ ਅਭਿਆਨ ਨੂੰ ਹੋਰ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ ਗਿਆ। ਡਾ. ਪਰਮਜੀਤ ਸਿੰਘ ਨੇ ਆਖਿਆ ਕਿ ਹਰ ਇਕ ਬੱਚੇ ਦਾ ਸਮੇਂ-ਸਿਰ ਟੀਕਾਕਰਨ ਕਰਵਾਉਣਾ ਸਿਹਤ ਵਿਭਾਗ ਦੀ ਪ੍ਰਾਥਮਿਕਤਾ ਹੈ ਅਤੇ ਇਸ ਮਿਸ਼ਨ ਦੀ ਕਾਮਯਾਬੀ ਵਿੱਚ ਆਸ਼ਾ ਵਰਕਰਾਂ ਦੀ ਭੂਮਿਕਾ ਅਹਿਮ ਹੈ।ਮੈਡੀਕਲ ਅਫ਼ਸਰ ਡਾ. ਮਮਤਾ ਗੌਤਮ ਨੇ ਉੱਚ-ਖ਼ਤਰੇ ਵਾਲੀਆਂ ਗਰਭਵਤੀ ਮਹਿਲਾਵਾਂ ਦੀ ਸਮੇਂ ਸਿਰ ਪਛਾਣ, ਨਿਯਮਿਤ ਜਾਂਚ ਸਬੰਧੀ ਵੀ ਜਾਣਕਾਰੀ ਦਿੱਤੀ। ਮਾਂ ਅਤੇ ਬੱਚੇ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਘਰ-ਘਰ ਜਾ ਕੇ ਜਾਗਰੂਕਤਾ ਫੈਲਾਉਣ ਅਤੇ ਸਰਕਾਰੀ ਸਿਹਤ ਸੇਵਾਵਾਂ ਦੀ ਪਹੁੰਚ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ।ਇਸ ਮੀਟਿੰਗ ਵਿੱਚ ਡਾ ਪਰਮਜੀਤ ਸਿੰਘ ਵਲੋਂ ਆਸ਼ਾ ਵਰਕਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ, ਸਮਰਪਣ ਅਤੇ ਨਿਸ਼ਠਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।

# ਜਿੰਪਾ ਨੇ ਵਾਰਡ 3 'ਚ ਆਰ ਐੱਮ ਸੀ ਗਲੀਆਂ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਹੁਸ਼ਿਆਰਪੁਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 3 ਵਿੱਚ 19 ਲੱਖ ਰੁਪਏ ਦੀ ਲਾਗਤ ਨਾਲ ਆਰਐਮਸੀ (ਰੈਡੀ ਮਿਕਸ ਕੰਕਰੀਟ) ਨਾਲ ਬਣਨ ਵਾਲੀਆਂ ਗਲੀਆਂ ਦੇ ਨਿਰਮਾਣ ਕਾਰਜ ਦੀ ਰਸਮੀ ਸ਼ੁਰੂਆਤ ਕਰਵਾਈ। ਇਸ ਮੌਕੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਦਾ ਸਵਾਗਤ ਕੀਤਾ ਅਤੇ ਇਲਾਕੇ ਵਿੱਚ ਵਿਕਾਸ ਕਾਰਜਾਂ ਲਈ ਧੰਨਵਾਦ ਕੀਤਾ।ਵਿਧਾਇਕ ਜਿੰਪਾ ਨੇ ਕਿਹਾ ਕਿ ਵਾਰਡ ਨੰਬਰ 3 ਵਿੱਚ ਕੰਕਰੀਟ ਦੀਆਂ ਸੜਕਾਂ ਦੀ ਮੁਰੰਮਤ ਅਤੇ ਨਿਰਮਾਣ ਦੀ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਰ.ਐਮ.ਸੀ. ਤੋਂ ਬਣੀਆਂ ਗਲੀਆਂ ਟਿਕਾਊ, ਮਜ਼ਬੂਤ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਹੋਣਗੀਆਂ, ਜਿਸ ਨਾਲ ਲੋਕਾਂ ਨੂੰ ਵਾਰ-ਵਾਰ ਮੁਰੰਮਤ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਮਾਣ ਕਾਰਜ ਨੂੰ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਕ੍ਰਿਸ਼ਨ ਸਿੰਘ ਸੈਣੀ, ਵਿਕਾਸ ਮੱਟੂ, ਬ੍ਰਿਜ ਮੱਟੂ, ਜੋਗਿੰਦਰ ਰਾਜਾ, ਮਨੀ ਗੋਗੀਆ, ਖੁਸ਼ੀ ਰਾਮ ਧੀਮਾਨ, ਬਲਵਿੰਦਰ ਰਾਣਾ ਅਤੇ ਵਰਿੰਦਰ ਵੈਦ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਪੱਤਰਕਾਰ ਭਾਈਚਾਰੇ ਦੇ ਯਤਨਾਂ ਨੂੰ ਮਿਲੀ ਸਫਲਤਾ, ਭੋਗਪੁਰ 'ਚ ਟਰੈਫਿਕ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-** ਭੋਗਪੁਰ ਸ਼ਹਿਰ ਵਿੱਚ ਵੱਧ ਰਹੀ ਟਰੈਫਿਕ ਸਮੱਸਿਆ ਨੂੰ ਦੇਖਦਿਆਂ ਪ੍ਰਸ਼ਾਸਨ ਵੱਲੋਂ ਮੁੱਖ



ਚੌਕਾਂ 'ਤੇ ਟਰੈਫਿਕ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਪਿਛਲੇ ਕਾਫੀ ਸਮੇਂ ਤੋਂ ਚੌਕਾਂ 'ਤੇ ਵਾਹਨਾਂ ਦੀ ਭੀੜ ਵੱਧਣ ਕਾਰਨ ਜਾਮ ਦੀ ਸਥਿਤੀ ਬਣੀ ਰਹਿੰਦੀ ਸੀ, ਜਿਸ ਨਾਲ ਆਮ ਲੋਕਾਂ ਨੂੰ ਰੋਜ਼ਾਨਾ ਆਵਾਜਾਈ ਦੌਰਾਨ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ।ਇਸ ਸੰਬੰਧੀ ਸੀਨੀਅਰ ਪੱਤਰਕਾਰ ਪੀ ਸੀ ਰਾਊਤ ਰਾਜਪੂਤ ਦੀ ਅਗਵਾਈ ਹੇਠ ਭੋਗਪੁਰ ਦੇ ਪੱਤਰਕਾਰ ਰਾਣਾ ਭੋਗਪੁਰੀਆ, ਅਮਰਜੀਤ ਸਿੰਘ ਜੰਡੀਰ, ਗੁਰਪ੍ਰੀਤ ਸਿੰਘ ਭੋਗਲ, ਮਨਜੀਤ ਸਿੰਘ, ਹਰਨਾਮ ਦਾਸ ਚੋਪੜਾ ਅਤੇ ਮਨਜਿੰਦਰ ਸਿੰਘ ਵੱਲੋਂ ਕੁਝ ਸਮਾਂ ਪਹਿਲਾਂ ਜਲੰਧਰ ਦੇ ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੂੰ ਮੰਗ ਪੱਤਰ ਸੌਂਪ ਕੇ ਸ਼ਹਿਰ ਵਿੱਚ ਟਰੈਫਿਕ ਲਾਈਟਾਂ ਲਗਾਉਣ ਦੀ ਮੰਗ ਕੀਤੀ ਗਈ ਸੀ। ਪੱਤਰਕਾਰਾਂ ਦੀ ਇਸ ਜਾਇਜ਼ ਮੰਗ ਨੂੰ ਪ੍ਰਸ਼ਾਸਨ ਵੱਲੋਂ ਮਨਜ਼ੂਰ ਕਰਦੇ ਹੋਏ ਹੁਣ ਟਰੈਫਿਕ ਲਾਈਟਾਂ ਲਗਾਉਣ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ। ਪੀ ਸੀ ਰਾਊਤ ਰਾਜਪੂਤ ਨੇ ਕਿਹਾ ਕਿ ਟਰੈਫਿਕ ਲਾਈਟਾਂ ਲੱਗਣ ਨਾਲ ਚੌਕਾਂ 'ਤੇ ਵੱਧਦੀ ਆਵਾਜਾਈ ਨੂੰ ਕਾਬੂ ਕਰਨ ਵਿੱਚ ਮਦਦ ਮਿਲੇਗੀ ਅਤੇ ਸੜਕ ਹਾਦਸਿਆਂ ਵਿੱਚ ਵੀ ਕਮੀ ਆਵੇਗੀ।ਉਨ੍ਹਾਂ ਨੇ ਕਿਹਾ ਕਿ ਇਹ ਕਦਮ ਸ਼ਹਿਰ ਦੇ ਸੁਚੱਜੇ ਟਰੈਫਿਕ ਪ੍ਰਬੰਧ ਵੱਲ ਇੱਕ ਮਹੱਤਵਪੂਰਨ ਪਹਿਲ ਹੈ ਅਤੇ ਇਸ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ 'ਤੇ ਬਾਲਮੀਕਨ ਟਾਈਗਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਜੱਸ ਕਲਿਆਣ ਰਾਵਣ ਨੇ ਵੀ ਪੱਤਰਕਾਰ ਭਾਈਚਾਰੇ ਦੇ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਟਰੈਫਿਕ ਲਾਈਟਾਂ ਲੱਗਣ ਨਾਲ ਸ਼ਹਿਰ ਵਿੱਚ ਆਵਾਜਾਈ ਸੁਚਾਰੂ ਹੋਵੇਗੀ ਅਤੇ ਲੋਕਾਂ ਨੂੰ ਜਾਮ ਦੀ ਸਮੱਸਿਆ ਤੋਂ ਕਾਫੀ ਹੱਦ ਤੱਕ ਰਾਹਤ ਮਿਲੇਗੀ।ਸ਼ਹਿਰ ਵਾਸੀਆਂ ਨੇ ਵੀ ਪ੍ਰਸ਼ਾਸਨ ਦੇ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਉਮੀਦ ਜਤਾਈ ਹੈ ਕਿ ਜਲਦ ਹੀ ਟਰੈਫਿਕ ਪ੍ਰਬੰਧ ਵਿੱਚ ਵੱਡਾ ਸੁਧਾਰ ਦੇਖਣ ਨੂੰ ਮਿਲੇ।

# 'ਇੰਟਰਵਿਊ ਸਕਿੱਲਜ਼' ਵਿਸ਼ੇ 'ਤੇ ਵਰਕਸ਼ਾਪ

**ਜਲੰਧਰ (ਸ਼ੈਲੀ ਐਲਬਰਟ)-** ਲਾਇਲਪੁਰ ਖਾਲਸਾ ਕਾਲਜ ਦੇ ਜਨ ਸੰਚਾਰ ਅਤੇ ਪੱਤਰਕਾਰਿਤਾ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਇੰਟਰਵਿਊ ਸਕਿੱਲਜ਼ ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਵਰਕਸ਼ਾਪ ਕਰਵਾਈ ਗਈ।ਇਸ ਮੌਕੇ ਇੰਡੋਜ਼ ਟੀ ਵੀ, ਆਸਟ੍ਰੇਲੀਆ ਦੇ ਪ੍ਰਸਿੱਧ ਨਿਊਜ਼ ਐਂਕਰ ਦਲਜੀਤ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇੰਟਰਵਿਊ ਦੀਆਂ



ਤਕਨੀਕਾਂ ਬਾਰੇ ਵਿਹਾਰਕ ਜਾਣਕਾਰੀ ਦੇਣਾ, ਉਨ੍ਹਾਂ ਦੇ ਸੰਚਾਰ ਹੁਨਰ ਨੂੰ ਨਿਖਾਰਨਾ ਅਤੇ ਮੀਡੀਆ ਇੰਡਸਟਰੀ ਦੇ ਪੇਸ਼ੇਵਰ ਵਿਵਹਾਰ ਤੋਂ ਜਾਣੂ ਕਰਵਾਉਣਾ ਸੀ।ਸਮਾਗਮ ਦੀ ਸ਼ੁਰੂਆਤ ਕਾਲਜ ਦੇ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ।ਮੁੱਖ ਮਹਿਮਾਨ ਦਾ ਸਵਾਗਤ ਪ੍ਰਿੰਸੀਪਲ ਡਾ. ਸੰਧੂ ਸਮੇਤ ਡਾ. ਹਰਜੀਤ ਸਿੰਘ (ਮੁਖੀ, ਗਣਿਤ ਵਿਭਾਗ), ਡਾ. ਬਲਰਾਜ (ਮੁਖੀ, ਅੰਗਰੇਜ਼ੀ ਵਿਭਾਗ), ਡਾ. ਹਰੀ ਓਮ (ਆਈ.ਕਿਊ.ਏ.ਸੀ. ਕੋਆਰਡੀਨੇਟਰ) ਅਤੇ ਪ੍ਰੋ. ਆਹੂਜਾ ਸੰਦੀਪ (ਇੰਚਾਰਜ, ਜੇ.ਐਮ.ਸੀ. ਵਿਭਾਗ) ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਕੀਤਾ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ ਅੱਜ ਦੇ ਮੁਕਾਬਲੇਬਾਜ਼ੀ ਵਾਲੇ ਦੌਰ ਵਿੱਚ ਸੰਚਾਰ ਹੁਨਰ, ਆਤਮ-ਵਿਸ਼ਵਾਸ ਅਤੇ ਨੈਤਿਕ ਪੱਤਰਕਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਦਲਜੀਤ ਸਿੰਘ ਨੇ ਆਪਣੇ ਵਿਸ਼ਾਲ ਤਜ਼ਰਬੇ ਰਾਹੀਂ ਵਿਦਿਆਰਥੀਆਂ ਨੂੰ ਖ਼ਬਰਾਂ ਪੇਸ਼ ਕਰਨ ਦੇ ਤਰੀਕੇ, ਸਰੀਰਕ ਭਾਸ਼ਾ ਅਤੇ ਸਵਾਲ ਪੁੱਛਣ ਦੀਆਂ ਰਣਨੀਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਦਲਜੀਤ ਸਿੰਘ ਨੇ ਆਸਟ੍ਰੇਲੀਆਈ ਮੀਡੀਆ ਸੰਸਥਾਵਾਂ ਅਤੇ ਲਾਇਲਪੁਰ ਖਾਲਸਾ ਕਾਲਜ ਵਿਚਕਾਰ ਅੰਤਰਰਾਸ਼ਟਰੀ ਸਹਿਯੋਗ ਦਾ ਪ੍ਰਸਤਾਵ ਵੀ ਰੱਖਿਆ। ਪ੍ਰਿੰਸੀਪਲ ਡਾ. ਸੰਧੂ ਨੇ ਇਸ ਪਹਿਲਕਦਮੀ ਦਾ ਸਵਾਗਤ ਕਰਦਿਆਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਅੰਤ ਵਿੱਚ ਵਿਭਾਗ ਦੇ ਇੰਚਾਰਜ ਪ੍ਰੋ. ਆਹੂਜਾ ਸੰਦੀਪ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਜਰਨਲਿਜ਼ਮ ਵਿਭਾਗ ਤੋਂ ਪ੍ਰੋ. ਰਜਤ ਕੌਰ, ਪ੍ਰੋ. ਅੰਜਲੀ ਭਾਰਦਵਾਜ, ਪ੍ਰੋ. ਮੋਨਿਕਾ ਅਤੇ ਅੰਗਰੇਜ਼ੀ ਵਿਭਾਗ ਤੋਂ ਡਾ. ਚਰਨਜੀਤ ਸਿੰਘ ਵੀ ਮੌਜੂਦ ਸਨ। ਮੰਚ ਦਾ ਸੰਚਾਲਨ ਵਿਦਿਆਰਥਣਾਂ ਵੰਸ਼ਿਕਾ ਅਤੇ ਕੋਮਲਪ੍ਰੀਤ ਕੌਰ ਨੇ ਬਾਖ਼ੂਬੀ ਨਿਭਾਇਆ।

# ਫਰੀ ਮੈਡੀਕਲ ਕੈਂਪਾਂ ਦਾ ਸੰਗਤਾਂ ਨੇ ਭਰਪੂਰ ਲਾਭ ਉਠਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਢੱਕੋ ਵਿਖੇ 108 ਸੰਤ ਨਰਾਇਣ ਦਾਸ ਮਹਾਰਾਜ ਦੇ ਸਾਲਾਨਾ ਬਰਸੀ ਦੇ ਸਮਾਗਮ ਮੌਕੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਜਿਸ ਦਾ ਉਦਘਾਟਨ 108 ਸੰਤ ਰਮੇਸ਼ ਦਾਸ ਜੀ ਮਹਾਰਾਜ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਇਸ ਮੌਕੇ ਡਾਕਟਰ ਜਸਵੰਤ ਸਿੰਘ ਥਿੰਦ ਐਸ ਐਮ ਓ ਸਿਵਲ ਹਸਪਤਾਲ ਮਾਹਿਲਪੁਰ, ਡਾਕਟਰ ਪ੍ਰਭ ਹੀਰ, ਹਰਜਿੰਦਰ ਕੁਮਾਰੀ, ਨਵਜੋਤ ਕੌਰ, ਕਿਸ਼ਨ ਚੰਦ, ਅਮਰਜੀਤ ਸਿੰਘ ਮਨੂ, ਭੁਪਿੰਦਰ ਕੁਮਾਰ, ਅਰਸ਼ਦੀਪ, ਨਿਰਮਲ ਕੌਰ ਬੋਧ ਮਾਹਿਲਪੁਰ, ਅਭਿਲਾਸ਼ਾ ਦੇਵੀ, ਹਰਜੀਤ ਕੌਰ ਤੋਸ਼ੀ, ਬਖਸ਼ੋ, ਚਰਨ ਕੌਰ, ਸੁਮੀਤਾ, ਪਰਮਜੀਤ ਕੌਰ ਮੁੱਗੋਵਾਲ ਹਾਜ਼ਰ ਸਨ।ਇਸ ਤੋਂ ਇਲਾਵਾ ਫਰੀ ਸ਼ੂਗਰ ਟੈਸਟਿੰਗ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਢਿੱਲੋ ਲੈਬੋਰਟਰੀ ਮਾਹਿਲਪੁਰ ਤੋਂ ਡਾਕਟਰ ਮੱਖਣ ਸਿੰਘ ਢਿੱਲੋ, ਨਰਿੰਦਰ ਸਿੰਘ ਅਤੇ ਵਿਜੇ ਪਾਲ ਵੱਲੋਂ ਸੇਵਾਵਾਂ ਨਿਭਾਈਆਂ ਗਈਆਂ।ਬਲੱਡ ਡੋਨੇਸ਼ਨ ਕੈਂਪ ਯੂਥ ਬਲੱਡ ਕੈਂਪ ਜਲੰਧਰ ਦੀ ਟੀਮ ਵੱਲੋਂ ਡਾਕਟਰ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ।ਆਯੁਰਵੈਦਿਕ ਕੈਂਪ ਡਾਕਟਰ ਬਲਜਿੰਦਰ ਸਿੰਘ ਖੜਕਾ, ਡਰੱਗ ਇੰਸਪੈਕਟਰ ਆਯੁਰਵੈਦਿਕ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਲਗਾਇਆ ਗਿਆ।ਸੰਤ ਰਮੇਸ਼ ਦਾਸ ਮਹਾਰਾਜ ਨੇ ਇਹਨਾਂ ਸਾਰੇ ਕੈਂਪਾਂ ਵਿੱਚ ਸੇਵਾਵਾਂ ਨਿਭਾਉਣ ਵਾਲਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਇਸ ਲੋਕ ਭਲਾਈ ਕਾਰਜ ਦੀ ਸ਼ਰਾਹਨਾ ਕੀਤੀ।

# ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ ਸੰਤ ਪਰਮਜੀਤ ਦਾਸ ਨਗਰ ਸਨਮਾਨਤ


**ਹੁਸ਼ਿਆਰਪੁਰ (ਓ ਪੀ ਰਾਣਾ)-** ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਆਦਿ ਧਰਮ ਸਾਧੂ ਸਮਾਜ ਦੇ ਰਾਸ਼ਟਰੀ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਦੀ ਅਗਵਾਈ ਹੇਠ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ, ਆਦਿ ਧਰਮ ਦੇ ਮਹਾਨ ਰਹਿਬਰਾਂ



ਦੀ ਵਿਚਾਰਧਾਰਾ ਅਤੇ ਸਮਾਜ ਸੇਵਾ ਨੂੰ ਸਮਰਪਤ ਕੌਮ ਦੇ ਮਹਾਨ ਸੰਤ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੂੰ ਬ੍ਰਹਮਲੀਨ ਸੰਤ ਦਰਸ਼ਨ ਦਾਸ ਦੇ ਸਲਾਨਾ ਬਰਸੀ ਸਮਾਗਮ ਤੇ ਡੇਰਾ ਸੰਤ ਮੇਲਾ ਰਾਮ ਨਗਰ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ, ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸੰਤ ਪਰਮਜੀਤ ਦਾਸ ਨੇ ਸੰਤ ਦਰਸ਼ਨ ਦਾਸ, ਸੰਤ ਭਗਵਾਨ ਦਾਸ ਵਲੋਂ ਚਲਾਈ ਸਮਾਜ ਸੇਵਾ ਦੀ ਪ੍ਰੰਪਰਾ ਨੂੰ ਅੱਗੇ ਵਧਾਇਆ ਹੈ ਅਤੇ ਉਨ੍ਹਾਂ ਵਲੋਂ ਸ਼ੁਰੂ ਕੀਤੀ ਹਰਿਦੁਆਰ ਦਮੜੀ ਸ਼ੋਭਾ ਯਾਤਰਾ ਲਈ ਹਰ ਸਾਲ ਵੱਡੀ ਸੇਵਾ ਨਿਭਾਈ ਹੈ। ਉਨ੍ਹਾਂ ਕਿਹਾ ਸੰਗਤ 3 ਅਪ੍ਰੈਲ ਨੂੰ ਹੁੰਮ ਹੁਮਾ ਕੇ ਦਮੜੀ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਵੇ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ, ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਬਲਵੰਤ ਸਿੰਘ ਡਿੰਗਰੀਆਂ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਜਸਵੰਤ ਸਿੰਘ ਰਾਵਲਪਿੰਡੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਸੰਤੋਖ ਦਾਸ ਭਾਰਟਾ ਅਤੇ ਵੱਖ ਵੱਖ ਡੇਰਿਆਂ ਦੇ ਸੰਤ ਮਹਾਂਪੁਰਸ਼ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸੰਤ ਪਰਮਜੀਤ ਦਾਸ ਵਲੋਂ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਸੰਤਾਂ ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜੈਵਿਕ ਖਪਣਯੋਗ ਬਰਤਨਾਂ ਦੀ ਲੰਗਰ ਕਮੇਟੀਆਂ ਨੂੰ ਕੀਤੀ ਵੰਡ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-** ਖਾਲਸਾਈ ਸ਼ਾਨੋ-ਸ਼ੌਕਤ ਦੇ ਪ੍ਰਤੀਕ ਹੋਲਾ ਮਹੱਲਾ ਤਿਉਹਾਰ ਇਸ ਸਾਲ ਗਰੀਨ ਹੋਲਾ ਮਹੱਲਾ ਵਿਸ਼ੇਸ਼ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਇਹ ਤਿਉਹਾਰ 27 ਫਰਵਰੀ ਤੋਂ 1 ਮਾਰਚ ਤੱਕ ਕੀਰਤਪੁਰ ਸਾਹਿਬ ਅਤੇ 2 ਮਾਰਚ ਤੋਂ 4 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ



ਹੈ।ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਦੀ ਅਗਵਾਈ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਅਦਿੱਤਿਆ ਡੇਚਲਵਾਲ ਦੇ ਦਿਸ਼ਾ ਨਿਰਦੇਸ਼ਾ ਹੇਠ ਪ੍ਰਦੂਸ਼ਣ ਨੂੰ ਘਟਾਉਣ ਅਤੇ ਸਿੰਗਲ-ਯੂਜ਼ ਪਲਾਸਟਿਕ ਤੋਂ ਬਚਾਅ ਲਈ ਵਿਆਪਕ ਜਾਗਰੂਕਤਾ ਅਤੇ ਕਾਰਜਕਾਰੀ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮਿਸ਼ਨ ਤਹਿਤ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਸਥਿਤ ਸੂਚਨਾ ਕੇਂਦਰ ਦੇ ਆਸ-ਪਾਸ ਲੰਗਰ ਕਮੇਟੀਆਂ ਨੂੰ ਜੈਵਿਕ ਖਪਣਯੋਗ ਬਰਤਨ ਵੰਡੇ ਗਏ।ਅਧਿਕਾਰੀਆਂ ਨੇ ਦੱਸਿਆ ਕਿ ਲੰਗਰਾਂ ਤੋਂ ਨਿਕਲਣ ਵਾਲੇ ਵੇਸਟ ਮਟੀਰੀਅਲ ਦੀ ਵਿਵਸਥਿਤ ਇਕੱਠੀਕਰਨ ਅਤੇ ਅਲੱਗ-ਅਲੱਗ ਛਾਂਟ ਲਈ ਕੱਪੜੇ ਅਤੇ ਜੈਵਿਕ ਖਪਣਯੋਗ ਪਦਾਰਥਾਂ ਨਾਲ ਬਣੇ ਥੈਲੇ ਵੀ ਲੰਗਰ ਕਮੇਟੀਆਂ ਨੂੰ ਮੁਫ਼ਤ ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਨਾਲ ਕੂੜੇ ਦੀ ਸਹੀ ਸੰਭਾਲ ਯਕੀਨੀ ਬਣੇਗੀ ਅਤੇ ਰੀਸਾਈਕਲਿੰਗ ਪ੍ਰਕਿਰਿਆ ਨੂੰ ਮਦਦ ਮਿਲੇਗੀ।ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਹੋਲੇ ਮਹੱਲੇ ਦੌਰਾਨ ਪਲਾਸਟਿਕ ਦੀ ਵਰਤੋਂ ਤੋਂ ਪਰਹੇਜ਼ ਕੀਤਾ ਜਾਵੇ, ਨਿਰਧਾਰਤ ਕੂੜਾਦਾਨਾਂ ਦੀ ਵਰਤੋਂ ਕੀਤੀ ਜਾਵੇ ਅਤੇ ਸਫ਼ਾਈ ਕਾਇਮ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਜਾਵੇ। ਗਰੀਨ ਹੋਲਾ ਮਹੱਲਾ ਮਿਸ਼ਨ ਰਾਹੀਂ ਵਾਤਾਵਰਣ ਸੁਰੱਖਿਅਤ ਰੱਖਣ ਵੱਲ ਇਕ ਮਜ਼ਬੂਤ ਕਦਮ ਚੁੱਕਿਆ ਗਿਆ ਹੈ।

1 Mar Page 7.qxd 2/28/2026 10:28 PM Page 1



# ਖੰਡ ਮਿੱਲ ਦੀ ਜ਼ਮੀਨ ਵੇਚਣ ਵਿਰੁੱਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਜੇਲ੍ਹ ਭੇਜਣ ਵਿਰੁੱਧ ਧਰਨਾ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਸਾਂਝੀ ਤਾਲਮੇਲ ਕਮੇਟੀ ਸਰਕਲ ਮੁਹਾਲੀ ਵੱਲੋਂ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਸ਼ੇਰੋਂ ਦੀ ਬੰਦ ਪਈ ਖੰਡ ਮਿੱਲ ਦੀ ਤਕਰੀਬਨ 100 ਏਕੜ ਜ਼ਮੀਨ ਵੇਚਣ ਅਤੇ ਜਿਓਂਦ ਪਿੰਡ ਵਿੱਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਮੁਲਾਜ਼ਮ ਆਗੂਆਂ ਤੇ ਕਿਸਾਨਾਂ ਤੇ ਸਰਕਾਰ ਵੱਲੋਂ ਪੁਲਸ ਨੂੰ ਤਸ਼ੱਦਦ ਕਰਨ ਦੀ ਦਿੱਤੀ ਖੁੱਲ ਦੇ ਹੁਕਮਾਂ ਨੂੰ ਲਾਗੂ ਕਰਦੇ ਹੋਏ ਤੇ ਮੁਲਾਜ਼ਮ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਹੋਰ ਆਗੂਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਡੱਕਣ ਵਿਰੁੱਧ ਧਰਨਾ ਦਿੱਤਾ ਗਿਆ। ਜਿਸ ਵਿੱਚ ਮੁਲਾਜ਼ਮ ਆਗੂਆਂ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ ਗਈ ਤੇ ਸਰਕਾਰ ਦੇ ਇਸ ਲੋਕ ਵਿਰੋਧੀ ਕਾਰਵਾਈ ਦੀ ਨਿਖੇਧੀ ਗਈ। ਇਸ ਤੋਂ ਇਲਾਵਾ ਪਿਛਲੇ ਦਿਨੀਂ ਐੱਸ ਐੱਸ ਪੀ ਬਠਿੰਡਾ ਵੱਲੋਂ ਜਿਓਂਦ ਪਿੰਡ ਵਿੱਚ ਕੀਤੇ ਅਣਮਨੁੱਖੀ ਤਸ਼ੱਦਦ ਜਿਸ ਵਿੱਚ ਹੱਥ ਗੋਡੇ ਛੱਡਣੇ ਤੇ ਲੋਕਾਂ ਦੀਆਂ ਲੱਤਾਂ ਬਾਹਾਂ ਤੋੜਨ ਵਰਗੇ ਘਿਨੌਣੇ ਐਕਸ਼ਨ ਦੀ ਨਿਖੇਧੀ ਕੀਤੀ ਗਈ ਤੇ ਇਸ ਅਫਸਰ ਵਿਰੁੱਧ ਇਰਾਦਾ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ। ਬੁਲਾਰਿਆਂ ਵੱਲੋਂ ਸਰਕਾਰ ਤੇ ਪੁਲਸ ਵਿਭਾਗ ਨੂੰ ਤਾੜਨਾ ਕੀਤੀ ਗਈ ਕਿ ਜਲਦੀ ਤੋਂ ਜਲਦੀ ਮੁਲਾਜ਼ਮ/ ਕਿਸਾਨ ਆਗੂਆਂ ਨੂੰ ਰਿਹਾ ਕੀਤਾ ਜਾਵੇ ਨਹੀਂ ਤਾਂ ਇਸ ਤੋਂ ਵੀ ਤਿੱਖਾ ਸੰਘਰਸ਼ ਕਿਸਾਨ ਮਜ਼ਦੂਰ ਮੁਲਾਜ਼ਮ ਜੱਥੇਬੰਦੀਆਂ ਦੇ ਸਾਂਝੇ ਝੰਡੇ ਐੱਸ ਕੇ ਐੱਮ ਨੂੰ ਨਾਲ ਲੈ ਕੇ ਕੀਤਾ ਜਾਵੇਗਾ। ਧਰਨੇ ਨੂੰ ਟੀ ਐੱਸ ਯੂ. ਭੰਗਲ ਵੱਲੋਂ ਗੁਰਬਖਸ਼ ਸਿੰਘ ਸਰਕਲ ਪ੍ਰਧਾਨ, ਲੱਖਾ ਸਿੰਘ ਕਨਵੀਨਰ, ਗੁਰਮੀਤ ਸਿੰਘ ਅਤੇ ਜਸਪਾਲ ਸਿੰਘ ਫੈਡਰੇਸ਼ਨ ਏਟਕ ਵੱਲੋਂ ਮੋਹਨ ਸਿੰਘ ਗਿੱਲ ਸਰਕਲ ਪ੍ਰਧਾਨ, ਸੁਰਿੰਦਰ ਪਾਲ ਲਹੌਰੀਆ, ਹਰਪ੍ਰੀਤ ਸਿੰਘ, ਰਣਜੀਤ ਸਿੰਘ ਤੇ ਐਸੋਸੀਏਸ਼ਨ ਆਫ ਜੇ ਈ ਵੱਲੋਂ ਤੁਸ਼ਾਰ, ਨਿਰਮਲ ਸਿੰਘ, ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ ਢਿੱਲੋਂ ਸੂਬਾਈ ਆਗੂ ਤੇ ਸਾਂਝੀ ਤਾਲਮੇਲ ਕਮੇਟੀ ਦੇ ਕਨਵੀਨਰ ਹਰਵਿੰਦਰ ਗਿੱਲ ਵੱਲੋਂ, ਪੈਨਸ਼ਨਰ ਐਸੋਸੀਏਸ਼ਨ ਵੱਲੋਂ ਜਤਿੰਦਰ ਸਿੰਘ, ਪੈਨਸ਼ਨਰ ਯੂਨੀਅਨ ਵੱਲੋਂ ਬਲਵਿੰਦਰ ਕੁਮਾਰ ਵੱਲੋਂ ਸੰਬੋਧਨ ਕੀਤਾ ਗਿਆ।





# ਸੱਚ ਨੂੰ ਦਬਾਇਆ ਨਹੀਂ ਜਾ ਸਕਦਾ : ਰੰਧਾਵਾ

**ਡੇਰਾਬੱਸੀ, (ਵਿਨੈ ਕੁਮਾਰ ਜੈਨ)-** ਰਾਊਜ਼ ਐਵੇਨਿਊ ਅਦਾਲਤ ਵੱਲੋਂ ਆਬਕਾਰੀ ਨੀਤੀ ਨਾਲ ਸੰਬੰਧਿਤ ਸੀ ਬੀ ਆਈ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਸਾਰੇ 23 ਦੋਸ਼ੀਆਂ ਨੂੰ ਬਰੀ ਕਰਨ ਤੋਂ ਬਾਅਦ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ੍ਰੀ ਰਾਮ ਤਲਾਈ ਡੇਰਾਬੱਸੀ ਵਿਖੇ ਮੱਥਾ ਟੇਕ ਆਪਣੀ ਟੀਮ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ ਤੇ ਮਾਨਯੋਗ ਅਦਾਲਤ ਦਾ ਧੰਨਵਾਦ ਕੀਤਾ।ਵਿਧਾਇਕ ਰੰਧਾਵਾ ਨੇ ਕਿਹਾ ਕਿ ਸਚ ਨੂੰ ਦਬਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਇਹ ਇਕ ਸ਼ਾਸ਼ਵਤ ਸੱਚ ਹੈ ਕਿ ਸਚਾਈ ਨੂੰ ਝੂਠ, ਸਾਜ਼ਿਸ਼ ਜਾਂ ਸੱਤਾ ਦੇ ਦਬਾਅ ਹੇਠ ਕੁਝ ਸਮੇਂ ਲਈ ਲੁਕਾਇਆ ਜਾ ਸਕਦਾ ਹੈ, ਪਰ ਇਸ ਨੂੰ ਮਿਟਾਇਆ ਨਹੀਂ ਜਾ ਸਕਦਾ।ਸਮੇਂ ਦੇ ਨਾਲ ਸਚ ਹੋਰ ਮਜ਼ਬੂਤੀ ਨਾਲ ਸਾਹਮਣੇ ਆਉਂਦਾ ਹੈ ਅਤੇ ਅਖ਼ੀਰਕਾਰ ਝੂਠ 'ਤੇ ਜਿੱਤ ਹਾਸਲ ਕਰਦਾ ਹੈ। ਵਿਧਾਇਕ ਰੰਧਾਵਾ ਨੇ ਦੱਸਿਆ ਕਿ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਮਾਮਲੇ ਵਿੱਚ ਕਿਸੇ ਵੀ ਦੋਸ਼ੀ ਵਿਰੁੱਧ ਪਹਿਲੀ ਨਜ਼ਰ ਵਿੱਚ ਨਾ ਤਾਂ ਅਪਰਾਧਿਕ ਸਾਜ਼ਿਸ਼ ਅਤੇ ਨਾ ਹੀ ਅਪਰਾਧਿਕ ਮਨਸ਼ਾ ਸਾਬਤ ਹੁੰਦੀ ਹੈ।ਵਿਸ਼ੇਸ਼ ਜੱਜ ਨੇ ਹੁਕਮ ਸੁਣਾਉਂਦੇ ਹੋਏ ਸਪੱਸ਼ਟ ਕੀਤਾ ਕਿ ਅਭਿਯੋਗ ਪੱਖ ਦੀ ਪੂਰੀ ਕਹਾਣੀ ਨਿਆਂਇਕ ਜਾਂਚ ਦੀ ਕਸੌਟੀ 'ਤੇ ਖਰੀ ਨਹੀਂ ਉਤਰਦੀ। ਅਦਾਲਤ ਨੇ ਆਪਣੇ ਹੁਕਮ ਵਿਚ ਦਰਜ ਕੀਤਾ ਹੈ ਕਿ ਆਬਕਾਰੀ ਨੀਤੀ ਵਿੱਚ ਕਿਸੇ ਵਿਆਪਕ ਸਾਜ਼ਿਸ਼ ਜਾਂ ਅਪਰਾਧਿਕ ਇਰਾਦੇ ਦਾ ਕੋਈ ਸਬੂਤ ਰਿਕਾਰਡ 'ਤੇ ਮੌਜੂਦ ਨਹੀਂ ਹੈ।ਅਦਾਲਤ ਨੇ ਇਹ ਵੀ ਕਿਹਾ ਕਿ ਜੇ ਇਸ ਤਰ੍ਹਾਂ ਦੀ ਕਾਰਗੁਜ਼ਾਰੀ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਇਹ ਸੰਵਿਧਾਨਕ ਮੁੱਲਾਂ ਦੀ ਗੰਭੀਰ ਉਲੰਘਣਾ ਹੋਵੇਗੀ।

# ਬਰਸੀ ਸਮਾਗਮ ਮੌਕੇ ਫਰੀ ਮੈਡੀਕਲ ਕੈਂਪ



**ਆਦਮਪੁਰ (ਪਰਮਜੀਤ ਸਿੰਘ)-** ਪਿੰਡ ਸ਼ੇਰਪੁਰ ਢੱਕੋਂ ਵਿਖੇ ਮੌਜੂਦ ਸੰਤ ਬਾਬਾ ਨਰਾਇਣ ਦਾਸ ਜੀ, ਡੇਰਾ ਬਾਬਾ ਕੱਲਰਾਂ ਸ਼ੇਰਪੁਰ ਵਿਖੇ ਸੰਤ ਬਾਬਾ ਅਮਰਦਾਸ ਜੀ, ਸੰਤ ਬਾਬਾ ਰਾਮ ਕ੍ਰਿਸ਼ਨ ਦਾਸ ਜੀ, ਸੰਤ ਬੀਬੀ ਜਵਾਲੀ ਰਾਮ ਜੀ ਦੇ ਸਲਾਨਾ ਬਰਸੀ ਸਮਾਗਮ ਡੇਰੇ ਦੇ ਮੁੱਖ ਗੱਦੀਨਸ਼ੀਨ ਸੇਵਾਦਾਰ ਸੰਤ ਰਮੇਸ਼ ਦਾਸ ਮਹਾਰਾਜ ਜੀ ਦੀ ਵਿਸ਼ੇਸ਼ ਅਗਵਾਈ ਵਿੱਚ ਕਰਵਾਏ ਗਏ।ਇਸ ਮੌਕੇ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਅਰੋਗਿਆ ਆਯੁਰਵੈਦਿਕ ਕਲੀਨਿਕ ਪਿੰਡ ਖੜਕਾ ਹੁਸ਼ਿਆਰਪੁਰ ਵੱਲੋਂ ਇੱਕ ਫਰੀ ਮੈਡੀਕਲ ਕੈਂਪ ਦਾ ਆਯੋਜਨ ਮੁੱਖ ਵੈਦ ਬਲਜਿੰਦਰ ਰਾਮ ਦੀ ਵਿਸ਼ੇਸ਼ ਅਗਵਾਈ ਵਿੱਚ ਸਮੂਹ ਸਟਾਫ ਵੱਲੋਂ ਕੀਤਾ ਗਿਆ। ਇਸ ਕੈਂਪ ਦਾ ਸ਼ੁਭ ਆਰੰਭ ਸੰਤ ਰਮੇਸ਼ ਦਾਸ ਜੀ ਨੇ ਆਪਣੇ ਸ਼ੁਭ ਕਰ ਕਮਲਾਂ ਨਾਲ ਕੀਤਾ। ਉਨ੍ਹਾਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਹਰ ਸਾਲ ਇਹ ਫ੍ਰੀ ਮੈਡੀਕਲ ਕੈਂਪ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅਰੋਗਿਆ ਆਯੁਰਵੈਦਿਕ ਕਲੀਨਿਕ ਵੱਲੋਂ ਲਗਾਇਆ ਜਾਂਦਾ ਹੈ।ਕੈਂਪ ਦੌਰਾਨ ਮੁੱਖ ਮਹਿਮਾਨ ਵੱਜੋਂ ਭੈਣ ਸੰਤੋਸ਼ ਕੁਮਾਰੀ ਜੀ, ਡਾ. ਸੁਰਿੰਦਰਪਾਲ ਕੌਰ (ਜ਼ਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਹੁਸ਼ਿਆਰਪੁਰ), ਡਾ. ਪ੍ਰਦੀਪ ਸਿੰਘ ਸਾਬਕਾ ਡੀ.ਓ, ਡਾ. ਕਰੁਣਾ ਸ਼ਰਮਾਂ (ਆਯੁਰਵੈਦਿਕ ਮੈਡੀਕਲ ਅਫ਼ਸਰ ਜੀ.ਏ.ਡੀ. ਆਲੋਵਾਲ), ਤੁਲਿਕਾ ਸ਼ਰਮਾ (ਸਟਾਫ ਨਰਸ, ਜੀ ਏ ਡੀ ਸਵਾਸਥ ਕੇਂਦਰ) ਹੁਸ਼ਿਆਰਪੁਰ ਪੁੱਜੇ। ਕੈਂਪ ਦੌਰਾਨ 1960 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਤੇ ਲੋਕਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਕੈਂਪ ਦੀ ਸਮਾਪਤੀ ਤੇ ਮੁੱਖ ਵੈਦ ਬਲਜਿੰਦਰ ਰਾਮ ਨੇ ਡੇਰੇ ਦੀਆਂ ਸਮੂਹ ਸੰਗਤਾਂ, ਮਹਾਂਪੁਰਸ਼ਾਂ ਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਆਯੁਰਵੈਦਿਕ ਦਵਾਈ ਨਾਲ ਸਰੀਰਕ ਰੋਗ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ। ਇਸ ਕੈਂਪ ਨੂੰ ਸਫਲ ਬਣਾਉਣ ਲਈ ਵੈਦ ਬਲਜਿੰਦਰ ਰਾਮ, ਵੈਦ ਸਿਮਰਜੀਤ ਕੌਰ, ਵੈਦ ਗੁਰਪ੍ਰੀਤ ਕੌਰ, ਵੈਦ ਲਵਲੀਨ, ਵੈਦ ਇੰਦਰਜੀਤ, ਵੈਦ ਅੰਸ਼ ਕੁਮਾਰ, ਵੈਦ ਚਰਨਜੀਤ, ਵੈਦ ਜਸ਼ਨਪ੍ਰੀਤ ਕੌਰ, ਸਾਬਕਾ ਡੀ.ਓ ਪ੍ਰਦੀਪ ਸਿੰਘ ਤੇ ਵੈਦ ਪਰਮਜੀਤ ਕੁਮਾਰ ਫਗਵਾੜਾ ਦਾ ਵੀ ਵਿਸ਼ੇਸ਼ ਸਹਿਯੋਗ ਰਿਹਾ।

# ਪੰਚਾਇਤ ਨੂੰ ਸਰਬਸੰਮਤੀ ਨਾਲ ਚੁਣੇ ਜਾਣ 'ਤੇ ਮਿਲਿਆ 5 ਲੱਖ ਦਾ ਚੈੱਕ

**ਬਲਾਚੌਰ (ਜਸਵਿੰਦਰ ਬੈਂਸ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੀਆਂ ਪੰਚਾਇਤੀ ਚੋਣਾਂ ਦੌਰਾਨ ਸਰਬਸੰਮਤੀ ਦੀ ਸਿਆਸਤ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ ਵਾਅਦਾ ਅੱਜ ਅਮਲੀ ਰੂਪ ਵਿੱਚ ਪੂਰਾ ਹੋਇਆ। ਇਸੇ ਲੜੀ ਤਹਿਤ ਹਲਕਾ ਬਲਾਚੌਰ ਦੀ ਵਿਧਾਇਕਾ ਸੰਤੋਸ਼ ਕਟਾਰੀਆ ਨੇ ਪਿੰਡ ਅਟਾਲ ਮਜਾਰਾ ਦੀ ਪੰਚਾਇਤ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਵਿਕਾਸ ਗ੍ਰਾਂਟ ਦਾ ਚੈੱਕ ਸੌਂਪਿਆ। ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਪਿੰਡਾਂ ਵਿੱਚ ਆਪਸੀ ਭਾਈਚਾਰਕ ਸਾਂਝ ਅਤੇ ਵਿਕਾਸ ਦੀ ਇੱਕ ਨਵੀਂ ਮਿਸਾਲ ਹਨ।ਹਲਕਾ ਬਲਾਚੌਰ ਦੀਆਂ ਕੁੱਲ 88 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ 3 ਪੰਚਾਇਤਾਂ ਨੂੰ ਪਹਿਲਾਂ ਹੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ 5 ਲੱਖ ਰੁਪਏ ਦੀ ਰਾਸ਼ੀ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਪਾਰਦਰਸ਼ੀ ਤਰੀਕੇ ਨਾਲ ਵਰਤੀ ਜਾਵੇਗੀ ?ਵਿਧਾਇਕਾ ਨੇ ਦੱਸਿਆ ਕਿ ਮੁੱਖ ਮੰਤਰੀ ਦਾ ਮੁੱਖ ਮਨੋਰਥ ਪਿੰਡਾਂ ਵਿੱਚੋਂ ਧੜੇਬੰਦੀ ਅਤੇ ਸਿਆਸੀ ਕੜਵਾਹਟ ਨੂੰ ਖਤਮ ਕਰਨਾ ਹੈ।



ਇਸ ਮੌਕੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਸੰਬੋਧਨ ਕਰਦਿਆਂ ਕਿਹਾ ? ਸਾਡੀ ਸਰਕਾਰ ਹਰੇਕ ਪਿੰਡ ਨੂੰ ਮਾਡਲ ਪਿੰਡ ਬਣਾਉਣ ਲਈ ਵਚਨਬੱਧ ਹੈ। ਜ਼ਿਲਾ ਪ੍ਰਧਾਨ ਸਤਨਾਮ ਜਲਾਲਪੁਰ, ਸਰਪੰਚ ਕਲਵਿੰਦਰ ਕੌਰ, ਹਰਪ੍ਰੀਤ ਕੌਰ ਪੰਚ, ਆਸ਼ਾ ਰਾਣੀ ਪੰਚ, ਕੁਲਵਿੰਦਰ ਕੌਰ ਪੰਚ, ਬਹਾਦਰ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਹਰਬੰਸ ਸਿੰਘ ਕਾਨੂੰਗੋ, ਗੁਰਮੁਖ ਸਿੰਘ ਅਟਵਾਲ, ਪਿਆਰਾ ਸਿੰਘ ਬੈਂਸ, ਸ਼ਿੰਗਾਰਾ ਸਿੰਘ, ਗੁਰਨਾਮ ਸਿੰਘ, ਸੁਰਜੀਤ ਸਿੰਘ ਨੰਬਰਦਾਰ, ਬਖਸ਼ੀ ਰਾਮ, ਸਾਰੋ, ਸਤਪਾਲ, ਜਰਨੈਲ ਸਿੰਘ ਜੈਲੀਠ ਜਸਪਾਲ ਸਿੰਘ ਮਾਣੀ, ਗੋਪਾਲ ਕ੍ਰਿਸ਼ਨ, ਨਰੇਸ਼ ਕੋਛੜ, ਕੁਲਦੀਪ ਸਿੰਘ ਕੀਪਾ, ਮਨਜਿੰਦਰ ਸਿੰਘ ਅਤੇ ਪਿੰਡ ਦੀ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਦਾ ਬਲਿਦਾਨ ਵਿਸ਼ਵ ਦੇ ਇਤਿਹਾਸ 'ਚ ਬੇਮਿਸਾਲ : ਗੜ੍ਹੀ

**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)-** ਆਰਿਆ ਸਮਾਜ ਕਾਲਜ ਤੇ ਬੀ ਐੱਲ ਐੱਮ ਕਾਲਜ (ਲੜਕੀਆਂ) ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਮੌਕੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਚੇਅਰਮੈਨ ਗੜ੍ਹੀ ਨੇ ਆਪਣੇ ਸੰਬੋਧਨ ਦੌਰਾਨ ਨੌਜਵਾਨ ਪੀੜ੍ਹੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਜੋ ਬਲਿਦਾਨ ਦਿੱਤਾ ਉਹ ਵਿਸ਼ਵ ਭਰ ਦੇ ਇਤਿਹਾਸ ਵਿੱਚ ਬੇਮਿਸਾਲ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਸਾਡੇ ਨੌਵੇਂ ਸਿੱਖ ਗੁਰੂ ਧਰਮ ਨਿਰਪੱਖਤਾ, ਏਕਤਾ ਅਤੇ ਵਿਸ਼ਵ-ਵਿਆਪੀ ਭਾਈਚਾਰੇ ਦੇ ਸੱਚੇ ਪ੍ਰਤੀਕ ਸਨ। ਚੇਅਰਮੈਨ ਗੜ੍ਹੀ ਨੇ ਆਰਿਆ ਕਾਲਜ ਤੇ ਬੀ.ਐਲ.ਐਮ. ਕਾਲਜ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਕਰਵਾਉਣੇ ਸਮੇਂ ਦੀ ਲੋੜ ਹੈ ਕਿਉਂਕਿ ਗੁਰੂ ਸਾਹਿਬ ਦਾ ਮਹਾਨ ਜੀਵਨ, ਸ਼ਹਾਦਤ ਅਤੇ ਮਨੁੱਖਤਾ ਦੇ ਸਦੀਵੀ ਸੰਦੇਸ਼ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰਦਾ ਹੈ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਧਾਰਮਿਕ ਆਜ਼ਾਦੀ ਦੇ ਸਰਵਉਚ ਰੱਖਿਅਕ ਹਨ। ਗੁਰੂ ਸਾਹਿਬ ਦਾ ਬਲੀਦਾਨ ਸਿਰਫ ਕਿਸੇ ਇੱਕ ਕੌਮ ਲਈ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਸ਼ਹਾਦਤ ਅਤੇ ਧਰਮ-ਨਿਰਪੱਖਤਾ ਦੀ ਅਨੋਖੀ ਮਿਸਾਲ ਹੈ।ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੀ ਆਪਣੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਸਮਾਗਮ ਕਰਵਾਕੇ ਵਡਭਾਗਾ ਮਹਿਸੂਸ ਕਰ ਰਹੀ ਹੈ।



# ਈ-ਨਿਲਾਮੀ ਮਾਮਲੇ 'ਚ ਵਿਆਜ ਤੇ ਮੁਆਵਜ਼ਾ ਅਦਾ ਕਰਨ ਦਾ ਆਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਨੇ ਇੱਕ ਮਹਤੱਵਪੂਰਨ ਮਾਮਲੇ ਵਿੱਚ ਸੁਣਵਾਈ ਕਰਦੇ ਹੋਏ ਐਚ ਐਸ ਵੀ ਪੀ ਨੂੰ ਅਲਾਟੀ ਨੂੰ ਬਕਾਇਆ ਵਿਆਜ ਦਾ ਭੁਗਤਾਨ ਕਰਨ ਅਤੇ 5000 ਰੁਪਏ ਮੁਆਵਜ਼ਾ ਅਦਾ ਕਰਨ ਦੇ ਨਿਰਦੇਸ਼ ਦਿੱਤੇ ਹਨ।ਇਹ ਮਾਮਲਾ ਹਿਸਾਰ ਨਿਵਾਸੀ ਰੇਖਾ ਸੋਨੀ ਨਾਲ ਸਬੰਧਤ ਹੈ, ਜਿਨ੍ਹਾਂ ਨੇ ਸਾਲ 2022-23 ਦੀ ਈ-ਨਿਲਾਮੀ ਵਿੱਚ ਹਿੱਸਾ ਲੈ ਕੇ ਪਲਾਟ ਖ਼ਰੀਦਿਆ ਸੀ। ਉਨ੍ਹਾਂ ਨੇ 16 ਜੂਨ, 2023 ਨੂੰ ਅਲਾਟਮੈਂਟ-ਕਮ-ਕਬਜ਼ਾ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਸੀ, ਪਰ ਦੋ ਸਾਲ ਤੋਂ ਵੱਧ ਸਮਾਂ ਬੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਮੌਜੂਦਾ ਕਬਜ਼ਾ ਪ੍ਰਾਪਤ ਨਹੀਂ ਹੋਇਆ। ਪੂਰਾ ਭੁਗਤਾਨ ਕਰਨ ਦੇ ਬਾਵਜੂਦ ਅਲਾਟੀ ਨੂੰ ਗੈਰ-ਜ਼ਰੂਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਯੋਗ ਦੇ ਬੁਲਾਰੇ ਨੇ ਦੱਸਿਆ ਕਿ ਸੁਣਵਾਈ ਦੌਰਾਨ ਇਹ ਤੱਥ ਵੀ ਸਾਹਮਣੇ ਆਇਆ ਕਿ ਸਾਲ 2022-23 ਵਿੱਚ ਜਿਨ੍ਹਾਂ ਪਲਾਟਾਂ ਦੀ ਈ-ਨਿਲਾਮੀ ਕੀਤੀ ਗਈ, ਉਨ੍ਹਾਂ ਵਿੱਚੋਂ ਕੁੱਝ ਥਾਵਾਂ 'ਤੇ ਜ਼ਰੂਰੀ ਵਿਕਾਸ ਕੰਮ ਪੂਰੇ ਨਹੀਂ ਸਨ ਅਤੇ ਵਿਧੀਵਤ ਸੀਮਾਂਕਨ ਵੀ ਨਹੀਂ ਕੀਤੀ ਗਈ ਸੀ। ਆਯੋਗ ਨੇ ਸਪਸ਼ਟ ਕੀਤਾ ਕਿ ਜੇਕਰ ਉਸ ਸਮੇਂ ਵਿੱਚ ਕੀਤੇ ਗਏ ਫੈਸਲਿਆਂ ਲਈ ਮੌਜੂਦਾ ਅਗਵਾਈ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਫਿਰ ਵੀ ਅਜਿਹੇ ਮਾਮਲਿਆਂ ਦਾ ਹੱਲ ਪ੍ਰਸ਼ਾਸਨਿਕ ਪੱਧਰ 'ਤੇ ਪ੍ਰਾਥਮਿਕਤਾ ਨਾਲ ਕੀਤਾ ਜਾਣਾ ਜ਼ਰੂਰੀ ਹੈ।

# 8 ਨੂੰ ਪੰਜਾਬ ਵਿਧਾਨ ਸਭਾ ਦੀ ਘਿਰਾਓ ਕੀਤਾ ਜਾਵੇਗਾ : ਨਿਰਲੇਪ ਕੌਰ

**ਫਿਲੌਰ, (ਨਿਰਮਲ)-** ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਵਾਲੇ ਦਿਨ 8 ਮਾਰਚ ਨੂੰ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ। ਜਾਰੀ ਪ੍ਰੈਸ ਬਿਆਨ ਵਿਚ ਜਿਲਾ ਪ੍ਰਧਾਨ ਨਿਰਲੇਪ ਕੌਰ, ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ ਅਤੇ ਵਿੱਤ ਸਕੱਤਰ ਪਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਮਹਿਲਾ ਦਿਵਸ ਵਾਲੇ ਦਿਨ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦਿਆ ਗਿਆ ਹੈ, ਇਸ ਦਿਨ ਮੰਗਾਂ ਨੂੰ ਲੈ ਕੇ ਯੂਨੀਅਨ ਵੱਲੋਂ ਘਿਰਾਓ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਯੂਨੀਅਨ ਵੱਲੋਂ ਐਲਾਨ ਕੀਤਾ ਗਿਆ ਸੀ ਕਿ 1 ਮਾਰਚ ਨੂੰ ਮਲੋਟ ਵਿਚ ਵਿਭਾਗੀ ਮੰਤਰੀ ਡਾ. ਬਲਜੀਤ ਕੌਰ ਦਾ ਘਿਰਾਓ ਕੀਤਾ ਜਾਣਾ ਸੀ, ਪਰ ਹੁਣ 1 ਮਾਰਚ ਦੀ ਥਾਂ 8 ਮਾਰਚ ਨੂੰ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫੇਸ ਰਿਕੋਗਨਾਈਜੇਸ਼ਨ ਸਿਸਟਮ ਦੇ ਤਹਿਤ ਲਾਭਪਾਤਰੀਆਂ ਦੀ ਸ਼ਨਾਖਤ ਕਰਨ ਲਈ ਆਂਗਣਵਾੜੀ ਕੇਂਦਰਾਂ ਵਿੱਚ ਮੋਬਾਇਲ ਖਰੀਦ ਕੇ ਦੇਣੇ ਹਨ। ਚਾਰ ਸਾਲ ਬੀਤਣ ਤੇ ਮੋਬਾਇਲ ਤਾਂ ਨਹੀਂ ਖਰੀਦੇ ਗਏ।ਜਥੇਬੰਦੀ ਮੰਗ ਕਰਦੀ ਹੈ ਕਿ ਵਿਭਾਗ ਨੂੰ ਜਸਵਿੰਦਰ ਕੌਰ ਦੀਆਂ ਸੇਵਾਵਾਂ ਤੁਰੰਤ ਬਹਾਲ ਕਰਨੀਆਂ ਚਾਹੀਦੀਆਂ ਹਨ।



# ਆਂਗਣਵਾੜੀ ਵਰਕਰ, ਹੈਲਪਰ ਯੂਨੀਅਨ ਨੇ ਮੰਗਾਂ ਸੰਬੰਧੀ ਮੰਗ ਪੱਤਰ ਦਿੱਤਾ

**ਦਸੂਹਾ (ਕਰਨੈਲ ਮਾਂਗਟ)** ਜੁਝਾਰੂ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਬਲਾਕ ਦਸੂਹਾ ਵੱਲੋਂ ਬਲਾਕ ਪ੍ਰਧਾਨ ਜਸਵੀਰ ਕੌਰ ਪੰਧੇਰ ਦੀ ਅਗਵਾਈ ਹੇਠ ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਿਸ ਵਿੱਚ ਸੂਬਾ ਪ੍ਰਧਾਨ ਗੀਮਾ ਰਾਣੀ ਰੋਪੜ ਅਤੇ ਖਜਾਨਚੀ ਬਲਜੀਤ ਕੌਰ ਮੋਹਾਲੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸੂਬਾ ਪ੍ਰਧਾਨ ਗੀਮਾ ਰਾਣੀ ਅਤੇ ਬਲਜੀਤ ਕੌਰ ਦੀ ਯੋਗ ਅਗਵਾਈ ਹੇਠ ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਦੇ ਭਰਾ ਵਰਿੰਦਰ ਇਕਬਾਲ ਸਿੰਘ ਬਿੰਦੂ ਘੁੰਮਣ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਆਪਣੀਆਂ ਮੰਗਾਂ ਸੰਬੰਧੀ ਮੰਗ ਪੱਤਰ ਭੇਜਿਆ। ਜਿਸ ਵਿੱਚ ਯੂਨੀਅਨ ਵੱਲੋਂ ਮੰਗ ਕੀਤੀ ਗਈ ਮਾਣ ਭੱਤੇ ਵਿੱਚ ਵਾਧਾ ਕੀਤਾ ਜਾਵੇ, ਜੋ ਵਰਕਰਾਂ ਨੂੰ 5000 ਅਤੇ ਹੈਲਪਰਾਂ ਨੂੰ 3100 ਮਿਲਦਾ ਸੀ ਪੰਜਾਬ ਸਰਕਾਰ ਆਪਣਾ ਵਾਅਦਾ ਪੂਰਾ ਕਰਦੇ ਹੋਏ ਮਾਣ ਭੱਤੇ ਵਿੱਚ ਕ੍ਰਮਵਾਰ ਹੋਰ 5000 ਅਤੇ 2500 ਵਾਧਾ ਕਰਕੇ ਆਪਣਾ ਵਾਅਦਾ ਪੂਰਾ ਕਰੇ। ਯੂਨੀਅਨ ਦੀਆਂ ਆਗੂਆਂ ਨੇ ਕਿਹਾ ਅਗਰ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾਂਦਾ ਤਾਂ 8 ਮਾਰਚ ਨੂੰ ਮਹਿਲਾ ਦਿਵਸ ਵਾਲੇ ਦਿਨ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਨਰਿੰਦਰ ਕੌਰ ਰਾਏ ਚੱਕ, ਜਸਵੀਰ ਕੌਰ ਕੰਗ, ਕੁਲਵੰਤ ਕੌਰ ਹਮਜਾ, ਹਰਪ੍ਰੀਤ ਕੌਰ ਨਰਿੰਦਰ ਕੌਰ ਬੁਧੋਬਰਕਤ, ਸ਼ੈਰੀ ਸ਼ਰਮਾ, ਰਾਜਵਿੰਦਰ ਕੌਰ, ਲਖਵਿੰਦਰ ਕੌਰ ਤੋਂ ਇਲਾਵਾ ਆਦਿ ਹਾਜ਼ਰ ਸਨ।



# ਐੱਸ ਡੀ ਐੱਮ ਨੇ ਚਾਰਜ ਸੰਭਾਲਿਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)-** ਚੇਤਨ ਬੰਗੜ ਨੇ ਤਹਿਸੀਲ ਮੋਰਿੰਡਾ ਵਿਖੇ ਐਸ ਡੀ ਐਮ ਮੋਰਿੰਡਾ ਵਜੋਂ ਚਾਰਜ ਸੰਭਾਲਿਆ। ਇਸ ਮੌਕੇ ਤਹਿਸੀਲਦਾਰ ਮੋਰਿੰਡਾ ਸੁਰਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਤਹਿਸੀਲ ਮੋਰਿੰਡਾ ਦੇ ਸਮੂਹ ਮੁਲਾਜ਼ਮਾਂ ਨੇ ਨਵੇਂ ਆਏ ਐੱਸ ਡੀ ਡੀ ਐੱਮ ਚੇਤਨ ਬੰਗੜ ਦਾ ਗੁਲਦਸਤੇ ਦੇ ਕੇ ਸਨਮਾਨਤ ਕੀਤਾ। ਚੇਤਨ ਬੰਗੜ ਇਸ ਤੋਂ ਪਹਿਲਾਂ ਰੋਪੜ੍ਹ ਵਿਖੇ ਬਤੌਰ ਐਸ ਡੀ ਐਮ ਸੇਵਾ ਨਿਭਾ ਚੁੱਕੇ ਹਨ। ਮੋਰਿੰਡਾ ਵਿਖੇ ਇਹ ਅਹੁਦਾ ਐਸ ਡੀ ਐਮ ਸੁਰਿੰਦਰ ਕੌਰ ਦੇ ਤਬਾਦਲੇ ਕਾਰਨ ਖਾਲੀ ਹੋਇਆ ਸੀ। ਇਸ ਮੌਕੇ ਚੇਤਨ ਬੰਗੜ ਨੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਆਖਿਆ ਕਿ ਉਹ ਮੋਰਿੰਡਾ ਇਲਾਕੇ ਦੀਆਂ ਸਮਸਿਆਵਾਂ ਦੀ ਜਾਂਚ ਕਰਕੇ ਉਹਨਾਂ ਨੂੰ ਛੇਤੀ ਤੋਂ ਛੇਤੀ ਹੱਲ ਕਰਨ ਦਾ ਯਤਨ ਕਰਨਗੇ। ਉਹਨਾਂ ਇਲਾਕਾ ਨਿਵਾਸੀਆਂ ਨੂੰ ਆਖਿਆ ਕਿ ਉਹ ਅਪਣੇ ਕੰਮ ਕਾਜ ਲਈ ਮੈਨੂੰ ਸਿੱਧਾ ਮਿਲ ਸਕਦੇ ਹਨ। ਕਿਸੇ ਸਿਫਾਰਸ਼ ਦੀ ਲੋੜ ਨਹੀਂ ਹੈ। ਉਹਨਾਂ ਇਲਾਕੇ ਦੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਤਹਿਸੀਲਦਾਰ ਸੁਰਿੰਦਰ ਪਾਲ ਸਿੰਘ, ਸੁਪਰਡੈਂਟ ਵਿਨੇ ਧਵਨ, ਜਸਵੀਰ ਸਿੰਘ ਰੀਡਰ, ਮਲਕੀਤ ਸਿੰਘ ਸੀਨੀਅਰ ਸਹਾਇਕ, ਜਸਪ੍ਰੀਤ ਸਿੰਘ ਕਲਸੀ ਸਹਾਇਕ, ਹਰਮਨ, ਸਨਦੀਪ ਕੌਰ,ਜਸਪਾਲ ਕੌਰ, ਦਲਜੀਤ ਕੌਰ ਅਤੇ ਅਲਕਾ ਰਾਣੀ ਸਮੇਤ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।



# ਜਲਾਲਪੁਰ ਵੱਲੋਂ ਅਟਾਲ ਮਜਾਰਾ ਤੇ ਮਹਿਮੂਦਪੁਰ ਨੂੰ ਲੱਖ ਰੁਪਏ ਦੀ ਗਰਾਂਟ

**ਬਲਾਚੌਰ (ਜਸਵਿੰਦਰ ਬੈਂਸ)-** ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਨੇ ਪਿੰਡ ਅਟਾਲ ਮਜਾਰਾ ਦੀ ਗ੍ਰਾਮ ਪੰਚਾਇਤ (ਬਲਾਕ ਸੜੋਆ) ਅਤੇ ਮਹਿਮੂਦਪੁਰ ਦੀ ਗ੍ਰਾਮ ਪੰਚਾਇਤ (ਬਲਾਕ ਬਲਾਚੌਰ) ਨੂੰ ਇੱਕ-ਇੱਕ ਲੱਖ ਰੁਪਏ ਦੀ ਗਰਾਂਟ ਆਪਣੇ ਜ਼ਿਲ੍ਹਾ ਯੋਜਨਾ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ ਗਈ। ਅਟਾਲ ਮਜਾਰਾ ਦੀ ਪੰਚਾਇਤ ਨੂੰ ਜਿਮ ਖਰੀਦਣ ਲਈ ਅਤੇ ਮਹਿਮੂਦਪੁਰ ਦੀ ਪੰਚਾਇਤ ਨੂੰ ਸ਼ਮਸ਼ਾਨ ਘਾਟ ਦੀ ਰਹਿੰਦੀ ਉਸਾਰੀ ਨੂੰ ਪੂਰਾ ਕਰਨ ਲਈ ਇਹ ਗਰਾਂਟਾਂ ਦਿੱਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਸਾਰੀਆਂ ਪੰਚਾਇਤਾਂ ਨੂੰ ਪੰਜ ਪੰਜ ਲੱਖ ਰੁਪਏ ਦੀ ਗਰਾਂਟ ਵਾਅਦੇ ਮੁਤਾਬਕ ਜਾਰੀ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਜਿੱਥੇ ਸੜਕਾਂ ਦੀ ਉਸਾਰੀ ਦਾ ਕੰਮ ਵੀ ਬੜੀ ਤੇਜ਼ੀ ਨਾਲ ਪੂਰੇ ਪੰਜਾਬ ਵਿਚ ਚਲ ਰਿਹਾ ਹੈ, ਉਥੇ ਸਰਕਾਰ ਵੱਲੋਂ ਖੇਡ ਗਰਾਊਂਡਾਂ ਦਾ ਕੰਮ ਵੀ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ। ਇਸ ਸਮੇਂ ਅਟਾਲ ਮਜਾਰਾ ਵਿਖੇ ਐਮ ਐਲ ਏ ਸੰਤੋਸ਼ ਕਟਾਰੀਆ, ਅਸ਼ੋਕ ਕਟਾਰੀਆ, ਸਰਪੰਚ ਕੁਲਵਿੰਦਰ ਕੌਰ, ਗੁਰਮੁਖ ਸਿੰਘ, ਹਰਬੰਸ ਸਿੰਘ, ਬਹਾਦਰ ਸਿੰਘ ਪੰਚ, ਲਖਬੀਰ ਸਿੰਘ ਪੰਚ, ਆਸ਼ਾ ਰਾਣੀ ਪੰਚ, ਹਰਪ੍ਰੀਤ ਕੌਰ ਪੰਚ, ਲੰਬਰਦਾਰ ਸੁਰਜੀਤ ਸਿੰਘ, ਜਸਪਾਲ ਸਿੰਘ, ਸ਼ਿੰਗਾਰਾ ਸਿੰਘ, ਸੁੱਚਾ ਸਿੰਘ, ਗੋਪਾਲ ਕ੍ਰਿਸ਼ਨ ਤੋਂ ਇਲਾਵਾ ਬਹੁਤ ਸਾਰੇ ਪਿੰਡ ਵਾਸੀ ਮੌਜੂਦ ਸਨ। ਇਸੇ ਤਰ੍ਹਾਂ ਮਹਿਮੂਦਪੁਰ ਵਿਖੇ ਸਰਪੰਚ ਝਰਮਣ ਸਿੰਘ ਸਰਪੰਚ, ਅਵਤਾਰ ਸਿੰਘ ਪੰਚ, ਹਰਮੇਸ਼ ਸਿੰਘ ਪੰਚ, ਬਲਵੰਤ ਸਿੰਘ, ਮਹਿੰਦਰ ਸਿੰਘ, ਗਿਆਨ ਚੰਦ, ਕੈਪਟਨ ਬਲਵਿੰਦਰ ਸਿੰਘ, ਕੁਲਵੰਤ ਸਿੰਘ ਜਗਜੀਤ ਸਿੰਘ, ਹਰਵੰਤ ਸਿੰਘ, ਮਹਿੰਦਰ ਸਿੰਘ, ਭਜਨ ਸਿੰਘ, ਬਲਵਿੰਦਰ ਸਿੰਘ, ਅਸ਼ਨੀ ਕੁਮਾਰ ਪੰਮਾ, ਤਰਸੇਮ ਲਾਲ, ਲਖਵਿੰਦਰ ਸਿੰਘ , ਸਰਵਣ ਰਾਮ ਹਾਜ਼ਰ ਸਨ।



# ਖੇਡਾਂ ਦੇ ਟਰਾਇਲ ਅੱਜ ਤੱਕ

**ਜਲੰਧਰ (ਸੁਰਿੰਦਰ ਕੁਮਾਰ)-** ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡ ਵਿਭਾਗ ਤੇ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਵਲੋਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵੱਖ-ਵੱਖ ਖੇਡਾਂ ਦੇ ਟਰਾਇਲ ਸਟੇਟ ਸਪੋਰਟਸ ਸਕੂਲ ਜਲੰਧਰ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਵਲੋਂ ਵਾਲੀਬਾਲ, ਸਵੀਮਿੰਗ, ਜਿਮਨਾਸਟਿਕ, ਬਾਕਸਿੰਗ ਲਈ ਅੰਡਰ 14, 17 ਅਤੇ 19 ਲੜਕਿਆਂ ਅਤੇ ਐਥਲੈਟਿਕ ਲਈ ਲੜਕੇ ਤੇ ਲੜਕੀਆਂ ਦੇ ਸਪੋਰਟਸ ਸਕੂਲ/ਕਾਲਜ ਜਲੰਧਰ ਵਿਖੇ ਟਰਾਇਲ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹਾਕੀ ਦੇ ਟਰਾਇਲ ਸੁਰਜੀਤ ਹਾਕੀ ਸਟੇਡੀਅਮ ਬਰਲਟਨ ਪਾਰਕ ਵਿਖੇ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਲਈ ਕੇਵਲ ਪੰਜਾਬ ਦੇ ਚਾਹਵਾਨ ਖਿਡਾਰੀ 28 ਫਰਵਰੀ ਤੋਂ 1 ਮਾਰਚ ਤੱਕ ਸਵੇਰੇ 8 ਵਜੇ ਸਟੇਟ ਸਪੋਰਟਸ ਸਕੂਲ, ਨੇੜੇ ਕਪੂਰਥਲਾ ਚੌਕ, ਜਲੰਧਰ ਵਿਖੇ ਟਰਾਇਲ ਦੇਣ ਲਈ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੁਣੇ ਗਏ ਖਿਡਾਰੀਆਂ ਨੂੰ ਮੁਫ਼ਤ ਹੋਸਟਲ, ਮੈਸ, ਸਕੂਲ, ਜਿੰਮ, ਸਵੀਮਿੰਗ ਪੂਲ ਅਤੇ ਟਰੈਕ, ਨੈਸ਼ਨਲ ਸਟੈਂਡਰਡ ਵਾਲੀਬਾਲ ਕੋਰਟ, ਐਡਵਾਂਸ ਟਰੇਨਿੰਗ, ਇਨਡੋਰ ਅਤੇ ਜਿਮਨਾਸਟਿਕ ਹਾਲ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਟਰਾਇਲ ਦੇਣ ਲਈ ਖਿਡਾਰੀ ਆਪਣਾ ਅਧਾਰ ਕਾਰਡ, ਜਨਮ ਸਰਟੀਫਿਕੇਟ, ਪਿਛਲੀ ਜਮਾਤ ਦਾ ਪਾਸ ਸਰਟੀਫਿਕੇਟ, ਖੇਡ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਸਬੰਧੀ ਅਤੇ 4 ਪਾਸਪੋਰਟ ਸਾਈਜ਼ ਫੋਟੋਆਂ ਨਾਲ ਲੈ ਕੇ ਆਉਣ।

# ਖਨੂਰ ਵਿਖੇ ਦੂਜਾ ਇੰਟਰਨੈਸ਼ਨਲ ਕੀਰਤਨ ਦਰਬਾਰ ਸੰਬੰਧੀ ਸ਼ੁਕਰਾਨਾ ਸਮਾਗਮ ਅੱਜ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਖਨੂਰ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਭਾ ਸਾਹਿਬ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ, ਜੱਲੋਵਾਲ-ਖਨੂਰ ਦੀ ਸਮੂਹ ਸਾਧ ਸੰਗਤ ਅਤੇ ਇਲਾਕੇ ਦੇ ਸਹਿਯੋਗ, ਡਾਇਮੰਡ ਆਫ ਕੈਲੀਫੋਰਨੀਆ, ਗੁਰ ਕਿਰਪਾ ਵੈਲਫੇਅਰ ਸੁਸਾਇਟੀ ਵੱਲੋਂ ਬੀਤੀ ਦਿਨੀਂ ਦੂਜਾ ਇੰਟਰਨੈਸ਼ਨਲ ਮਹਾਨ ਕੀਰਤਨ ਦਰਬਾਰ ਕਰਵਾਇਆ ਗਿਆ ਸੀ।ਇਸ ਦੇ ਸ਼ੁਕਰਾਨੇ ਵਜੋਂ ਮਹਾਨ ਗੁਰਮਤਿ ਸਮਾਗਮ 01 ਮਾਰਚ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।ਇਸ ਮੌਕੇ ਮੁੱਖ ਸੇਵਾਦਾਰ ਬਲਕਾਰ ਸਿੰਘ ਅਮਰੀਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ੁਕਰਾਨਾ ਸਮਾਗਮ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

# ਜਲੰਧਰ 'ਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮੈਂਬਰਾਂ ਨੇ ਚੁੱਕੀ ਸਹੁੰ

**ਜਲੰਧਰ, (ਸੁਰਿੰਦਰ ਕੁਮਾਰ)-** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਥੇ ਰੈੱਡ ਕਰਾਸ ਭਵਨ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਆਪਣੇ ਅਹੁਦੇ ਦੀ ਸਹੁੰ ਚੁਕਾਈ ਗਈ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ ਨੇ ਵੱਡੀ ਗਿਣਤੀ ਲੋਕਾਂ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਮੈਂਬਰਾਂ ਨੂੰ ਸਹੁੰ ਚੁਕਾਈ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ (ਯੂ.ਟੀ.) ਮੁਕਿਲਨ ਆਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਦਰਸ਼ਨ ਕੌਂਡਲ ਅਤੇ ਡਿਪਟੀ ਸੀ ਈ ਓ ਜ਼ਿਲ੍ਹਾ ਪ੍ਰੀਸ਼ਦ ਸੁਖਬੀਰ ਕੌਰ ਵੀ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਉਣ ਉਪਰੰਤ ਲੋਕ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨਵੇਂ ਮੈਂਬਰਾਂ ਨੂੰ ਸਮਰਪਣ ਭਾਵਨਾ ਨਾਲ ਕੰਮ ਕਰਨ ਤੇ ਸਰਕਾਰੀ ਲੋਕ ਭਲਾਈ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਨਵੇਂ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਅਧਿਕਾਰਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਤੋਂ ਪਹਿਲਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਗੁਰਦਰਸ਼ਨ ਕੌਂਡਲ ਨੇ ਪਿੰਡਾਂ ਦੇ ਵਿਕਾਸ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀ ਭੂਮਿਕਾ ਪਿੰਡਾਂ ਦੇ ਸਰਵਪੱਖੀ ਵਿਕਾਸ ਵਿੱਚ ਬੜੀ ਅਹਿਮ ਹੈ।ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸੁਰਜੀਤ ਲਾਲ, ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀਆਂ ਦੇ ਨਵੇਂ ਚੁਣੇ ਗਏ ਮੈਂਬਰ ਆਦਿ ਵੀ ਮੌਜੂਦ ਸਨ।



# 14 ਸਾਲ ਦੀਆਂ ਕੁੜੀਆਂ ਨੂੰ ਮੁਫ਼ਤ ਲਗੇਗਾ ਐੱਚ ਪੀ ਵੀ ਦਾ ਟੀਕਾ



**ਕਪੂਰਥਲਾ/ਫਗਵਾੜਾ (ਡਾ. ਰਮਨ)-** ਸਰਵਾਈਕਲ ਕੈਂਸਰ ਭਾਰਤ ਵਿਚ ਮਹਿਲਾਵਾਂ ਵਿਚ ਮੌਤ ਦਾ ਇਕ ਵੱਡਾ ਕਾਰਨ ਹੈ । ਇਹ ਜਾਣਕਾਰੀ ਦਿੰਦਿਆ ਸਿਵਲ ਸਰਜਨ ਕਪੂਰਥਲਾ ਡਾਕਟਰ ਸੰਜੀਵ ਭਗਤ ਨੇ ਦੱਸਿਆ ਕਿ ਮਹਿਲਾਵਾਂ ਵਿਚ ਸਮੇਂ ਰਹਿੰਦਿਆਂ ਸਰਵਾਈਕਲ ਕੈਂਸਰ ਦੀ ਰੋਕਥਾਮ ਲਈ ਸਰਕਾਰ ਵੱਲੋਂ ਐੱਚ ਪੀ ਵੀ ਵੈਕਸਿਨ ਦੀ ਸ਼ੁਰੂਆਤ ਕੇ ਦਿੱਤੀ ਗਈ ਹੈ । ਇਹ ਐੱਚ ਪੀ ਵੀ ਵੈਕਸਿਨ 14 ਸਾਲ ਦੀਆਂ ਕੁੜੀਆਂ ਨੂੰ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿਚ ਮੁਫ਼ਤ ਲਗਾਈ ਜਾਵੇਗੀ।

# ਸੰਤੋਸ਼ ਕਟਾਰੀਆ ਵੱਲੋਂ ਟਿਊਬਵੈੱਲ ਤੇ ਟੈਂਕੀ ਦਾ ਉਦਘਾਟਨ

**ਬਲਾਚੌਰ (ਜਸਵਿੰਦਰ ਬੈਂਸ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ ਨੂੰ ਬੁਨਿਆਦੀ ਸਹੂਲਤਾਂ ਪਹੁੰਚਾਉਣ ਲਈ ਵਚਨਬੱਧ ਹੈ। ਇਸੇ ਲੜੀ ਤਹਿਤ ਹਲਕਾ ਬਲਾਚੌਰ ਦੀ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਵੱਲੋਂ ਪਿੰਡ ਅਟਾਲ ਮਜਾਰਾ ਵਿਖੇ 63.97 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਨਵੇਂ ਟਿਊਬਵੈੱਲ ਤੇ ਪਾਣੀ ਵਾਲੀ ਟੈਂਕੀ ਦਾ ਉਦਘਾਟਨ ਕਰਕੇ ਪਿੰਡ ਵਾਸੀਆਂ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਸਖ਼ਤ ਹਦਾਇਤਾਂ ਹਨ ਕਿ ਸੂਬੇ ਦਾ ਕੋਈ ਵੀ ਪਿੰਡ ਪੀਣ ਵਾਲੇ ਸਾਫ਼ ਪਾਣੀ ਅਤੇ ਸਿੰਚਾਈ ਦੀ ਸੁਵਿਧਾ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਇਸ ਨਵੇਂ ਟਿਊਬਵੈੱਲ ਨਾਲ ਪਿੰਡ ਦੇ ਹਰ ਘਰ ਤੱਕ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣੇਗੀ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਵੀ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗੱਲਾਂ ਵਿੱਚ ਨਹੀਂ ਸਗੋਂ ਕੰਮਾਂ ਵਿੱਚ ਵਿਸ਼ਵਾਸ ਰੱਖਦੀ ਹੈ। ਇਸ ਮੌਕੇ ਜ਼ਿਲਾ ਪ੍ਰਧਾਨ ਸਤਨਾਮ ਜਲਾਲਪੁਰ , ਸਿਮਰਨਜੀਤ ਸਿੰਘ ਕਾਰਜਕਾਰੀ ਇੰਜੀਨੀਅਰ, ਮਨਜੀਤ ਸਿੰਘ ਉਪ ਮੰਡਲ ਇੰਜੀਨੀਅਰ, ਸਰਪੰਚ ਕੁਲਵਿੰਦਰ ਕੌਰ,ਹਰਪ੍ਰੀਤ ਕੌਰ ਪੰਚ, ਆਸ਼ਾ ਰਾਣੀ ਪੰਚ, ਕੁਲਵਿੰਦਰ ਕੌਰ ਪੰਚ, ਬਹਾਦਰ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਹਰਬੰਸ ਸਿੰਘ ਕਾਨੂੰਗੋ, ਗੁਰਮੁਖ ਸਿੰਘ ਅਟਵਾਲ, ਪਿਆਰਾ ਸਿੰਘ ਬੈਂਸ, ਸ਼ਿੰਗਾਰਾ ਸਿੰਘ, ਗੁਰਨਾਮ ਸਿੰਘ, ਸੁਰਜੀਤ ਸਿੰਘ ਨੰਬਰਦਾਰ, ਬਖਸ਼ੀ ਰਾਮ, ਸਾਰੋ, ਸਤਪਾਲ, ਜਰਨੈਲ ਸਿੰਘ ਜੈਲੀਠ ਜਸਪਾਲ ਸਿੰਘ ਮਾਣੀ, ਗੋਪਾਲ ਕ੍ਰਿਸ਼ਨ, ਨਰੇਸ਼ ਕੋਛੜ, ਕੁਲਦੀਪ ਸਿੰਘ ਕੀਪਾ, ਮਨਜਿੰਦਰ ਸਿੰਘ ਅਤੇ ਪਿੰਡ ਦੀ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ, ਜਿਨ੍ਹਾਂ ਨੇ ਪੰਜਾਬ ਸਰਕਾਰ ਤੇ ਵਿਧਾਇਕਾ ਕਟਾਰੀਆ ਦਾ ਧੰਨਵਾਦ ਕੀਤਾ।



# ਜੈਵਿਕ ਖੇਤੀ ਕਰ ਰਿਹਾ ਨਵੀਂ ਸੋਚ ਦਾ ਮਾਲਕ ਕਿਸਾਨ ਜਸਵਿੰਦਰ ਸਿੰਘ ਜੱਸਾ ਬੈਲਜੀਅਮ

**ਨਕੋਦਰ (ਮਨਜੀਤ ਮਾਨ)-** ਜ਼ਿਲ੍ਹਾ ਜਲੰਧਰ ਦੇ ਪਿੰਡ ਰਹੀਮਪੁਰ ਤਹਿਸੀਲ ਨਕੋਦਰ ਦੇ ਜੰਮਪਲ ਅਗਾਂਹਵਧੂ ਕਿਸਾਨ ਜਸਵਿੰਦਰ ਸਿੰਘ ਜੱਸਾ ਬੈਲਜੀਅਮ ਪੁੱਤਰ ਗੁਰਦੇਵ ਸਿੰਘ ਨੇ ਪ੍ਰੈੱਸ ਨੂੰ ਦੱਸਿਆ ਕਿ ਉਹ 16 ਸਾਲਾ ਤੋਂ ਬੈਲਜੀਅਮ ਦੀ ਧਰਤੀ 'ਤੇ ਰਹਿ ਰਿਹਾ ਹੈ ਜਿਥੇ ਉਸ ਨੇ ਸਖ਼ਤ ਮਿਹਨਤ ਕਰਕੇ ਬੈਲਜੀਅਮ ਵਿੱਚ ਵੀ ਆਪਣਾ ਵੱਡੇ ਪੱਧਰ 'ਤੇ ਕਾਰੋਬਾਰ ਕਰ ਰਿਹਾ ਹੈ ਤੇ ਵਿਦੇਸ਼ ਦੀ ਧਰਤੀ 'ਤੇ ਰਹਿ ਕੇ ਵੀ ਉਸ ਦੀਆਂ ਯਾਦਾਂ ਆਪਣੇ ਆਪਣੇ ਪਿੰਡ ਤੇ ਵਤਨ ਪੰਜਾਬ ਨਾਲ ਜੁੜੀਆਂ ਹੋਈਆਂ ਹਨ। ਉਹ ਆਪਣੇ ਪਿਤਾ ਪੁਰਖਿਆਂ ਆਪਣੇ ਪਿਤਾ ਗੁਰਦੇਵ ਸਿੰਘ ਤੇ ਦਾਦਾ ਸਰਬਨ ਸਿੰਘ ਜਿਨ੍ਹਾਂ ਨੇ ਸਖ਼ਤ ਮਿਹਨਤ ਸਦਕਾ ਹੀ ਆਪਣੇ ਪੁਰਖਿਆਂ ਵੱਲੋਂ ਕੀਤੀ ਮਿਹਨਤ ਸਦਕਾ ਹੀ ਵਿਦੇਸ਼ ਦੀ ਧਰਤੀ ਤੋਂ ਆ ਕੇ ਆਪਣੇ ਹੱਥੀਂ ਖੇਤੀ ਕਰ ਰਿਹਾ ਹੈ ਜਸਵਿੰਦਰ ਸਿੰਘ ਜੱਸਾ ਨੇ ਦੱਸਿਆ ਕਿ ਉਸ ਨੇ ਆਪਣੇ ਖੇਤਾਂ ਵਿੱਚ 14 ਏਕੜ ਹਦਵਾਣੇ ਤੇ 11 ਏਕੜ ਕਣਕ ਬੀਜਣ ਦੀ ਤਿਆਰੀ ਕਰ ਰਿਹਾ ਹੈ ਤੇ ਆਪਣੇ ਦੋ ਛੋਟੇ ਬੱਚਿਆਂ ਨੂੰ ਵੀ ਖੇਤੀਬਾੜੀ ਦੇ ਗੁਰ ਮੰਤਰ ਸਿਖਾ ਰਿਹਾ ਹੈ। ਸ੍ਰ ਜਸਵਿੰਦਰ ਸਿੰਘ ਜੱਸਾ ਨੇ ਨੌਜੁਆਨਾਂ ਨੂੰ ਵਿਦੇਸ਼ਾਂ ਦੀ ਧਰਤੀ 'ਤੇ ਰਹਿ ਕੇ ਆਪਣੇ ਵਤਨ ਨਾਲ ਵੀ ਜੁੜਨ ਦੀ ਅਪੀਲ ਕੀਤੀ।



# ਕਾਲਜ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ

**ਗੁਰਾਇਆ (ਬਿੰਦਰ ਸੁਮਨ)-** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਵਿਖੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੀ ਅਗਵਾਈ ਹੇਠ ਇੰਸਟੀਚਿਊਸ਼ਨ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਅਤੇ ਐਨ.ਐਸ.ਐਸ. ਵਿਭਾਗ ਦੇ ਉਪਰਾਲੇ ਨਾਲ ਮਹਾਨ ਭਾਰਤੀ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਵੈਂਕਟ ਰਮਨ (ਸਰ ਸੀ. ਵੀ. ਰਮਨ) ਨੂੰ ਸਮਰਪਿਤ ਰਾਸ਼ਟਰੀ ਵਿਗਿਆਨ ਦਿਵਸ ਮੌਕੇ ਪ੍ਰਸ਼ਨੋਤਰੀ ਮੁਕਾਬਲਾ ਆਯੋਜਿਤ ਕੀਤਾ ਗਿਆ। ਪ੍ਰਸ਼ਨੋਤਰੀ ਮੁਕਾਬਲੇ ਦਾ ਸੰਚਾਲਨ ਮੈਡਮ ਪ੍ਰਦੀਪ ਕੌਰ (ਕੰਪਿਊਟਰ ਵਿਭਾਗ), ਮੈਡਮ ਰਾਜਵਿੰਦਰ ਕੌਰ (ਰਾਜਨੀਤਿਕ ਵਿਭਾਗ) ਅਤੇ ਮੈਡਮ ਮਨਪ੍ਰੀਤ (ਕਾਮਰਸ ਵਿਭਾਗ) ਨੇ ਕੀਤਾ। ਪ੍ਰਸ਼ਨੋਤਰੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਅੱਠ ਟੀਮਾਂ ਜਿਨ੍ਹਾਂ ਵਿੱਚੋਂ ਵਿਦਿਆਰਥੀ ਤਰਨਪ੍ਰੀਤ ਕੌਰ, ਬਬਨਜੋਤ ਕੌਰ, ਅਰੁਨਦੀਪ ਕੌਰ ਅਤੇ ਅੰਸਿਵ ਟੀਮ-ਸੀ ਜੇਤੂ ਰਹੀ।





ਹੋਲਾ ਮਹੱਲਾ ਦੇ ਸਬੰਧ ਵਿੱਚ ਪਿੰਡ ਬਹੂਆ ਵਿਖੇ ਪੰਜ ਦਿਨਾਂ ਚੌਵੀ ਘੰਟੇ ਚੱਲਣ ਵਾਲੇ ਚਾਹ ਪਕੌੜੇ ਅਤੇ ਲੰਗਰ ਵਰਤਾਉਣ ਸਮੇਂ ਗੁਰਦਿਆਲ ਸਿੰਘ ਸਾਬਕਾ ਸਰਪੰਚ, ਅਮਰਜੀਤ ਸਿੰਘ ਸ਼ੇਰਗਿੱਲ ਪੰਚ, ਨਿਰਮਲ ਸਿੰਘ, ਸੁਰਿੰਦਰ ਸਿੰਘ ਕੈਨੇਡਾ, ਮੱਖਣ ਸਿੰਘ, ਰਘਵੀਰ ਸਿੰਘ, ਜੱਸਾ, ਕੁਲਵਿੰਦਰ ਸਿੰਘ, ਸਤਿੰਦਰਜੀਤ ਸਿੰਘ, ਜਸਪ੍ਰੀਤ ਸਿੰਘ ਯੂ ਪੀ, ਹਰਪ੍ਰੀਤ ਸਿੰਘ ਯੂ ਪੀ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।
(ਫੋਟੋ ਅਤੇ ਵੇਰਵਾ : ਬੰਗਾ, ਅਵਤਾਰ ਕਲੇਰ)

## ਜਨਮ ਦਿਨ ਮੁਬਾਰਕ



ਰੋਹਨ, ਸੰਗਰੂਰ

## ਵਰ੍ਹੇਗੰਢ ਮੁਬਾਰਕ



ਅਖਿਲ ਅਰੋੜਾ ਦਾ ਸ਼ੁੱਭ ਵਿਆਹ ਰਿਧੀਮਾ ਅਰੋੜਾ ਦੇ ਨਾਲ ਹੋਇਆ।

# ਪੀ ਏ ਸੋਨੂੰ ਕੰਗ ਨੂੰ ਸਦਮਾ, ਮਾਮੇ ਦਾ ਦੇਹਾਂਤ

## ਅੰਤਿਮ ਅਰਦਾਸ 8 ਨੂੰ ਖੀਵਾ ਵਿਖੇ

**ਸ਼ਾਹਕੋਟ (ਗਿਆਨ ਸੈਦਪੁਰੀ)** ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਪੀ ਏ ਸੁਖਦੀਪ ਸਿੰਘ ਸੋਨੂੰ ਕੰਗ ਨੂੰ ਉਸ ਮੌਕੇ ਗਹਿਰਾ ਸਦਮਾ ਪੁੱਜਾ ਜਦ ਉਨ੍ਹਾਂ ਦੇ ਮਾਮਾ ਜੈਮਲ ਸਿੰਘ ਢਿੱਲੋਂ ਸੀਦਵੀਂ ਵਿਛੋੜਾ ਦੇ ਗਏ।ਸ਼ੁੱਕਰਵਾਰ ਰਾਤ ਨੂੰ ਜੈਮਲ ਸਿੰਘ ਨੇ ਆਖ਼ਰੀ ਸਵਾਸ ਆਪਣੇ ਪਿੰਡ ਖੀਵਾ ਵਿਖੇ ਲਏ।ਜ਼ਿਕਰਯੋਗ ਹੈ ਕਿ ਜੈਮਲ ਸਿੰਘ ਢਿੱਲੋਂ ਪਿਛਲੇ ਕਾਫੀ ਸਮੇਂ ਤੋਂ ਆਪਣੇ ਭਾਣਜੇ ਸੋਨੂੰ ਕੰਗ ਪੀ.ਏ ਦੇ ਗ੍ਰਹਿ ਸ਼ਾਹਕੋਟ ਵਿਖੇ ਰਹਿ ਰਹੇ ਸਨ।ਕੁਝ ਦਿਨ ਪਹਿਲਾਂ ਹੀ ਜੈਮਲ ਸਿੰਘ ਪਿੰਡ ਖੀਵਾ ਵਿਖੇ ਗਏ ਸਨ।ਸ਼ਨੀਵਾਰ ਨੂੰ ਪਿੰਡ ਖੀਵਾ ਦੇ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਭਤੀਜੇ ਬਲਵਿੰਦਰ ਸਿੰਘ ਢਿੱਲੋਂ ਅਤੇ ਭਾਣਜੇ ਸੋਨੂੰ ਕੰਗ ਨੇ ਦਿੱਤੀ। ਜੈਮਲ ਸਿੰਘ ਨਮਿੱਤ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ 8 ਮਾਰਚ ਦਿਨ ਐਤਵਾਰ ਨੂੰ ਪਿੰਡ ਖੀਵਾ ਵਿਖੇ ਦੁਪਹਿਰ 1 ਵਜੇ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਸੱਤਾ ਟਰਾਂਸਪੋਰਟ, ਗੁਰਪ੍ਰੀਤ ਬੱਬੂ, ਸਾਬਾ ਪੰਡਿਤ, ਅਮਨਦੀਪ ਸੈਦਪੁਰੀ, ਗੁਰਦੇਵ ਸਿੰਘ ਤਲਵੰਡੀ ਮਾਧੋ, ਗਗਨ ਤਲਵੰਡੀ ਬੂਟਿਆਂ, ਜਗਦੇਵ ਸਿੰਘ, ਗੁਰਸਿਮਰ ਸਿੰਘ ਕੰਗ, ਪਰਮਿੰਦਰ ਸਿੰਘ ਪ੍ਰਗਟ ਸਿੰਘ, ਹਰਮਨ ਸਿੰਘ, ਕੀਰਤ ਸਿੰਘ, ਮੌਜੂਦ ਸਨ।



# ਮੇਹਰ ਚੰਦ ਪੋਲੀਟੈਕਨਿਕ ਕਾਲਜ ਦਾ ਸੀ ਟੀ ਗਰੁੱਪ ਵਿਖੇ ਸੀ ਈ ਆਰ ਆਈ ਸੁਸਾਇਟੀ ਦਾ ਦੌਰਾ

**ਜਲੰਧਰ (ਸ਼ੈਲੀ ਐਲਬਰਟ)-** ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਮੈਡਮ ਪ੍ਰੀਤ ਕੰਵਲ (ਇੰਚਾਰਜ, ਈਸੀਈ ਵਿਭਾਗ) ਦੀ ਅਗਵਾਈ ਹੇਠ, ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਈਸੀਈ ਵਿਭਾਗ ਨੇ ਹਾਲ ਹੀ ਵਿੱਚ ਸੀਟੀ ਗਰੁੱਪ ਆਫ਼ ਇੰਸਟੀਚਿਊਟ, ਨੌਰਥ ਕੈਂਪਸ, ਮਕਸੂਦਾਂ, ਜਲੰਧਰ ਵਿਖੇ ਸੈਂਟਰ ਆਫ਼ ਐਕਸੀਲੈਂਸ ਫਾਰ ਰਿਸਰਚ ਐਂਡ ਇਨੋਵੇਸ਼ਨ (ਸੀ ਈ ਆਰ ਆਈ ਸੋਸਾਇਟੀ) ਦਾ ਇੱਕ ਵਿਦਿਅਕ ਉਦਯੋਗਿਕ ਦੌਰਾ ਕੀਤਾ।ਇਸ ਸਮਾਗਮ ਦਾ ਉਦੇਸ਼ ਪਹਿਲੇ, ਦੂਜੇ ਅਤੇ ਅੰਤਿਮ ਸਾਲ ਦੇ ਈਸੀਈ ਵਿਦਿਆਰਥੀਆਂ ਨੂੰ ਉਦਯੋਗਿਕ ਸੱਭਿਆਚਾਰ ਵਿੱਚ ਵਿਹਾਰਕ ਐਕਸਪੋਜ਼ਰ ਅਤੇ ਸੂਝ ਪ੍ਰਦਾਨ ਕਰਨਾ ਸੀ।ਇਸ ਦੌਰੇ ਦੌਰਾਨ, ਵਿਦਿਆਰਥੀਆਂ ਨੇ ਸੀਈਆਰਆਈ ਸੋਸਾਇਟੀ ਦੇ ਵੱਖ-ਵੱਖ ਭਾਗਾਂ ਦੀ ਪੜਚੋਲ ਕੀਤੀ, ਜਿਸ ਵਿੱਚ ਰੋਬੋਟਿਕਸ ਸੈਕਸ਼ਨ, 3ਡੀ ਪ੍ਰਿੰਟਿੰਗ ਸੈਕਸ਼ਨ, ਸੀਐਨਸੀ ਸੈਕਸ਼ਨ ਅਤੇ ਇਨੋਵੇਸ਼ਨ ਔਨ ਵ੍ਹੀਲਜ਼ ਬੱਸ ਸ਼ਾਮਲ ਹਨ। ਉਨ੍ਹਾਂ ਨੂੰ 3ਡੀ ਪ੍ਰਿੰਟਿੰਗ ਸੇਵਾਵਾਂ ਅਤੇ ਡਿਜ਼ਾਈਨਾਂ ਦੇ ਨਾਲ-ਨਾਲ ਹਿਊਮਨਾਈਡ ਰੋਬੋਟ, ਹਿਊਜ ਟੇਸਲਾ ਕੋਇਲ ਅਤੇ ਰੋਬੋਟਿਕ ਕਿੱਟਾਂ ਵਰਗੀਆਂ ਉੱਨਤ ਤਕਨਾਲੋਜੀਆਂ ਨਾਲ ਜਾਣੂ ਕਰਵਾਇਆ ਗਿਆ।ਡਾ. ਇੰਦਰਪਾਲ ਸਿੰਘ (ਐੱਚਓਡੀ, ਸੀਐਸਈ) ਅਤੇ ਇੰਜੀਨੀਅਰ ਕੰਵਰਪ੍ਰੀਤ ਸਿੰਘ (ਪ੍ਰੋਜੈਕਟ ਇੰਚਾਰਜ) ਨੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਅਤੇ ਪ੍ਰਦਰਸ਼ਨ ਪ੍ਰਦਾਨ ਕੀਤੇ, ਜਿਸ ਨਾਲ ਅਨੁਭਵ ਬਹੁਤ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਬਣ ਗਿਆ।



ਫੈਕਲਟੀ ਮੈਂਬਰ, ਇੰਜੀਨੀਅਰ ਮਨੀਸ਼ ਸਚਦੇਵਾ ਅਤੇ ਇੰਜੀਨੀਅਰ ਦੇਵਿਕਾ ਵਿਦਿਆਰਥੀਆਂ ਦੇ ਨਾਲ ਸਨ।ਸਮਾਪਤੀ 'ਤੇ ਸਟਾਫ ਅਤੇ ਵਿਦਿਆਰਥੀਆਂ ਦੋਵਾਂ ਨੇ ਟੀਮ ਦੇ ਸਹਿਯੋਗ ਅਤੇ ਸੂਝਵਾਨ ਪ੍ਰਦਰਸ਼ਨਾਂ ਲਈ ਧੰਨਵਾਦ ਪ੍ਰਗਟ ਕੀਤਾ। ਕੁੱਲ ਮਿਲਾ ਕੇ, ਇਸ ਦੌਰੇ ਨੂੰ ਇੱਕ ਲਾਭਕਾਰੀ ਅਤੇ ਵਿਦਿਅਕ ਅਨੁਭਵ ਮੰਨਿਆ ਗਿਆ।

## ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਗਿੱਦੜਬਾਹਾ (ਜਸਵੰਤ ਸਿੰਘ ਗਿੱਲ)**- ਥਾਣਾ ਕੋਟਭਾਈ ਪੁਲਸ ਨੇ ਇਕ ਵਿਅਕਤੀ ਨੂੰ 200 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ।ਏ.ਐੱਸ.ਆਈ. ਸੁਖਵਿੰਦਰ ਸਿੰਘ ਨੇ ਲਿਖਤੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਜਸਵੰਤ ਸਿੰਘ ਉਰਫ ਜੱਜਾ ਪੁੱਤਰ ਸੁਖਮੰਦਰ ਸਿੰਘ ਵਾਸੀ ਪਿੰਡ ਭਲਾਈਆਣਾ ਨੂੰ 200 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ।ਪੁਲਸ ਨੇ ਕਥਿਤ ਦੋਸ਼ੀ ਜਸਵੰਤ ਸਿੰਘ ਖਿਲਾਫ ਐੱਨਡੀਪੀਐੱਸ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


**ਦੀ ਆਰ.ਸੀ.ਐਫ. ਇੰਪਲਾਈਜ਼ ਸਹਿਕਾਰੀ ਹਾਊਸ ਬਿਲਡਿੰਗ ਸਭਾ ਲਿਮ: ਦੀ ਪ੍ਰਬੰਧਕ ਕਮੇਟੀ ਦੀ ਚੋਣ ਸਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਸਬੰਧੀ।**

**ਵੋਟਰ ਸੂਚੀ/ ਲਿਸਟਾਂ ਪ੍ਰਵਾਨ ਕਰਨ ਸਬੰਧੀ ਇਤਰਾਜ਼ ਦੇਣ ਸਬੰਧੀ ਨੋਟਿਸ**

ਦੀ ਆਰ.ਸੀ.ਐਫ. ਇੰਪਲਾਈਜ਼ ਸਹਿਕਾਰੀ ਹਾਊਸ ਬਿਲਡਿੰਗ ਸਭਾ ਲਿਮ: ਦੀ ਪ੍ਰਬੰਧਕ ਕਮੇਟੀ ਦੀ ਚੋਣ ਸਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਪ੍ਰਵਾਨਗੀ ਹਿੱਤ ਇਸ ਦਫਤਰ ਨੂੰ ਪ੍ਰਾਪਤ ਹੋਈ ਹੈ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਸ ਵੋਟਰ ਸੂਚੀ ਦੀ ਬਣਤਰ ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨ ਹਸਤਾਖਰ ਦੇ ਦਫਤਰ ਵਿਖੇ ਮਿਤੀ 05.03.2026 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 06.03.2026 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਦੇ ਦਫਤਰ (ਤੀਸਰੀ ਮੰਜਿਲ, ਸਾਹਮਣੇ ਮੇਨ ਡਾਕਖਾਨਾ, ਜਲੰਧਰ) ਵਿਖੇ ਕੀਤੀ ਜਾਵੇਗੀ। ਇਤਰਾਜਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ। ਵੋਟਰ ਸੂਚੀ ਦੀ ਇੱਕ ਇੱਕ ਕਾਪੀ ਦੀ ਆਰ.ਸੀ.ਐਫ. ਇੰਪਲਾਈਜ਼ ਸਹਿਕਾਰੀ ਹਾਊਸ ਬਿਲਡਿੰਗ ਸਭਾ ਲਿਮ: ਦੇ ਦਫਤਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ-2 ਅਤੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਸਮੇਂ ਦੌਰਾਨ ਵੇਖੀ ਜਾ ਸਕਦੀ ਹੈ।

ਗੁਰਵਿੰਦਰਜੀਤ ਸਿੰਘ
ਪੀ.ਸੀ.ਐਸ.-1, ਉਪ ਰਜਿਸਟਰਾਰ
ਸਹਿਕਾਰੀ ਸਭਾਵਾਂ, ਜਲੰਧਰ।



### ਉਤਰ ਰੇਲਵੇ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-14 | 16.03.26 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)14604/F1, 15136/F1, 14618/F1, 12422/F1, 15708/R1 & 12498/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 690/26



### ਉਤਰ ਰੇਲਵੇ

**ਈ. ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਨ ਵਾਲੇ ਸੀਨੀਅਰ ਡੀਐਸਟੀਈ/ਜੇਈਟੀ ਨਿਵਿਦਾ ਸੂਚਨਾ ਨੰਬਰ 433_Sig_31_25_26 ਸਮਾਪਨ ਮਿਤੀ/ਸਮਾਂ 20.03.2026 15:00 ਵਜੇ ਦੇ ਵਿਰੁਧ https://www.ireps.gov.in 'ਤੇ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ਼ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟ ਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੇਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਦੀ ਇਜਾਜਤ ਨਹੀਂ ਹੈ।

ਐਨਆਈਟੀ ਹੇਡਰ

| ਕਰਾਰ ਦਾ ਪ੍ਰਕਾਰ | ਕੰਮ | | |
|---|---|---|---|
| ਕੰਮ ਦਾ ਨਾਮ | ਜੰਮੂ ਡਵੀਜਨ ਦੇ ਬੀਆਰਐਮਐਲ-ਬਾਹਲ ਸੈਕਸ਼ਨ ਦੇ 15 ਸਟੇਸ਼ਨਾਂ ਤੇ ਸਥਾਪਿਤ ਹਿਤਾਚੀ ਮੇਕ ਇਲੈਕਟ੍ਰਾਨਿਕ ਇੰਟਰਲਾਕਿੰਗ ਸਿਸਟਮ ਦੇ ਲਈ ਤਿੰਨ (03) ਸਾਲਾਂ ਦਾ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ (ਏਐਮਸੀ) | | |
| ਨਿਵਿਦਾ ਸਮਾਪਤੀ ਮਿਤੀ ਸਮਾਂ | 20.03.2026 15:00 | ਟੈਂਡਰ ਅਪਲੋਡ ਕਰਨ ਦੀ ਮਿਤੀ ਸਮਾਂ | 26.02.2026 15:35 |
| ਵਿਗਿਆਪਤ ਮੂਲ (ਰੁ.) | 37235138.40 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਕਰਨ ਦੀ ਮਿਤੀ | 06.03.2026 |
| ਬਿਆਨਾ ਰਾਸ਼ੀ (ਰੁ.) | 336200 | ਪੂਰਾ ਹੋਣ ਦਾ ਸਮਾਂ | 36 ਮਹੀਨੇ |

ਨਿਵਿਦਾ ਸੂਚਨਾ ਨੰ. :- 433_Sig_31_25_26 ਮਿਤੀ 26.02.2026 ਸਮਾਪਤੀ ਮਿਤੀ/ਸਮਾਂ: 20.03.2026 15:00 ਵਜੇ 701/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ. 235-2025-26-DEN-TRACK-FZR    ਤਾਰੀਕ : 27.02.2026

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁਆਟਰ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.03.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਨਿਵਿਦਾ ਸੁਰੱਖਿਆ ਐਲਾਨ ਪੱਤਰ ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 26.02.2026 | 09.03.2026 | 23.03.2026 & 15:00 ਵਜੇ |

| ਲ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 235-2025-26-DEN-TRACK-FZR | ਫਿਰੋਜਪੁਰ ਡਵੀਜਨ ਵਿਚ ਚਾਬੀਵਾਲਾ ਅਤੇ ਪੈਟ੍ਰੋਲੋਮਾਨੋ ਤੇ ਨਿਗਰਾਨੀ ਦੇ ਲਈ ਜੀਪੀਐਸ ਟ੍ਰੈਕਿੰਗ ਉਪਕਰਣਾਂ ਨੂੰ ਤਿੰਨ ਸਾਲ ਦੇ ਸਮੇਂ ਦੇ ਲਈ ਕਿਰਾਏ ਤੇ ਲੈਣ/ਕਿਰਾਏ ਦੇ ਕਾਂਟਰੈਕਟ ਤੇ ਲੈਣ ਦਾ ਇੰਤਜਾਮ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ (ਰੁ) | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 39,95,439.84 | 79,900.00 | 60 ਦਿਨ | 36 ਮਹੀਨੇ |

ਸਮਾਨ ਨੇਚਰ ਦਾ ਕੰਮ: ਕੋਈ ਕੰਮ ਨਹੀਂ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

696/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਸੰਤੋਖਪੁਰਾ 'ਚ ਦੇਰ ਰਾਤ ਡਾਕਟਰ ਯਸ਼ਪਾਲ ਦੇ ਘਰ ਦੇ ਬਾਹਰ ਗੋਲੀਬਾਰੀ

**ਜਲੰਧਰ (ਸੁਰਿੰਦਰ ਕੁਮਾਰ)**-ਸੰਤੋਖਪੁਰਾ ਇਲਾਕੇ ਵਿੱਚ ਬਦਮਾਸ਼ਾਂ ਨੇ ਦੇਰ ਰਾਤ ਡਾਕਟਰ ਯਸ਼ਪਾਲ ਦੇ ਘਰ ਦੇ ਬਾਹਰ ਖੜ੍ਹੀ ਇੱਕ ਕਾਰ ਅਤੇ ਘਰ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਭੱਜ ਗਏ। ਇਹ ਘਟਨਾ ਸਵੇਰੇ 1:40 ਵਜੇ ਦੇ ਕਰੀਬ ਵਾਪਰੀ ਦੱਸੀ ਜਾ ਰਹੀ ਹੈ।ਹਮਲਾਵਰਾਂ ਨੇ ਲਗਭਗ 10 ਰਾਊਂਡ ਫਾਇਰ ਕੀਤੇ। ਜਾਣਕਾਰੀ ਅਨੁਸਾਰ, ਮੋਟਰਸਾਈਕਲ 'ਤੇ ਆਏ ਬਦਮਾਸ਼ਾਂ ਨੇ ਪਹਿਲਾਂ ਘਰ ਦੇ ਬਾਹਰ ਖੜ੍ਹੀ ਕਾਰ ਨੂੰ ਨਿਸ਼ਾਨਾ ਬਣਾਇਆ ਅਤੇ ਫਿਰ ਘਰ 'ਤੇ ਗੋਲੀਆਂ ਚਲਾਈਆਂ। ਘਟਨਾ ਸਮੇਂ ਡਾਕਟਰ ਯਸ਼ਪਾਲ ਆਪਣੇ ਪਰਵਾਰ ਨਾਲ ਘਰ ਦੇ ਅੰਦਰ ਹੀ ਸੀ।ਪੂਰੀ ਘਟਨਾ ਨੇੜਲੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ।ਘਟਨਾ ਦੀ ਜਾਣਕਾਰੀ ਮਿਲਣ 'ਤੇ ਏ ਸੀ ਪੀ ਜਯੰਤਪੁਰੀ ਮੌਕੇ 'ਤੇ ਪਹੁੰਚੇ ਅਤੇ ਥਾਣਾ 8 ਦੇ ਐਸ ਐਚ ਓ ਨਾਲ ਜਾਂਚ ਸ਼ੁਰੂ ਕਰ ਦਿੱਤੀ। ਏ ਸੀ ਪੀ ਨੇ ਦੱਸਿਆ ਕਿ ਪਰਵਾਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।ਫਿਲਹਾਲ ਗੋਲੀਬਾਰੀ ਦੇ ਕਾਰਨ ਵਜੋਂ ਫਿਰੌਤੀ ਦੀ ਮੰਗ ਜਾਂ ਪੁਰਾਣੀ ਦੁਸ਼ਮਣੀ ਦੀ ਪਛਾਣ ਨਹੀਂ ਕੀਤੀ ਗਈ । ਇਸ ਦੌਰਾਨ, ਏਰੀਆ ਕੌਂਸਲਰ ਰਾਜੇਸ਼ ਠਾਕੁਰ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 2 ਵਜੇ ਦੇ ਕਰੀਬ ਡਾ. ਯਸ਼ਪਾਲ ਦਾ ਫੋਨ ਆਇਆ, ਜਿਸ ਤੋਂ ਬਾਅਦ ਉਨ੍ਹਾਂ ਪੁਲਸ ਨੂੰ ਸੂਚਿਤ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਮਾਮਲੇ ਦੀ ਰਿਪੋਰਟ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੂੰ ਦਿੱਤੀ ਗਈ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਦੋਸ਼ੀ ਦੀ ਜਲਦੀ ਗ੍ਰਿਫ਼ਤਾਰੀ ਦਾ ਭਰੋਸਾ ਦਿੱਤਾ ਹੈ।ਕੌਂਸਲਰ ਅਨੁਸਾਰ, ਉਹ ਡਾ. ਯਸ਼ਪਾਲ ਨੂੰ ਪਿਛਲੇ 20 ਸਾਲਾਂ ਤੋਂ ਜਾਣਦੇ ਹਨ ਅਤੇ ਉਹ ਮੋਗਾ ਵਿੱਚ ਇੱਕ ਹਸਪਤਾਲ ਚਲਾਉਂਦੇ ਹਨ। ਸੀ ਸੀ ਟੀ ਵੀ ਫੁਟੇਜ ਵਿੱਚ ਤਿੰਨ ਲੋਕ ਇਸ ਘਟਨਾ ਨੂੰ ਅੰਜਾਮ ਦਿੰਦੇ ਦਿਖਾਈ ਦੇ ਰਹੇ ਹਨ। ਪੁਲਸ ਇਸ ਸਮੇਂ ਸਾਰੇ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀਆਂ ਦੀ ਭਾਲ ਕਰ ਰਹੀ ਹੈ।


**ਸ੍ਰੀ ਅਕਾਲ ਸਹਾਇ॥**

**ਖ਼ਾਲਸੇ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ**

**ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਆਨ ਸ਼ਾਨ ਦੇ ਪ੍ਰਤੀਕ ਪਾਵਨ ਤਿਉਹਾਰ**

# ਹੋਲਾ ਮਹੱਲਾ

**੧੯ ਫੱਗਣ ਤੋਂ ੨੧ ਫੱਗਣ ਨਾਨਕਸ਼ਾਹੀ ਸੰਮਤ ੫੫੭ (2 ਤੋਂ 4 ਮਾਰਚ 2026)**

**ਗੁਰਮਤਿ ਸਮਾਗਮ** ਹੋਲਾ ਮਹੱਲਾ ਸਬੰਧੀ ਸ੍ਰੀ ਕੀਰਤਪੁਰ ਸਾਹਿਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਆਰੰਭ ਹੋਏ ਗੁਰਮਤਿ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ 4 ਮਾਰਚ ਨੂੰ ਸਵੇਰੇ 12:00 ਵਜੇ ਸੰਪੰਨ ਹੋਣਗੇ।

**ਸ੍ਰੀ ਅਖੰਡ ਪਾਠ ਸਾਹਿਬ** 2 ਮਾਰਚ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 4 ਮਾਰਚ ਨੂੰ ਸਵੇਰੇ 8:00 ਵਜੇ ਪੈਣਗੇ।

**ਬਸੰਤ ਕੀਰਤਨ ਦਰਬਾਰ** 2 ਮਾਰਚ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਾਤ 10:00 ਵਜੇ ਤੋਂ ਅੰਮ੍ਰਿਤ ਵੇਲੇ 3:00 ਵਜੇ ਤੱਕ ਬਸੰਤ ਕੀਰਤਨ ਸਮਾਗਮ ਹੋਵੇਗਾ।

**ਕੀਰਤਨ ਦਰਬਾਰ** 2 ਤੋਂ 3 ਮਾਰਚ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰੂ ਘਰ ਦੇ ਮਹਾਨ ਕੀਰਤਨੀਏ, ਕਥਾਵਾਚਕ, ਢਾਡੀ ਤੇ ਕਵੀਸ਼ਰ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਸਰਵਣ ਕਰਵਾਉਣਗੇ।

**ਕਵੀ ਦਰਬਾਰ** 3 ਮਾਰਚ ਨੂੰ ਦੁਪਹਿਰ 1:30 ਤੋਂ 4:00 ਵਜੇ ਤੱਕ ਕਵੀ ਦਰਬਾਰ ਵਿਚ ਪੰਥ ਪ੍ਰਸਿੱਧ ਕਵੀ ਕਵਿਤਾਵਾਂ ਰਾਹੀਂ ਗੁਰੂ-ਜਸ ਸਰਵਣ ਕਰਵਾਉਣਗੇ।

**ਅੰਮ੍ਰਿਤ ਸੰਚਾਰ** 2 ਮਾਰਚ ਤੋਂ 4 ਮਾਰਚ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 'ਅੰਮ੍ਰਿਤ-ਸੰਚਾਰ' ਹੋਵੇਗਾ।

**ਮਹੱਲਾ** 4 ਮਾਰਚ ਨੂੰ ਦੁਪਹਿਰ 12:00 ਵਜੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮਹੱਲਾ ਸਜਾਇਆ ਜਾਵੇਗਾ।

**ਆਓ, ਖ਼ਾਲਸੇ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮੌਕੇ ਹੋ ਰਹੇ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।**

**ਅਪੀਲ** ਲੰਗਰਾਂ ਦੀ ਸੇਵਾ ਕਰਨ ਵਾਲੀਆਂ ਸੰਗਤਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਦੇ ਮੱਦੇਨਜ਼ਰ ਅਪੀਲ ਹੈ ਕਿ ਲੰਗਰ ਵਰਤਾਉਣ ਲਈ ਪਲਾਸਟਿਕ ਤੇ ਥਰਮੋਕੋਲ ਦੀਆਂ ਪਲੇਟਾਂ-ਗਲਾਸ ਨਾ ਵਰਤੇ ਜਾਣ। ਲੰਗਰਾਂ ਲਈ ਭਾਂਡਿਆਂ ਤੋਂ ਇਲਾਵਾ ਪੱਤਲਾਂ ਦੀ ਵਰਤੋਂ ਹੀ ਕੀਤੀ ਜਾਵੇ। ਕੁਦਰਤੀ ਵਾਤਾਵਰਨ ਦੀ ਸੰਭਾਲ ਕਰਨਾ ਸਾਡਾ ਸਾਂਝਾ ਫ਼ਰਜ਼ ਹੈ।

ਗੁਰੂ ਪੰਥ ਦੇ ਦਾਸ,

**ਗਿਆਨੀ ਕੁਲਦੀਪ ਸਿੰਘ ਗੜਗੱਜ**
ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ
ਤੇ ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ।

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ। ਫ਼ੋਨ: 01887-232023


## ਸਫਾ 2 ਦੇ ਬਾਕੀ...

### ਸਰਕਾਰ ਨੇ ਰਵੱਈਆ...

ਮੰਦਭਾਗੀ ਗੱਲ ਹੈ ਕਿ ਪਿਛਲੇ ਚਾਰ ਸਾਲਾਂ ਦੇ ਲੰਮੇ ਅਰਸੇ ਦੌਰਾਨ ਸਰਕਾਰ ਵੱਲੋਂ ਰੋਡਵੇਜ਼ ਦੇ ਬੇੜੇ ਵਿੱਚ ਇੱਕ ਵੀ ਨਵੀਂ ਬੱਸ ਸ਼ਾਮਲ ਨਹੀਂ ਕੀਤੀ ਗਈ। ਬੱਸਾਂ ਦੀ ਕਮੀ ਕਾਰਨ ਕਈ ਰੂਟ ਪ੍ਰਭਾਵਤ ਹੋ ਰਹੇ ਹਨ, ਜਿਸ ਦਾ ਸਿੱਧਾ ਫਾਇਦਾ ਨਿੱਜੀ ਟ੍ਰਾਂਸਪੋਰਟ ਮਾਫੀਆ ਨੂੰ ਮਿਲ ਰਿਹਾ ਹੈ। ਉਨ੍ਹਾ ਕਿਹਾ ਕਿ ਜੇਕਰ ਸਰਕਾਰੀ ਬੇੜੇ ਵਿੱਚ ਨਵੀਆਂ ਬੱਸਾਂ ਨਹੀਂ ਪਾਈਆਂ ਜਾਂਦੀਆਂ, ਤਾਂ ਮੌਜੂਦਾ ਬੱਸਾਂ ਕੰਡਮ ਹੋਣ ਕਾਰਨ ਹੌਲੀ-ਹੌਲੀ ਸੜਕਾਂ ਤੋਂ ਲਹਿ ਜਾਣਗੀਆਂ।ਇਸ ਨਾਲ ਸਰਕਾਰੀ ਟ੍ਰਾਂਸਪੋਰਟ ਦਾ ਵਜੂਦ ਖ਼ਤਮ ਹੋ ਜਾਵੇਗਾ ਅਤੇ ਆਮ ਜਨਤਾ ਨਿੱਜੀ ਬੱਸ ਮਾਲਕਾਂ ਦੀ ਲੁੱਟ ਦਾ ਸ਼ਿਕਾਰ ਹੋਵੇਗੀ।ਉਨ੍ਹਾ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਟ੍ਰਾਂਸਪੋਰਟ ਵਰਕਰਾਂ ਦੀ ਘਾਟ ਅਤੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਾ ਕਰਨਾ ਸਰਕਾਰ ਦੀ ਮਾਰੂ ਨੀਤੀ ਦਾ ਹਿੱਸਾ ਹੈ। ਧਾਲੀਵਾਲ ਨੇ ਸਮੂਹ ਵਰਕਰਾਂ ਨੂੰ ਲਾਮਬੰਦ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ 7 ਮਾਰਚ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਸਰਕਾਰ ਵਿਰੁੱਧ ਆਰ-ਪਾਰ ਦੀ ਲੜਾਈ ਦਾ ਬਿਗਲ ਵਜਾਇਆ ਜਾਵੇਗਾ। ? ਉਨ੍ਹਾ ਕਿਹਾ ਕਿ ਏਟਕ ਹਮੇਸ਼ਾ ਲੋਕ ਹਿੱਤਾਂ ਅਤੇ ਮੁਲਾਜ਼ਮ ਹੱਕਾਂ ਲਈ ਲੜਦੀ ਰਹੀ ਹੈ ਅਤੇ ਰੋਡਵੇਜ਼ ਨੂੰ ਬਚਾਉਣ ਲਈ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟੇਗੀ।

ਜਗਰੂਪ ਸਿੰਘ ਨੇ ਸਰਕਾਰ ਦੇ ਕੰਮਕਾਜ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸਾਰੇ ਕੱਚੇ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਪੱਕਾ ਕੀਤਾ ਜਾਵੇਗਾ, ਪਰ ਅੱਜ ਵੀ ਹਜ਼ਾਰਾਂ ਮੁਲਾਜ਼ਮ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ ਅਤੇ ਰੈਗੂਲਰ ਹੋਣ ਦੀ ਉਡੀਕ ਵਿੱਚ ਬੁੱਢੇ ਹੋ ਰਹੇ ਹਨ।ਉਨ੍ਹਾ ਕਿਹਾ ਕਿ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਸਿਰਫ ਡਰਾਮਾ ਕੀਤਾ ਹੈ। ਜ਼ਮੀਨੀ ਪੱਧਰ 'ਤੇ ਅਜੇ ਤੱਕ ਨੋਟੀਫਿਕੇਸ਼ਨ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਸਰਕਾਰ ਮੁਲਾਜ਼ਮਾਂ ਦੇ ਬਣਦੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨੂੰ ਦੱਬੀ ਬੈਠੀ ਹੈ। ਵਧਦੀ ਮਹਿੰਗਾਈ ਦੇ ਦੌਰ ਵਿੱਚ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਹੱਕ ਨਾ ਦੇਣਾ ਆਰਥਿਕ ਸ਼ੋਸ਼ਣ ਦੇ ਬਰਾਬਰ ਹੈ। ਛੇਵੇਂ ਪੇ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਨਾ ਅਤੇ ਕਈ ਸ਼੍ਰੇਣੀਆਂ ਦੇ ਭੱਤਿਆਂ ਵਿੱਚ ਕਟੌਤੀ ਕਰਨਾ ਸਰਕਾਰ ਦੀ ਮੁਲਾਜ਼ਮ ਮਾਰੂ ਨੀਤੀ ਦਾ ਸਬੂਤ ਹੈ। ਸਰਕਾਰ ਵੱਡੇ-ਵੱਡੇ ਇਸ਼ਤਿਹਾਰ ਦੇ ਕੇ 'ਰੰਗਲਾ ਪੰਜਾਬ' ਦਾ ਦਾਅਵਾ ਤਾਂ ਕਰ ਰਹੀ ਹੈ, ਪਰ ਅਸਲੀਅਤ ਵਿੱਚ ਪੰਜਾਬ ਦਾ ਪੜ੍ਹਿਆ-ਲਿਖਿਆ ਮੁਲਾਜ਼ਮ ਵਰਗ ਅੱਜ ਲਾਠੀਆਂ ਅਤੇ ਪਾਣੀ ਦੀਆਂ ਬੁਛਾੜਾਂ ਦਾ ਸਾਹਮਣਾ ਕਰ ਰਿਹਾ ਹੈ। ਲੋਕਤੰਤਰ ਵਿੱਚ ਗੱਲਬਾਤ ਰਾਹੀਂ ਮਸਲੇ ਹੱਲ ਕੀਤੇ ਜਾਂਦੇ ਹਨ, ਨਾ ਕਿ ਮੁਲਾਜ਼ਮਾਂ ਦੀ ਆਵਾਜ਼ ਦਬਾਅ ਕੇ।

ਕਾਮਰੇਡ ਜਸਵੰਤ ਸਿੰਘ ਸਮਰਾ ਨੂੰ ਯਾਦ ਕਰਦਿਆਂ ਸੀਨੀਅਰ ਪੱਤਰਕਾਰ ਜਤਿੰਦਰ ਪਨੂੰ ਨੇ ਕਿਹਾ ਕਿ ਸਮਰਾ ਜੀ ਨੇ ਜਥੇਬੰਦੀ ਦੇ ਬਾਨੀ ਵਜੋਂ ਭੂਮਿਕਾ ਨਿਭਾਈ। ਕਾਮਰੇਡ ਸਮਰਾ ਨੇ ਉਸ ਸਮੇਂ ਪੰਜਾਬ ਰੋਡਵੇਜ਼ ਦੇ ਕਾਮਿਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ, ਜਦੋਂ ਸਰਕਾਰੀ ਤੰਤਰ ਵਿੱਚ ਮੁਲਾਜ਼ਮਾਂ ਦੀ ਕੋਈ ਸੁਣਵਾਈ ਨਹੀਂ ਸੀ। ਉਨ੍ਹਾ ਪੰਜਾਬ ਰੋਡਵੇਜ਼ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਨੀਂਹ ਰੱਖੀ। ਪਨੂੰ ਮੁਤਾਬਕ ਸਮਰਾ ਨੇ ਸਿਰਫ਼ ਇੱਕ ਯੂਨੀਅਨ ਨਹੀਂ ਬਣਾਈ, ਸਗੋਂ ਕਾਮਿਆਂ ਵਿੱਚ 'ਜਮਾਤੀ ਚੇਤਨਾ' ਪੈਦਾ ਕੀਤੀ। ਉਹਨਾ ਦੀ ਅਗਵਾਈ 'ਚ ਯੂਨੀਅਨ ਨੇ ਕਈ ਇਤਿਹਾਸਕ ਪ੍ਰਾਪਤੀਆਂ ਕੀਤੀਆਂ। ਪਹਿਲਾਂ ਡਰਾਈਵਰਾਂ ਤੇ ਕੰਡਕਟਰਾਂ ਤੋਂ ਬਿਨਾਂ ਕਿਸੇ ਸਮਾਂ-ਸੀਮਾ ਦੇ ਕੰਮ ਲਿਆ ਜਾਂਦਾ ਸੀ। ਯੂਨੀਅਨ ਨੇ ਇਸ ਵਿਰੁੱਧ ਆਵਾਜ਼ ਉਠਾਈ ਤੇ ਸਰਕਾਰ ਨੂੰ ਮਜਬੂਰ ਕੀਤਾ ਗਿਆ ਕਿ ਉਹ ਰੋਡਵੇਜ਼ ਕਾਮਿਆਂ ਦੀ ਮਿਹਨਤ ਮੁਤਾਬਕ ਉਜਰਤਾਂ ਤੈਅ ਕਰੇ। ਕਾਮਿਆਂ ਨੂੰ ਨੌਕਰੀ ਤੋਂ ਕੱਢਣ ਦੀਆਂ ਮਨਮਾਨੀਆਂ ਨੀਤੀਆਂ ਵਿਰੁੱਧ ਲੜਾਈ ਲੜੀ ਗਈ।

ਪਨੂੰ ਨੇ ਕਿਹਾ ਕਿ ਸਮਰਾ ਵਰਗੇ ਆਗੂਆਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾ ਦੀ ਨਿੱਜੀ ਇਮਾਨਦਾਰੀ ਸੀ।ਉਨ੍ਹਾ ਰੋਡਵੇਜ਼ ਦੇ ਹਜ਼ਾਰਾਂ ਕਾਮਿਆਂ ਨੂੰ ਇੱਕ ਝੰਡੇ ਹੇਠ ਲਿਆ ਕੇ ਇਹ ਸਾਬਤ ਕੀਤਾ ਕਿ ਜੇਕਰ ਕਿਰਤੀ ਜਮਾਤ ਇੱਕਮੁੱਠ ਹੋਵੇ ਤਾਂ ਕੋਈ ਵੀ ਸਰਕਾਰ ਉਨ੍ਹਾਂ ਨੂੰ ਅਣਗੌਲਿਆ ਨਹੀਂ ਕਰ ਸਕਦੀ।

ਅੱਜ ਵੀ ਜਦੋਂ ਪੰਜਾਬ ਰੋਡਵੇਜ਼ ਦੇ ਕਾਮੇ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਦੇ ਹਨ ਤਾਂ ਕਾਮਰੇਡ ਜਸਵੰਤ ਸਿੰਘ ਸਮਰਾ ਦੁਆਰਾ ਬਣਾਈ ਗਈ ਜਥੇਬੰਦਕ ਬੁਨਿਆਦ ਹੀ ਉਨ੍ਹਾਂ ਦਾ ਮਾਰਗ-ਦਰਸ਼ਨ ਕਰਦੀ ਹੈ। ਇਸ ਮੌਕੇ ਹਾਜ਼ਰ ਸਾਥੀਆਂ ਦਾ ਕਿਰਪਾਲ ਸਿੰਘ ਜੌਹਲ ਵੱਲੋਂ ਧੰਨਵਾਦ ਕੀਤਾ ਗਿਆ।

### ਅਮਰੀਕਾ ਨਾਲ ਵਪਾਰ...

ਕਰਨਾ ਚਾਹੁੰਦੇ ਸਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਉਹ ਜਨਰਲ ਨਰਵਾਣੇ (ਸੇਵਾ-ਮੁਕਤ) ਦੀ ਇੱਕ ਅਣਪ੍ਰਕਾਸ਼ਤ ਕਿਤਾਬ ਦਾ ਹਵਾਲਾ ਦੇਣਾ ਚਾਹੁੰਦੇ ਸਨ, ਜਿਸ ਵਿੱਚ ਸਰਹੱਦ ਨੇੜੇ ਚੀਨੀ ਫੌਜਾਂ ਦੀ ਹਰਕਤ ਦੌਰਾਨ ਸਿਆਸੀ ਲੀਡਰਸ਼ਿਪ ਵੱਲੋਂ ਹੁੰਗਾਰੇ ਦੀ ਕਮੀ ਦਾ ਵਰਣਨ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨੇ ਕੈਬਨਿਟ, ਖੇਤੀਬਾੜੀ ਮੰਤਰੀ, ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਸਲਾਹ ਕੀਤੇ ਬਿਨਾਂ ਅਮਰੀਕੀ ਰਾਸ਼ਟਰਪਤੀ ਨੂੰ ਫੋਨ ਕਰ ਦਿੱਤਾ। ਗਾਂਧੀ ਨੇ ਕਿਹਾ ਕਿ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਨੂੰ ਦੱਸਿਆ ਕਿ ਉਹ ਸੌਦੇ ਲਈ ਤਿਆਰ ਹਨ। ਉਨ੍ਹਾ ਕਿਹਾ ਕਿ ਇਸ ਸੌਦੇ ਤਹਿਤ ਭਾਰਤ ਨੇ ਅਮਰੀਕਾ ਨੂੰ ਸੋਇਆਬੀਨ, ਮੱਕੀ, ਕਪਾਹ, ਫਲ ਅਤੇ ਬਦਾਮ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾ ਦੋਸ਼ ਲਾਇਆ ਕਿ ਨਰਿੰਦਰ ਮੋਦੀ ਨੇ ਖੇਤੀਬਾੜੀ ਸੈਕਟਰ ਦਾ ਦਰਵਾਜ਼ਾ ਅਮਰੀਕਾ ਲਈ ਖੋਲ੍ਹ ਦਿੱਤਾ ਹੈ। ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਛੱਤੀਸਗੜ੍ਹ ਤੇ ਓਡੀਸ਼ਾ ਰਾਜਾਂ ਦੇ ਕਿਸਾਨ ਬਰਬਾਦ ਹੋ ਜਾਣਗੇ। ਜੇਕਰ ਭਾਰਤ ਹਰ ਸਾਲ 9 ਲੱਖ ਕਰੋੜ ਰੁਪਏ ਦਾ ਸਾਮਾਨ ਖਰੀਦਦਾ ਹੈ, ਤਾਂ ਸਾਡੇ ਲਘੂ ਅਤੇ ਦਰਮਿਆਨੇ ਖੇਤਰ ਦਾ ਕੀ ਹੋਵੇਗਾ? ਉਨ੍ਹਾ ਦਾਅਵਾ ਕੀਤਾ ਕਿ ਇਹ ਖਤਮ ਹੋ ਜਾਵੇਗਾ। ਉਨ੍ਹਾ ਦਾਅਵਾ ਕੀਤਾ ਕਿ ਮੋਦੀ ਨੇ ਅਮਰੀਕਾ ਨੂੰ ਦੱਸਿਆ ਕਿ ਭਾਰਤ ਉਸ ਦੇਸ਼ ਤੋਂ ਤੇਲ ਖਰੀਦੇਗਾ, ਜਿਸ ਤੋਂ ਉਹ (ਅਮਰੀਕਾ) ਚਾਹੁੰਦਾ ਹੈ। ਨਾ ਅਸੀਂ ਰੂਸ ਤੋਂ ਤੇਲ ਖਰੀਦਾਂਗੇ, ਨਾ ਹੀ ਈਰਾਨ ਤੋਂ। ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੀ ਐੱਮ ਮੋਦੀ ਹੁਣ ਅਮਰੀਕੀ ਰਾਸ਼ਟਰਪਤੀ ਟਰੰਪ ਅੱਗੇ 'ਸਰੰਡਰ ਮੋਦੀ' ਬਣ ਚੁੱਕੇ ਹਨ। ਉਨ੍ਹਾ ਦੋਸ਼ ਲਾਇਆ ਕਿ ਮੋਦੀ ਦੇਸ਼ ਨੂੰ ਮੁੜ ਗੁਲਾਮਦਾਰੀ ਦੇ ਯੁੱਗ ਵੱਲ ਧੱਕ ਰਹੇ ਹਨ। ਖੜਗੇ ਮੁਤਾਬਕ ਇਨ੍ਹਾਂ ਹਾਲਤਾਂ ਖ਼ਿਲਾਫ਼ ਸਿਰਫ਼ ਰਾਹੁਲ ਗਾਂਧੀ ਹੀ ਮਜ਼ਬੂਤੀ ਨਾਲ ਲੜ ਸਕਦੇ ਹਨ। ਉਨ੍ਹਾ ਰਾਹੁਲ ਨੂੰ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਵਾਲਾ ਇੱਕੋ-ਇੱਕ ਮਜ਼ਬੂਤ ਆਗੂ ਦੱਸਿਆ। ਸਾਬਕਾ ਮੰਤਰੀ ਅਰੁਣਾ ਚੌਧਰੀ ਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਮਨਰੇਗਾ ਕਾਨੂੰਨ ਦਾ ਖਾਤਮਾ ਕਰਕੇ ਵੀ ਬੀ ਜੀ ਰਾਮ ਜੀ ਨੂੰ ਮਜ਼ਦੂਰ ਵਿਰੋਧੀ ਗਰਦਾਨਿਆ ਤੇ ਇਸ ਦੇ ਖ਼ਿਲਾਫ਼ ਸਮੁੱਚੀ ਕਿਰਤ ਸ਼ਕਤੀ ਨੂੰ ਸੜਕਾਂ 'ਤੇ ਆਉਣ ਦਾ ਸੱਦਾ ਦਿੱਤਾ।

## ਪੰਜਾਬ 'ਚ ਰੇਲਵੇ ਵਿਕਾਸ ਪ੍ਰੋਜੈਕਟਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ : ਬਿੱਟੂ



**ਗੁਰਦਾਸਪੁਰ/ਪਠਾਨਕੋਟ** : ਕੇਂਦਰੀ ਰਾਜ ਮੰਤਰੀ (ਰੇਲਵੇ ਅਤੇ ਖਾਦ ਪ੍ਰੋਸੈਸਿੰਗ ਉਦਯੋਗ) ਰਵਨੀਤ ਸਿੰਘ ਬਿੱਟੂ ਨੇ ਸ਼ਨੀਵਾਰ ਐਲਾਨ ਕੀਤਾ ਕਿ ਪੰਜਾਬ ਵਿੱਚ ਰੇਲਵੇ ਵਿਕਾਸ ਪ੍ਰੋਜੈਕਟਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ। ਉਨ੍ਹਾਂ ਦੱਸਿਆ ਕਿ ਪੰਜਾਬ ਲਈ ਸਾਲਾਨਾ ਰੇਲਵੇ ਬਜਟ ਵੰਡ ਹੁਣ 2009-2014 ਦੇ ਸਮੇਂ ਨਾਲ ਤੁਲਨਾ ਕਰਦੇ ਹੋਏ ਲਗਭਗ 25 ਗੁਣਾ ਵਧ ਕੇ 5,673 ਕਰੋੜ ਹੋ ਗਈ ਹੈ। ਇਸ ਵੇਲੇ ਸੂਬੇ ਭਰ ਵਿੱਚ 26,382 ਕਰੋੜ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਚੱਲ ਰਹੇ ਹਨ, ਜਿਨ੍ਹਾਂ ਵਿੱਚ ਨਵੀਆਂ ਰੇਲ ਲਾਈਨਾਂ ਦੀ ਉਸਾਰੀ, ਸਟੇਸ਼ਨਾਂ ਦਾ ਪੁਨਰਵਿਕਾਸ, ਸੁਰੱਖਿਆ ਸੁਧਾਰ ਅਤੇ ਸਮਰੱਥਾ ਵਾਧੇ ਨਾਲ ਸੰਬੰਧਤ ਹੋਰ ਕੰਮ ਸ਼ਾਮਲ ਹਨ। ਉਨ੍ਹਾ ਕਿਹਾ ਕਿ ਸੂਬੇ ਦੇ 30 ਰੇਲਵੇ ਸਟੇਸ਼ਨਾਂ ਦਾ ਵਿਆਪਕ ਪੁਨਰਵਿਕਾਸ ਹੇਠ 1,311 ਕਰੋੜ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ, ਤਾਂ ਜੋ ਯਾਤਰੀਆਂ ਨੂੰ ਆਧੁਨਿਕ ਸੁਵਿਧਾਵਾਂ ਅਤੇ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਉਨ੍ਹਾ ਪ੍ਰਧਾਨ ਮੰਤਰੀ ਅਤੇ ਰੇਲ ਮੰਤਰੀ ਦਾ ਧੰਨਵਾਦ ਕਰਦਿਆਂ ਦਿੱਲੀ ਤੋਂ ਅੰਬਾਲਾ ਵਿਚਕਾਰ ਤੀਜੀ ਅਤੇ ਚੌਥੀ ਰੇਲ ਲਾਈਨ ਦੇ ਨਿਰਮਾਣ ਨੂੰ ਮਨਜ਼ੂਰੀ ਦੇਣ ਦੀ ਸਰਾਹਨਾ ਕੀਤੀ। ਇਹ ਮਹੱਤਵਪੂਰਨ ਪ੍ਰੋਜੈਕਟ ਦਿੱਲੀ-ਜੰਮੂ ਕਾਰੀਡੋਰ ਦੇ ਵਿਸਤਾਰ (ਕੁਆਡਰੂਪਲਿੰਗ) ਦੀ ਵਿਆਪਕ ਯੋਜਨਾ ਦਾ ਹਿੱਸਾ ਹੈ, ਜੋ ਰਾਸ਼ਟਰੀ ਰਾਜਧਾਨੀ ਖੇਤਰ ਨੂੰ ਉਤਰੀ ਰਾਜਾਂ ਨਾਲ ਜੋੜਨ ਵਾਲਾ ਇਕ ਅਹਿਮ ਰੂਟ ਹੈ। 194 ਕਿਲੋਮੀਟਰ ਲੰਮੇ ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 5,983 ਕਰੋੜ ਹੈ ਅਤੇ ਇਸ ਨੂੰ ਚਾਰ ਸਾਲਾਂ ਵਿੱਚ ਪੂਰਾ ਕਰਨ ਦਾ ਲਕਸ਼ ਹੈ। ਅੱਪਗ੍ਰੇਡ ਕੀਤਾ ਗਿਆ ਕਾਰੀਡੋਰ ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ, ਸ੍ਰੀਨਗਰ, ਜੰਮੂ ਅਤੇ ਸ਼ਿਮਲਾ ਵਰਗੇ ਪ੍ਰਮੁੱਖ ਧਾਰਮਿਕ ਅਤੇ ਟੂਰਿਸਟ ਸਥਾਨਾਂ ਨਾਲ ਕਨੈਕਟੀਵਿਟੀ ਸੁਧਾਰੇਗਾ, ਜਿਸ ਨਾਲ ਟੂਰਿਸਟ ਅਤੇ ਖੇਤਰੀ ਵਿਕਾਸ ਨੂੰ ਬਲ ਮਿਲੇਗਾ।

ਨੈਰੋ ਗੇਜ ਲਾਈਨ 'ਤੇ ਟ੍ਰੈਫਿਕ ਸਮੱਸਿਆ ਬਾਰੇ ਉਨ੍ਹਾਂ ਦੱਸਿਆ ਕਿ ਇਸ ਹਿੱਸੇ ਵਿੱਚ 12 ਲੈਵਲ ਕ੍ਰਾਸਿੰਗ ਗੇਟ ਹਨ, ਜਿੱਥੇ ਉੱਚ ਟ੍ਰੈਫਿਕ ਵਾਹਨ ਇਕਾਈਆਂ ਬਹੁਤ ਘੱਟ ਦੂਰੀ (100-200 ਮੀਟਰ) 'ਤੇ ਸਥਿਤ ਹਨ ਅਤੇ ਇਹ ਖੇਤਰ ਸੰਘਣੀ ਆਬਾਦੀ ਵਾਲੇ ਸ਼ਹਿਰੀ ਇਲਾਕੇ ਵਿੱਚ ਆਉਂਦਾ ਹੈ। ਜਦੋਂ ਨੈਰੋ ਗੇਜ ਰੇਲ ਗੱਡੀਆਂ ਪੂਰੀ ਤਰ੍ਹਾਂ ਚਲਦੀਆਂ ਹਨ ਤਾਂ ਫਾਟਕ ਲੰਮੇ ਸਮੇਂ ਲਈ ਬੰਦ ਰਹਿੰਦੇ ਹਨ, ਜਿਸ ਨਾਲ ਸੜਕ ਜਾਮ, ਐਮਰਜੈਂਸੀ ਸੇਵਾਵਾਂ ਵਿੱਚ ਰੁਕਾਵਟ, ਲੋਕਾਂ ਦੀਆਂ ਸ਼ਿਕਾਇਤਾਂ ਅਤੇ ਕਾਨੂੰਨ-ਵਿਵਸਥਾ ਨਾਲ ਸੰਬੰਧਿਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਹ ਹਿੱਸਾ ਇਕ ਵੱਡੀ ਆਪਰੇਸ਼ਨਲ ਰੁਕਾਵਟ ਬਣਿਆ ਹੋਇਆ ਹੈ, ਜਿਸਦਾ ਕੋਈ ਛੋਟੇ ਸਮੇਂ ਦਾ ਇੰਜੀਨੀਅਰਿੰਗ ਹੱਲ ਉਪਲਬਧ ਨਹੀਂ। ਲੰਮੇ ਸਮੇਂ ਦੇ ਹੱਲ ਵਜੋਂ ਪਠਾਨਕੋਟ ਜੰਕਸ਼ਨ ਤੋਂ ਲਗਭਗ 10 ਕਿਲੋਮੀਟਰ ਦੂਰ ਸਥਿਤ ਡੀ ਐੱਲ ਐੱਸ ਆਰ ਦੇ ਵਿਕਾਸ ਦਾ ਪ੍ਰਸਤਾਵ ਹੈ, ਜਿੱਥੇ ਜ਼ਮੀਨ ਉਪਲੱਬਧ ਹੈ ਅਤੇ ਲੈਵਲ ਕ੍ਰਾਸਿੰਗ ਵੀ ਘੱਟ ਹਨ, ਜਿਸ ਨਾਲ ਸ਼ਹਿਰੀ ਦਖਲਅੰਦਾਜ਼ੀ ਨਿਊਨਤਮ ਰਹੇਗੀ।


THIS IS A PUBLIC ANNOUNCEMENT FOR INFORMATION PURPOSES ONLY AND IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCRIBE TO SECURITIES. NOT FOR RELEASE, PUBLICATION OR DISTRIBUTION DIRECTLY OR INDIRECTLY OUTSIDE INDIA.THE ISSUE IS BEING MADE IN ACCORDANCE WITH CHAPTER IX OF THE SEBI ICDR REGULATIONS (IPO OF SMALL AND MEDIUM ENTERPRISES) AND THE EQUITY SHARES ARE PROPOSED TO BE LISTED ON SME PLATFORM OF NSE.

**PUBLIC ANNOUNCEMENT**

# MADHUR KNIT CRAFTS LIMITED

**CORPORATE IDENTITY NUMBER: U17301PB1997PLC020381**

*Our Company was originally incorporated as a private limited company under the Companies Act, 1956 in the name and style of "Madhur Knit Crafts Private Limited" bearing Corporate Identification Number U17301PB1997PTC020381 August 21, 1997, issued by the Registrar of Companies, Punjab, H.P & Chandigarh. Subsequently, the name of our Company was changed to "Madhur Knit Crafts Limited" and a fresh Certificate of Incorporation dated January 30, 2025, was issued by the Registrar of Companies, Chandigarh. As on date of this Draft Red Herring Prospectus, the Corporate Identification Number of our Company is U17301PB1997PLC020381. For further details, please refer to "Our History and Certain Other Corporate Matters" beginning on page 156 of the Draft Red Herring Prospectus.*

**Corporate & Registered Office:** Village - Seera, Sattowal Road, Rahon Road, Eros Bajra Road, Ludhiana, Punjab, India, 141007
**Contact Person:** Ms. Nikita Tayal, Company Secretary & Compliance Officer;
**Telephone:** +91 9878009690; **E-mail:** ipo@mkcpl.in; **Website:** www.mkcpl.in; **Corporate Identity Number:** U17301PB1997PLC020381

**NOTICE TO INVESTORS ("NOTICE")**

**THE ISSUE COMPRISE OF A PUBLIC ISSUE OF 56,00,000 EQUITY SHARES OF FACE VALUE OF ₹ 10/- EACH FULLY PAID (THE "EQUITY SHARES") FOR CASH AT A PRICE OF ₹ [•]/- PER EQUITY SHARES (INCLUDING A PREMIUM OF ₹ [•]/- PER EQUITY SHARE) AGGREGATING TO ₹ [•]/-LAKHS ("THE ISSUE") BY OUR COMPANY. THE ISSUE COMPRISES A RESERVATION OF WHICH [•] EQUITY SHARES OF ₹10/- EACH WILL BE RESERVED FOR SUBSCRIPTION BY MARKET MAKER RESERVATIONS PORTION AND A NET ISSUE TO THE PUBLIC OF [•] EQUITY SHARES OF 10/- EACH IS HEREINAFTER REFERRED TO AS THE NET ISSUE. THE ISSUE AND THE NET ISSUE WILL CONSTITUTE [•] AND [•] RESPECTIVELY OF THE POST ISSUE PAID UP EQUITY SHARE CAPITAL OF THE COMPANY. THE FACE VALUE OF THE EQUITY SHARES IS 10/- EACH. ***

** Our Company, in consultation with the Book Running Lead Managers, has undertaken a Pre-IPO Placement of 2,72,307 Equity Shares at an issue price of ₹ 65.00 per Equity Share (including a premium of ₹55.00 per Equity Share) for a cash consideration aggregating to ₹176.99 lakhs, on February 28, 2026 The size of the Fresh Issue has been reduced by ₹176.99 lakhs, form the Fresh Issue*

**Potential bidders may note the following:**

Our Company, in consultation with the BRLMs, has undertaken the Pre-IPO Placement of 2,72,307 Equity Shares at an issue price of ₹65.00 per Equity Share (including a premium of ₹55.00 per Equity Share) for an amount aggregating to ₹176.99 lakhs, by way of a private placement in accordance with Section 29, 42, and 62 of the Companies Act, 2013 read with the Companies (Prospectus and Allotment of Securities) Rules, 2014 and the Companies (Share Capital and Debentures) Rules, 2014, each as amended.
The Pre-IPO Placement has been undertaken pursuant to the approval of the Board and Shareholders in their meetings, each held on February 11, 2026 at 11 A.M. and February 11, 2026 at 04.00 P.M. respectively.
The Company has allotted Equity Shares in the Pre-IPO Placement pursuant to the resolution passed by the Board in its meeting held on February 28, 2026 in the manner as set forth below:

| Number of Equity Shares allotted | Issue price per Equity Share (₹) | Total consideration (₹) (million) | Name of the allottee |
|---|---|---|---|
| 76923 | 65 | 4,999,995 | Inderpal Singh |
| 76923 | 65 | 4,999,995 | Dinesh Garg |
| 46154 | 65 | 3,000,010 | Dhruv Gupta |
| 16923 | 65 | 1,099,995 | Sumit Garg |
| 16923 | 65 | 1,099,995 | Preeti Kapoor |
| 15385 | 65 | 1,000,025 | Sunita Bansal |
| 7692 | 65 | 499,980 | Ritika |
| 7692 | 65 | 499,980 | Saurabh Makhija |
| 7692 | 65 | 499,980 | Vikas Bansal |

Accordingly, the amount ₹ 176.99 lakhs raised pursuant to the Pre-IPO Placement will be reduced from the Fresh Issue, subject to compliance with Rule 19(2)(b) of the SCRR. The Pre-IPO Placement, if undertaken, shall not exceed 20% of the Fresh Issue size.
The abovementioned allottees are not, in any manner, connected with the Company, the Promoters, members of the Promoter Group, the Directors, the Key Managerial Personnel, the Group Companies and their respective directors and key managerial personnel.
Please note that the Notice does not reflect all the changes that have occurred between the date of filing of the DRHP with the SEBI and the date hereof, and accordingly does not include all the changes and/or updates that will be included in the Red Herring Prospectus and the Prospectus.

| BOOK RUNNING LEAD MANAGER | REGISTRAR TO THE ISSUE | COMPANY SECRETARY AND COMPLIANCE OFFICER |
|---|---|---|
| SKI INVESTMENT BANKING<br>**SKI CAPITAL SERVICES LIMITED**<br>**SEBI Registration No.:** INM000012768<br>**Address:** 718, Dr Joshi Road, Karol Bagh, New Delhi- 110005<br>**Telephone No:** +91-011-41189899<br>**Website:** www.skicapital.net<br>**Email ID:** mkcl@skicapital.net<br>**Contact Person:** Mr. Ghanisht Nagpal / Ms. Swati Jha | Skyline Financial Services Pvt. Ltd. Towards Excellence<br>**SKYLINE FINANCIAL SERVICES PRIVATE LIMITED**<br>**SEBI Registration No.:** INR000003241<br>**Address:** D-156A, First Floor, Okhla Industrial Area, Phase-I New Delhi -110020<br>**Telephone No:** 011-40450193-97<br>**Email:** ipo@skylinerta.com<br>**Website:** www.skylinerta.com<br>**Contact Person:** Mr. Anuj Rana | **Ms. Nikita Tayal**<br>**Address:** Village - Seera, Sattowal Road, Rahon Road, Eros Bajra Road, Ludhiana, Punjab, India, 141007<br>**Tel.:** +91 9878009690<br>**E-mail:** ipo@mkcpl.in **Website:** www.mkcpl.in<br>Investors can contact our Company Secretary and Compliance Officer, the Lead Managers or the Registrar to the Issue, in case of any pre-issue or post-issue related problems, such as non-receipt of letters of allotment, non-credit of allotted Equity Shares in the respective beneficiary account, non-receipt of refund orders and non-receipt of funds by electronic mode etc. |

**All capitalized terms used herein and not specifically defined shall have the same meaning as ascribed to them in the DRHP.**

**For Madhur Knit Crafts Limited**
**On Behalf of the Board of Directors**
**Sd/-**
**Nikita Tayal**
**(Company Secretary and Compliance Officer)**

**Place: Ludhiana, Punjab**
**Date: February 28, 2026**

**Madhur Knit Crafts Limited** is proposing, subject to applicable statutory and regulatory requirements, receipt of requisite approvals, market conditions and other considerations, to make an initial public offer of its Equity Shares and has filed the Draft Red Herring Prospectus on October 25, 2025. The Draft Red Herring Prospectus is available on the website of NSE Emerge at https://www.nseindia.com/companies-listing/corporate-filings-offer-documents#sme_offer and is available on the websites of the BRLM at www.skicapital.net and also on the website of the Company www.mkcpl.in. Any potential investors should note that investment in equity shares involves a high degree of risk and for details relating to the same, see section titled 'Risk Factors" beginning on page 25 of the Draft Red Herring Prospectus. Potential investors should not rely on the Draft Red Herring Prospectus for making any investment decision.
This announcement has been prepared for publication in India and may not be released in the United States. This announcement does not constitute an offer of securities for sale in any jurisdiction, including the United States, and any securities described in this announcement may not be offered or sold in the United States absent registration under the US Securities Act of 1933, as amended, or an exemption from registration. Any public offering of securities to be made in the United States will be made by means of a prospectus that may be obtained from the Company and that will contain detailed information about the Company and management, as well as financial statements. However, no offering of securities is being made in the United States.



## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੈਂ, ਸੁਜਿੰਦਰ ਕੌਰ ਪਤਨੀ ਦਵਿੰਦਰ ਸਿੰਘ ਵਾਸੀ 38, ਕਬੀਰ ਪਾਰਕ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਭਰਾ ਜਗਜੀਤ ਸਿੰਘ ਅਰੋੜਾ ਪੁੱਤਰ ਸ੍ਰ. ਦੀਵਾਨ ਸਿੰਘ ਦੀ ਕੋਠੀ ਦੀ ਅਸਲੀ ਰਜਿਸਟਰੀ, ਜਿਸ ਦਾ ਖਸਰਾ ਨੰ. 400 ਮਿੰਨ ਅਤੇ 401 ਮਿੰਨ, ਵਾਕਿਆ ਰਕਬਾ ਪਿੰਡ ਤੁੰਗਬਾਲਾ ਅਰਬਨ ਅੰਮ੍ਰਿਤਸਰ, ਵਸੀਕਾ ਨੰ. 4664, ਜਿਲਦ ਨੰ. 4058, ਸਫਾ 100, ਜਾਇਦ ਬਹੀ ਨੰ. 1, ਜੋ 5.1.25 ਨੂੰ ਗੁੰਮ ਹੋ ਗਈ ਹੈ, ਜਿਸ ਦੀ ਐੱਫ ਆਈ ਆਰ ਥਾਣਾ ਇਸਲਾਮਾਬਾਦ ਵਿਖੇ 23.1.25 ਨੂੰ ਦਰਜ ਕਰਵਾ ਦਿੱਤੀ ਹੈ, ਜਿਸ ਦਾ ਜੀ ਡੀ ਨੰ. 034 ਅਤੇ 022 ਹੈ।

ਇੱਕ ਟਿਊਬਵੈੱਲ ਕੁਨੈਕਸ਼ਨ ਜਸਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ 97, ਗਲੀ ਨੰਬਰ 8, ਗੁਰੂ ਅਮਰਦਾਸ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਦੇ ਨਾਮ 'ਤੇ ਪਿੰਡ ਭਕਨਾ ਕਲਾਂ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਹਰਦੇਵ ਸਿੰਘ ਪੁੱਤਰ ਜਗਜੀਤ ਸਿੰਘ, ਪਿੰਡ ਭਕਨਾ ਕਲਾਂ, ਅੰਮ੍ਰਿਤਸਰ ਦੇ ਨਾਂਅ ਤਬਦੀਲ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ, ਤਾਂ ਇਸ਼ਤਿਹਾਰ ਛਪਣ ਦੇ 15 ਦਿਨਾਂ ਅੰਦਰ ਐੱਸ.ਡੀ.ਓ ਪੀ.ਐੱਸ.ਪੀ.ਸੀ ਐਲ ਦੇ ਦਫ਼ਤਰ ਖਾਸਾ ਵਿਖੇ ਸੰਪਰਕ ਕਰੇ। ਬਾਅਦ ਵਿੱਚ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

ਮੈਂ, ਗੁਰਚਰਨ ਸਿੰਘ ਪੁੱਤਰ ਅਮਰ ਸਿੰਘ ਮੂਨਕ ਐੱਮ ਏ/906 ਦੇ ਨਾਂਅ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਅਮਨਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਪਟਿਆਲਾ ਰਕਬਾ ਮੂਨਕ ਦੇ ਨਾਂਅ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾਂ ਵਿੱਚ ਕਰ ਸਕਦਾ ਹੈ।ਵੱਲੋਂ:- ਐੱਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਸ੍ਰੀ ਹਰਦਿਆਲ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਬੁਕਣਵਾਲਾ ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ AP 39/865 ਬੀ ਐੱਚ ਪੀ 15 ਵਾਕਿਆ ਪਿੰਡ ਰਕਬਾ ਬੁੱਕਣ ਵਾਲਾ ਮੋਗਾ ਵਿੱਚ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਂਅ ਦੀ ਬਦਲੀ ਸੁਖਮੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਬੁੱਕਣ ਵਾਲਾ ਵੱਲੋਂ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ । ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ, ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਦੱਖਣੀ ਮੋਗਾ ਨੂੰ ਪੇਸ਼ ਕਰ ਸਕਦਾ ਹੈ, ਨਾ ਇਤਰਾਜ਼ ਹੋਣ 'ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਂਅ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਸ੍ਰੀ ਸਰਬਜੀਤ ਸਿੰਘ ਪੁੱਤਰ ਅਮਰ ਸਿੰਘ ਵਾਸੀ ਝੰਡੇਆਣਾ ਸ਼ਰਕੀ ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ F 53AP22/0230 ਬੀ ਐਚ ਪੀ 15ਵਾਕਿਆ ਪਿੰਡ ਰਕਬਾ ਤਤਾਰੀਏ ਵਾਲਾ ਮੋਗਾ ਵਿੱਚ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਮ ਦੀ ਬਦਲੀ ਰਵਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਨੱਥੂਵਾਲਾ ਜਦੀਦ ਵੱਲੋਂ ਆਪਣੇ ਨਾਮ 'ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ । ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਉਪ ਮੰਡਲ ਅਫਸਰ ਨੱਥੂਵਾਲਾ ਜਦੀਦ ਮੋਗਾ ਨੂੰ ਪੇਸ਼ ਕਰ ਸਕਦਾ ਹੈ, ਨਾ ਇਤਰਾਜ਼ ਹੋਣ 'ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਮ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

### ਬੇਦਖਲੀ ਨੋਟਿਸ

ਮੈਂ, ਰਾਕੇਸ਼ ਕੁਮਾਰ ਪੁੱਤਰ ਜਗਦੀਸ਼ ਸਿੰਘ ਵਾਸੀ ਪਿੰਡ ਕੋਟੂ ਵਾਲਾ, ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਯੁਵਰਾਜ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸੁਭਾਸ਼ ਚੰਦਰ ਪੁੱਤਰ ਸੇਵਾ ਦਾਸ ਵਾਸੀ ਪੱਤੀ ਖਿਜਰਪੁਰ, ਪਿੰਡ ਤੇ ਡਾਕ. ਲੱਖਣ ਕਲਾਂ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰੀ ਲੜਕੀ ਪ੍ਰਿਆ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦੀ ਹੈ। ਮੈਂ ਆਪਣੀ ਲੜਕੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਮਨਜੀਤ ਕੌਰ ਪਤਨੀ ਬਲਕਾਰ ਸਿੰਘ ਵਾਸੀ ਪਿੰਡ ਭਿੰਡਰ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਿਰਭੈਅ ਸਿੰਘ, ਜੋ ਕਿ ਬੁਰੀ ਸੰਗਤ ਵਿੱਚ ਹੈ। ਮੈਂ ਆਪਣੇ ਲੜਕੇ ਨਿਰਭੈਅ ਸਿੰਘ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰੇ ਲੜਕੇ ਨਿਰਭੈਅ ਸਿੰਘ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ, ਸਰਦਾਰਾ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਜਾਂਗਲਾ, ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਸਰਬਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

### CHANGE OF NAME

I Balbir Chand S/O Bhajna Ram R/O Vpo Dosanjh Kalan, Tehsil. Phillaur, Distt. Jalandhar, Punjab Have Changed My Name From Balbir Chand To Balvir Chand. All Concerned Please Note.

I Kulwinder Kaur W/O Surinder Kumar R/O Vill. Johal, Po. Bara Pind, Distt. Jalandhar, Punjab Have Changed My Name From Kulwinder Kaur To Given Name As Kulwinder And Surname As Kaur. All Concerned Please Note.

I Surinder Kumar S/O Satpal R/O Vill. Johal, Po. Bara Pind, Distt. Jalandhar, Punjab Have Changed My Name From Surinder Kumar To Given Name As Surinder And Surname As Kumar. All Concerned Please Note.

I, Parwaaz S/o Vinay kumar R/o Hno. #291/8 New Rose Park Gulab Devi Road, Jalandhar -1, Jalandhar, Punjab, have changed my name Parwaaz to Parwaaz chechi. Note it.

I, Gurbaaz S/o Vinay kumar R/o HNo #291/8 New Rose Park Gulab Devi Road, Jalandhar -1, Jalandhar, Punjab, have changed my name Gurbaaz to Gurbaaz chechi. Note it.

I, Dhanya S/o Deepak Kumar R/o Hno.16, Near Shiv Mandir Raj Nagar, Jalandhar -1, PO. Basti Bawa Khel, Distt: Jalandhar, Punjab, have changed my name Dhanya to Dhanya Kumar. Note it.

I, Ruhana S/o Deepak Kumar R/o Hno.16, Near Shiv Mandir Raj Nagar, Jalandhar -1, PO. Basti Bawa Khel, Distt: Jalandhar, Punjab, have changed my name Ruhana to Ruhana Kumar. Note it.

I, Anupama S/o Happy Kumar R/o Hno. 5, New Shaheed Babu Labh Singh Nagar, Jalandhar, PO. Nagra, Distt. Jalandhar, Punjab, have changed my name Anupama to Anupama Bhatia. Note it.

I,Mandeep Singh S/O Nishan Singh R/O Village Sanghe Tehsil & Distt.Tarn Taran, Punjab have changed my name from Mandeep Singh to Mandeep as my Given name and Singh as my Surname. Concerned note.

I, Surinder Singh, S/O Kabal, R/O Vill Kot Patti, post office Palli Jhikki, Tehsil Nawanshahr, District SBS Nagar, Punjab – 144512, have changed my name from Surinder Singh to Surinder (Singh as Surname). All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### CHANGE OF NAME

I, Mansi D/o Surinder Kumar R/o H.No.343, Near Janj Ghar, Phaggu Mohalla, Garha, Jalandhar, Punjab have changed my name from Mansi to Mansi Kumari. All Please Note.

I, Tejinder Singh S/o Iqbal Singh R/O VPO mehasampur khurd, Tehsil Baba bakala, District Amritsar , pin 143 114 Punjab, India have changed my name as Surname is Singh and given name is Tejinder. note it.

I, Amita D/O Braham Dev Verma have changed my name Amita to Amita Kant after my marriage with Rama Kant R/O 369, Urban Estate, Phase - 1, Jalandhar 144022. (Punjab). All concerned may note please.

I, Akwinder Kaur D/o Bakhshish Singh W/o Jatinder Singh R/o Village Burj 169, Sarai Amanat Khan, Tarn Taran, Punjab-143414 have changed my name after marriage from Akwinder Kaur to Pawanpreet Kaur.

I GURSEWAK S/o. Sh. Lakhvir Chand villiage PABWAN, Teh. Phillaur Distt. Jalandhar ( Punjab) have changed my name GURSEWAK to GURSEWAK KUMAR. Please note.

I, Surjit Kaur, W/O Surinder Singh, R/O Vill Kot Patti, P.O. Palli Jhikki, Tehsil Nawanshahr, District SBS Nagar, Punjab – 144512, have changed my name from Surjit Kaur to Surjit (Kaur as Surname). All concerned please note.



ਪ੍ਰਸ਼ੋਤਮ ਪੱਤੋ ਦੀਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਇਹੀ ਤਾਂ ਗੱਲ ਜਿਹੜੀ ਅਸਾਨੂੰ
ਜ਼ਹਿਰ ਲੱਗਦੀ ਹੈ।
ਅਸੀਂ ਜੇ ਚੀਕਦੇ ਹੋਈਏ
ਤੁਹਾਨੂੰ ਬਹਿਰ ਲੱਗਦੀ ਹੈ।
ਪਤਾ ਨ੍ਹੀਂ ਡੁੱਬ ਗਏ ਕਿੰਨੇ
ਪਤਾ ਦੱਸੇ ਬਿਨਾਂ ਆਪਣਾ।
ਅਸਾਨੂੰ ਮੌਤ ਲੱਗਦੀ ਹੈ
ਤੁਹਾਨੂੰ ਨਹਿਰ ਲੱਗਦੀ ਹੈ।
- ਜਗਤਾਰ ਸਾਲਮ


Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 1 ਮਾਰਚ 2026 | www.nawanzamana.in | ਕੀਮਤ 5.00 ਰੁਪਏ


# ਲੋਲਿਤਾ ਐਕਸਪ੍ਰੈੱਸ 'ਤੇ ਸਵਾਰ ਐਪਸਟੀਨ

ਦੋਸਤੋ ! ਐਪਸਟੀਨ ਫਾਈਲਾਂ ਨਾ ਤਾਂ ਸਿਰਫ਼ ਕਿਸੇ ਦੌਲਤਮੰਦ ਵੱਲੋਂ ਜੋੜੀ ਬੇਤਹਾਸ਼ਾ ਦੌਲਤ ਨਾਲ ਉਸਾਰੀ ਸਲਤਨਤ ਦਾ ਮਸਲਾ ਹੈ, ਨਾ ਹੀ ਕਿਸੇ ਇਕ ਵਿਅਕਤੀ 'ਤੇ ਚੱਲੇ ਸਧਾਰਨ ਕੋਰਟ ਕੇਸ ਦਾ ਮਸਲਾ ਹੈ, ਬਲਕਿ ਇਹਨਾਂ ਸਭ ਤੋਂ ਕਿਤੇ ਪਰ੍ਹੇ ਇਹ ਮਨੁੱਖੀ ਦਰਿੰਦਗੀ ਦੀ ਇੰਤਹਾ ਦਾ ਮਸਲਾ ਹੈ ਅਤੇ ਕਾਨੂੰਨ, ਇਖ਼ਲਾਕ ਅਤੇ ਇਨਸਾਨੀਅਤ ਨੂੰ ਟਿੱਚ ਸਮਝ ਕੇ ਸੈਂਕੜੇ ਮਾਸੂਮਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਦਾ ਮਸਲਾ ਹੈ। ਇਹ ਵੀ ਨਹੀਂ ਕਿ ਮਨੁੱਖੀ ਤਵਾਰੀਖ ਵਿਚ ਅਜਿਹਾ ਕੁਝ ਪਹਿਲੀ ਵਾਰ ਵਾਪਰਿਆ ਹੈ। ਇਤਿਹਾਸ ਵੱਲ ਪੁਠਪੈਰੇ ਤੁਰੀਏ ਤਾਂ ਇਸ ਐਪਸਟੀਨ ਕਾਂਡ ਵਰਗਾ ਕਈ ਕੁਝ ਅਤੀਤ ਵਿਚ ਵਾਪਰਦਾ ਰਿਹਾ ਹੈ।

ਇਸ ਕਾਂਡ ਦਾ ਬਹੁਤ ਕੁਝ 300 ਈਸਾ ਪੂਰਬ ਤੋਂ ਸ਼ੁਰੂ ਹੋ ਕੇ 19 ਸਦੀ ਤੱਕ ਚੱਲੀ ਦੇਵਦਾਸੀ ਪ੍ਰਥਾ ਨਾਲ ਜੁੜਦਾ ਹੈ, ਜਿੱਥੇ ਧਰਮ ਦੇ ਨਾਂਅ ਹੇਠ ਗਰੀਬ ਅਤੇ ਦਲਿਤ ਕੁੜੀਆਂ ਨੂੰ ਮੰਦਰਾਂ ਵਿਚ 'ਦੇਵੀਆਂ' ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ ਜਾਂਦਾ ਸੀ ਅਤੇ ਫਿਰ ਧਰਮ ਤੇ ਚੁੱਪ ਦੇ ਨਕਾਬ ਹੇਠ ਇਹਨਾਂ ਤੋਂ ਵਿਆਹ ਦਾ ਹੱਕ ਖੋਹ ਕੇ ਇਹਨਾਂ ਨੂੰ ਹਵਸ ਪੂਰਤੀ ਦਾ ਸਾਧਨ ਬਣਾ ਲਿਆ ਜਾਂਦਾ ਸੀ।

ਮਸਲਾ ਸਿਰਫ਼ ਇੱਥੋਂ ਤੱਕ ਹੀ ਸੀਮਤ ਨਹੀਂ ਹੈ। 1940 ਤੋਂ 1990 ਤੱਕ ਅਮਰੀਕਾ ਸਮੇਤ ਦੁਨੀਆ ਦੇ ਕਿੰਨੇ ਹੀ ਮੁਲਕਾਂ 'ਚ ਧਰਮ ਦੀ ਢਾਲ ਹੇਠ ਸੈਂਕੜੇ ਪਾਦਰੀਆਂ ਨੇ ਨਾਬਾਲਗ ਕੁੜੀਆਂ ਨਾਲ ਇਸੇ ਤਰ੍ਹਾਂ ਖੇਹ ਖਾਧੀ ਸੀ, ਜਿਸ ਦਾ ਬਾਅਦ ਵਿਚ The Boston Globe ਅਖ਼ਬਾਰ ਦੀ ਜਾਂਚ ਰਿਪੋਰਟ ਨੇ ਖੁਲਾਸਾ ਕੀਤਾ।

ਹੋਰ ਅੱਗੇ ਚਲਦੇ ਹਾਂ ਤਾਂ ਪਤਾ ਲਗਦਾ ਹੈ ਕਿ 15ਵੀਂ, 16ਵੀਂ, 17ਵੀਂ ਸਦੀ ਵਿਚ ਫੈਲੇ Ottoman Empire ਦੇ 'ਹਰਮਾਂ' ਵਿਚ ਵੀ ਤਾਂ ਇਹੋ ਕੁਝ ਹੁੰਦਾ ਸੀ। ਬਾਲਕਾਨ, ਕਾਕੇਸਸ, ਅਫ਼ਰੀਕਾ ਤੋਂ ਨਾਬਾਲਗ ਕੁੜੀਆਂ ਲਿਆਂਦੀਆਂ


## ਡਾ. ਕੁਲਦੀਪ ਸਿੰਘ ਦੀਪ


ਜਾਂਦੀਆਂ ਅਤੇ ਜੰਗ, ਟੈਕਸ ਜਾਂ ਸਿਆਸੀ ਵਫ਼ਾਦਾਰੀ ਦੇ ਬਦਲੇ ਸੁਲਤਾਨ ਅਤੇ ਉਹਨਾਂ ਦੇ ਦਰਬਾਰੀਆਂ ਅੱਗੇ 'ਤੋਹਫ਼ੇ' ਵਜੋਂ ਪੇਸ਼ ਕੀਤੀਆਂ ਜਾਂਦੀਆਂ। ਉਹਨਾਂ ਦੀ ਨਵੀਂ ਪਹਿਚਾਣ ਬਣਾਈ ਜਾਂਦੀ, ਪਰਵਾਰਕ ਰਿਸ਼ਤੇ ਤੋੜੇ ਜਾਂਦੇ ਅਤੇ ਉਹਨਾਂ ਨੂੰ ਸੈਕਸ ਪੂਰਤੀ ਹਿੱਤ ਵਰਤਿਆ ਜਾਂਦਾ। ਹਰ ਪ੍ਰਕਾਰ ਦਾ ਕਾਨੂੰਨ ਸੁਲਤਾਨ ਤੋਂ ਹੇਠਾਂ ਸੀ ਤੇ ਹਰਮ ਕਾਨੂੰਨ ਤੋਂ ਉੱਪਰ ਸੀ।

ਮਾਰਗਰੇਟ ਐਟਵੁਡ (Margaret Atwood) ਦੀ ਰਚਨਾ 'ਦ ਹੈਂਡਮੇਡ ਟੇਲਜ਼' (The HandmaidÓs Tale) ਵਿਚ ਵੀ ਗਿਲੀਆਡ (Gilead) ਨਾਂਅ ਦੀ ਇਕ-ਇਕ ਕਾਲਪਨਿਕ ਤਾਨਾਸ਼ਾਹੀ ਵਿਵਸਥਾ ਹੈ, ਜਿੱਥੇ ਕੁੜੀਆਂ ਨੂੰ ਬਹੁਤ ਛੋਟੀ ਉਮਰ 'ਚ ਫੌਜੀ/ਧਾਰਮਿਕ ਆਦੇਸ਼ ਨਾਲ ਦਾਸੀਆਂ (Handmaids) ਬਣਾ ਲਿਆ ਜਾਂਦਾ ਸੀ। ਫਿਰ ਉਹਨਾਂ ਨੂੰ ਰਾਜ ਪ੍ਰਾਯੋਜਿਤ ਜਿਣਸੀ ਗੁਲਾਮੀ ਵਿੱਚ ਰੱਖਿਆ ਜਾਂਦਾ ਹੈ ਅਤੇ ਬੱਚੇ ਪੈਦਾ ਕਰਨ ਲਈ ਕਮਾਂਡਰਾਂ ਨਾਲ ਜ਼ਬਰਦਸਤੀ ਸੰਬੰਧਾਂ ਲਈ ਮਜਬੂਰ ਕੀਤਾ ਜਾਂਦਾ ਸੀ ਤੇ ਕਈ ਵਾਰ ਵੱਡੀ ਉਮਰ ਦੇ ਮਰਦਾਂ ਨਾਲ ਜਬਰੀ ਵਿਆਹ ਦਿੱਤਾ ਜਾਂਦਾ ਸੀ।

ਐਪਸਟੀਨ ਕਾਂਡ ਕੋਈ ਮਾਮੂਲੀ ਮੁਜਰਮਾਨਾ ਘਟਨਾ ਨਹੀਂ, ਬਲਕਿ ਅਜਿਹੀ ਭਿਆਨਕ ਕਹਾਣੀ ਹੈ, ਜਿਸ ਵਿਚ ਤਾਕਤ ਇਖ਼ਲਾਕ ਨੂੰ ਖਰੀਦ ਲੈਂਦੀ ਹੈ ਅਤੇ ਦੌਲਤ ਕਾਨੂੰਨ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੰਦੀ ਹੈ। ਇਹ ਉਸ ਯੁੱਗ ਦਾ ਚਿਹਰਾ ਹੈ, ਜਿੱਥੇ ਬੁਰਾਈ ਹਨੇਰੇ ਵਿੱਚ ਨਹੀਂ, ਬਲਕਿ ਚਮਕਦਾਰ ਮਹੱਲਾਂ ਅਤੇ ਨਿੱਜੀ ਟਾਪੂਆਂ 'ਤੇ ਨੰਗੀ ਹੋ ਕੇ ਘੁੰਮਦੀ ਰਹੀ ਅਤੇ ਸੰਸਾਰ ਨੇ ਦੇਖਦੇ ਹੋਏ ਵੀ ਦੇਖਣ ਤੋਂ ਇਨਕਾਰ ਕਰ ਦਿੱਤਾ।

ਇਹ ਕਾਂਡ ਅਪਰਾਧ ਦਾ ਅਜਿਹਾ 'ਗਲੋਬਲ ਅਤੇ ਹਾਈਟੈਕ ਵਰਜ਼ਨ' ਹੈ, ਜਿੱਥੇ ਇਕ ਜੈਫ਼ਰੀ ਐਪਸਟੀਨ ਨਾਂਅ ਦਾ ਬੰਦਾ ਸੱਤਾ ਅਤੇ ਤਾਕਤ ਦੀ ਸ਼ਹਿ 'ਤੇ ਆਪਣਾ ਇਕ 'ਸ਼ਹਾਨਾ ਟਾਪੂ' ਉਸਾਰਦਾ ਹੈ ਅਤੇ ਉੱਥੇ ਨਾਬਾਲਗ ਬੱਚਿਆਂ/ਬੱਚੀਆਂ ਨਾਲ ਉਹ ਕੁਕਰਮ ਕਰਦਾ ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਦਿਆਂ ਵੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ, ਪਰ ਉਸ ਆਈਲੈਂਡ ਉੱਤੇ ਦੁਨੀਆ ਦੇ 'ਅਖੌਤੀ ਈਲੀਟਾਂ' ਦੇ ਅਜਿਹੇ ਕੁਕਰਮ ਕਰਦਿਆਂ ਦੇ ਹੱਥ ਨਹੀਂ ਕੰਬੇ। ਉੱਥੇ ਨਿੱਕੀਆਂ-ਨਿੱਕੀਆਂ ਮਾਸੂਮ ਬਾਲੜੀਆਂ ਨੂੰ 'ਐਂਟਰਟੇਨਮੈਂਟ' ਲਈ 'ਈਲੀਟ ਪ੍ਰਾਹੁਣਿਆਂ' ਅੱਗੇ ਪਰੋਸਿਆ ਗਿਆ। ਇਸ ਦਿਲ ਕੰਬਾਊ ਸੱਚ ਦਾ ਖੁਲਾਸਾ ਐਪਸਟੀਨ ਦੀਆਂ ਫਾਈਲਾਂ 'ਚੋਂ ਹੁੰਦਾ ਹੈ। ਐਪਸਟੀਨ ਕਾਂਡ ਸਿਰਫ਼ ਇਹ ਨਹੀਂ ਦਿਖਾਉਂਦਾ ਕਿ ਇਨਸਾਨ ਕਿੰਨਾ ਦਰਿੰਦਾ ਹੋ ਸਕਦਾ ਹੈ, ਬਲਕਿ ਸਾਨੂੰ ਇਹ ਦਿਖਾਉਂਦਾ ਹੈ ਕਿ ਜਦ ਦਰਿੰਦਗੀ ਤਾਕਤ ਨਾਲ ਕਰਿੰਗੜੀ ਪਾ ਲੈਂਦੀ ਹੈ ਤਾਂ ਸਮਾਜ ਅਤੇ ਕਾਨੂੰਨ ਕਿੰਨਾ ਬੇਬੱਸ ਹੋ ਜਾਂਦਾ ਹੈ।

ਬੇਸ਼ੱਕ ਗੈਰ ਤਸਦੀਕਸ਼ੁਦਾ ਤੌਰ 'ਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਉੱਥੇ ਮਾਸੂਮ ਜਿੰਦੜੀਆਂ ਨੂੰ ਮਾਰ ਕੇ ਉਹਨਾਂ ਦਾ ਮਾਸ ਵੀ ਪਰੋਸਿਆ ਗਿਆ, ਪਰ ਅਜੇ ਤੱਕ ਪ੍ਰਾਪਤ ਐਪਸਟੀਨ ਕੇਸ ਦੀਆਂ ਲੱਗਭੱਗ 35 ਲੱਖ ਪੰਨੇ, 2,000 ਤੋਂ ਵੱਧ ਵੀਡੀਓਜ਼ ਅਤੇ 180,000 ਤੱਕ ਤਸਵੀਰਾਂ ਵਿਚ ਇਸ ਤੱਥ ਦੀ ਪੁਸ਼ਟੀ ਨਹੀਂ ਹੁੰਦੀ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਈ ਵਾਰ ਅਜਿਹੀਆਂ ਅਫ਼ਵਾਹਾਂ ਸੱਚ ਨੂੰ ਹੋਰ ਭਿਆਨਕ ਨਹੀਂ ਬਣਾਉਂਦੀਆਂ, ਸਗੋਂ ਉਹ ਉਸ ਨੂੰ ਧੁੰਦਲਾ ਕਰ ਦਿੰਦੀਆਂ ਹਨ। ਅਜਿਹੇ ਧੁੰਦਲਕੇ ਵਿਚ ਸੱਚ ਦੀ ਪਹਿਚਾਣ ਨਾਮੁਮਕਿਨ ਹੋ ਜਾਂਦੀ ਹੈ। ਹਕੀਕਤ ਇਹ ਹੈ ਕਿ ਬਿਨਾਂ ਅਜਿਹੀਆਂ ਅਫ਼ਵਾਹਾਂ ਦੇ ਵੀ ਇਹ ਕਾਂਡ ਇੰਨਾ ਡਰਾਉਣਾ ਹੈ ਕਿ ਮਨੁੱਖਤਾ ਸ਼ਰਮ ਨਾਲ ਅੱਖਾਂ ਝੁਕਾ ਲਵੇ।

ਐਪਸਟੀਨ ਦੀਆਂ ਇਹਨਾਂ ਫਾਈਲਾਂ ਵਿਚ ਟਰੰਪ, ਬਿਲ ਕਲਿੰਟਨ, ਮਾਈਕਲ ਜੈਕਸਨ, ਕਿੰਗ ਚਾਰਲਸ ਦੇ ਭਰਾ, ਐਲਨ ਮਸਕ ਅਤੇ ਬਿਲ ਗੇਟਸ ਤੋਂ ਲੈ ਕੇ ਵਿਗਿਆਨੀ ਸਟੀਫ਼ਨ ਹਾਕਿੰਗ ਤੇ ਅਧਿਆਤਮਕ ਆਗੂ ਦਲਾਈਲਾਮਾ ਸਮੇਤ ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਸੈਂਕੜੇ ਅਮੀਰ-ਤਰੀਨ ਲੋਕਾਂ ਦੇ ਨਾਂਅ ਬੋਲਦੇ ਹਨ, ਜੋ ਕਿਸੇ ਨਾ ਕਿਸੇ ਰੂਪ ਵਿਚ ਐਪਸਟੀਨ ਦੇ ਆਈਲੈਂਡ 'ਤੇ ਗਏ। ਭਾਰਤ ਨਾਲ ਸੰਬੰਧਤ ਨਾਵਾਂ ਵਿਚ ਦੀਪਕ ਚੋਪੜਾ, ਅਨਿਲ ਅੰਬਾਨੀ, ਹਰਦੀਪ ਸਿੰਘ ਪੁਰੀ, ਅਨੁਰਾਗ ਕਸ਼ਅਪ, ਮੀਰਾ ਨਾਇਰ, ਨੰਦਿਤਾ ਦਾਸ ਆਦਿ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਆਉਂਦਾ ਹੈ। ਬੇਸ਼ੱਕ ਇਹਨਾਂ ਫਾਈਲਾਂ ਵਿਚ ਆਏ ਨਾਵਾਂ ਤੋਂ ਇਹ ਕਤਈ ਸਿੱਧ ਨਹੀਂ ਹੁੰਦਾ ਕਿ ਇਹ ਸਾਰੇ ਹੀ ਇਸ ਅਨੈਤਿਕ ਕਾਰੇ ਵਿਚ ਸ਼ਾਮਲ ਸਨ। ਐਪਸਟੀਨ ਦੇ ਚਿਹਰੇ ਹੀ ਏਨੇ ਸਨ ਕਿ ਉਸ ਨੇ ਆਪਣੇ ਇਸ ਦਰਿੰਦਗੀ ਦੇ ਸਾਮਰਾਜ ਨੂੰ ਢਕਣ ਲਈ ਅਨੇਕ ਨਾਵਾਂ-ਸੰਸਥਾਵਾਂ ਨੂੰ ਟੈਗ ਦੇ ਤੌਰ 'ਤੇ ਵੀ ਵਰਤਿਆ। ਇਸ 'ਤੇ ਚਰਚਾ ਬਾਅਦ ਵਿਚ ਕਰਾਂਗੇ। ਪਹਿਲਾਂ ਦੇਖੀਏ ਕਿ ਵਾਪਰਿਆ ਕੀ?

ਨਾਬਾਲਗ ਲੜਕੀਆਂ ਦੀ ਸਿਸਟੇਮੈਟਿਕ ਟ੍ਰੈਫਿਕਿੰਗ (ਤਸਕਰੀ) ਕੀਤੀ ਗਈ...

ਗਰੀਬ ਅਤੇ ਅਸੁਰੱਖਿਅਤ ਪਿਛੋਕੜ ਦੀਆਂ 14-17 ਸਾਲ ਦੀਆਂ ਕੁੜੀਆਂ ਉੱਪਰ ਜਾਲ ਵਿਛਾਇਆ ਗਿਆ...

'ਮਸਾਜ', 'ਨੌਕਰੀ', ਜਾਂ 'ਮਾਡਲਿੰਗ' ਦਾ ਝਾਂਸਾ ਦੇ ਕੇ ਜਿਣਸੀ ਸ਼ੋਸ਼ਣ ਵੱਲ ਧੱਕ ਦਿੱਤਾ ਗਿਆ...

ਉਹਨਾਂ ਨੂੰ ਆਪਣੇ ਅਤੇ ਆਪਣੇ 'ਈਲੀਟ ਦੋਸਤਾਂ' ਮੂਹਰੇ ਪਰੋਸਿਆ ਗਿਆ...

ਫਿਰ ਉਹਨਾਂ ਨੂੰ ਬਲੈਕਮੇਲ ਕਰਕੇ ਆਪਣੇ ਵਰਗੀਆਂ ਹੋਰ ਕੁੜੀਆਂ ਲਿਆਉਣ ਲਈ ਕਿਹਾ ਗਿਆ...

ਧਮਕੀਆਂ ਦਿੱਤੀਆਂ ਗਈਆਂ, ਪੈਸੇ ਨਾਲ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ...

ਐੱਨ ਡੀ ਏ (Non-Disclosure Agreement) 'ਤੇ ਹਸਤਾਖਰ ਕਰਾ ਕੇ ਮਜਬੂਰ ਕੀਤਾ ਗਿਆ ਕਿ ਜੇਕਰ ਉਸ ਨੇ ਕਿਤੇ ਵੀ ਕੁਝ ਕਿਹਾ ਤਾਂ ਤੂੰ ਆਪ ਵੀ ਨਾਲ ਹੀ ਫਸ ਜਾਏਂਗੀ।

ਇਸ ਕੇਸ ਦੀ ਇਕ ਮੁੱਖ ਗਵਾਹ ਤੇ ਪੀੜਤ ਵਰਜੀਨੀਆ ਜਿਉਫਰੇ (Virginia Giuffre) ਦੇ ਇਸ ਬਿਆਨ ਨੂੰ ਦੇਖਿਆ ਜਾ ਸਕਦਾ ਹੈ। ਉਸ ਨੇ ਦੱਸਿਆ :

ਮੈਂ ਨਾਬਾਲਗ ਸੀ ਜਦੋਂ ਮੈਨੂੰ ਨੌਕਰੀ ਦੇ ਬਹਾਨੇ ਨਾਲ ਫਸਾਇਆ ਗਿਆ...


ਗਿਸਲੇਨ ਮੈਕਸਵੈੱਲ ਨੇ ਮੈਨੂੰ ਐਪਸਟੀਨ ਜੈਫ਼ਰੀ ਕੋਲ ਲਿਆਂਦਾ....

ਮੈਨੂੰ ਕਿਹਾ ਗਿਆ ਕਿ ਤਾਕਤਵਰ ਲੋਕਾਂ ਨਾਲ ਜੋ ਕਿਹਾ ਜਾਵੇਗਾ, ਉਹ ਕਰਨਾ ਪਵੇਗਾ...

ਮੈਨੂੰ ਵੱਖ-ਵੱਖ ਦੇਸ਼ਾਂ ਵਿੱਚ ਲਿਜਾਇਆ ਗਿਆ ਅਤੇ ਮੇਰਾ ਦਰਿੰਦਗੀ ਨਾਲ ਜਿਸਮਾਨੀ ਸ਼ੋਸ਼ਣ ਕੀਤਾ ਗਿਆ...

ਮੈਂ ਡਰੀ ਹੋਈ ਸੀ, ਮੈਨੂੰ ਲੱਗਦਾ ਸੀ ਕਿ ਮੈਂ ਫਸ ਚੁੱਕੀ ਹਾਂ ਅਤੇ ਬਾਹਰ ਨਹੀਂ ਨਿਕਲ ਸਕਦੀ...

ਇਸ ਕੁੜੀ ਨੇ ਲਿਖਤੀ ਹਲਫ਼ਨਾਮੇ ਵਿੱਚ ਕਿਹਾ ਕਿ 'ਇਹ ਸਭ ਮੇਰੀ ਮਰਜ਼ੀ ਨਾਲ ਨਹੀਂ ਸੀ, ਬਲਕਿ ਮੈਨੂੰ ਤਸਕਰੀ ਦੇ ਜਾਲ ਵਿੱਚ ਫਸਾਇਆ ਗਿਆ ਸੀ।'



ਐਪਸਟੀਨ ਜੈਫ਼ਰੀ

ਇਸ ਕੁੜੀ ਦੀ ਗਵਾਹੀ ਗਿਸਲੇਨ ਮੈਕਸਵੈੱਲ ਦੀ ਸਜ਼ਾ ਵਿੱਚ ਮਹੱਤਵਪੂਰਨ ਸਾਬਤ ਹੋਈ। ਇਹ ਕੁੜੀ ਦਲੇਰ ਸੀ, ਜੋ ਬੋਲ ਪਈ, ਸੈਂਕੜੇ ਹੋਰ ਨੇ, ਜਿਨ੍ਹਾਂ ਨੇ ਮੂੰਹ ਨਹੀਂ ਖੋਲ੍ਹੇ। ਉਸ ਨੇ ਕਿਹਾ ਕਿ ਮੈਂ ਬੋਲ ਰਹੀ ਹਾਂ ਤਾਂ ਜੋ ਹੋਰ ਕੁੜੀਆਂ ਨੂੰ ਇਹ ਨਾ ਸਹਿਣਾ ਪਵੇ, ਪਰ ਇਹ ਗੱਲ ਸਿਰਫ਼ ਮੇਰੇ ਨਾਲ ਨਹੀਂ ਹੋਈ।

2005 ਵਿਚ ਐਪਸਟੀਨ ਜੈਫ਼ਰੀ 'ਤੇ ਪਹਿਲੀ ਵਾਰ ਪਰਚਾ ਹੋਇਆ ਅਤੇ 2008 ਵਿਚ ਸਿਰਫ਼ 18 ਮਹੀਨਿਆਂ ਦੀ ਸੰਕੇਤਕ ਜੇਲ੍ਹ ਹੋਈ, ਜਿਸ ਦੌਰਾਨ ਉਹ ਸਿਰਫ਼ ਰਾਤ ਨੂੰ ਸੌਣ ਲਈ ਹੀ ਜੇਲ੍ਹ ਵਿਚ ਜਾਂਦਾ ਸੀ। ਫਿਰ 2019 ਵਿਚ ਵੱਡੇ ਰੈਕਟ ਦੇ ਸੂਤਰਧਾਰ ਦੇ ਰੂਪ ਵਿਚ ਮੁੜ ਗ੍ਰਿਫ਼ਤਾਰੀ ਹੋਈ ਅਤੇ ਕੁਝ ਸਮੇਂ ਬਾਅਦ ਜੇਲ੍ਹ ਵਿਚ 'ਰਹੱਸਮਈ ਮੌਤ' ਹੋਈ। ਸਨਦ ਰਹੇ ਕਿ ਇਹ ਰਹੱਸਮਈ ਮੌਤ ਸਿਰਫ਼ ਐਪਸਟੀਨ ਦੀ ਹੀ ਨਹੀਂ ਹੋਈ, ਬਲਕਿ ਅਕਸਰ ਇੰਝ ਹੀ ਵਾਪਰਦਾ ਹੈ, ਕਿਉਂਕਿ ਇਕ ਬੰਦੇ ਦੇ ਗੁਨਾਹ ਦੇ ਪਰਦੇ ਹੇਠ ਦੂਜੇ ਲੱਖਾਂ ਗੁਨਾਹਗਾਰਾਂ ਦੇ ਗੁਨਾਹ ਲੁਕ ਜਾਂਦੇ ਹਨ। ਐਪਸਟੀਨ ਫਾਈਲ (Epstein Files) ਕਿਸੇ ਇੱਕ ਆਦਮੀ ਦੀ ਦਰਿੰਦਗੀ ਦੀ ਫਾਈਲ ਨਹੀਂ, ਬਲਕਿ ਇਹ ਤਾਕਤਵਰ ਲੋਕਾਂ ਨੂੰ ਬਚਾਉਣ ਵਾਲੇ ਸਿਸਟਮ ਦੀ ਫਾਈਲ ਹੈ।

ਅਸਲ ਵਿਚ ਦੌਲਤ, ਹਵਸ ਅਤੇ ਸੱਤਾ ਜਦ ਮਿਲਦੇ ਹਨ ਤਾਂ ਕੋਈ ਰਾਖਸ਼ ਪੈਦਾ ਹੁੰਦਾ ਹੈ, ਫਿਰ ਉਸ ਰਾਖਸ਼ ਦੇ ਪਰਛਾਵੇਂ ਹੇਠ ਅਨੇਕ ਨਿੱਕੇ-ਵੱਡੇ ਰਾਖਸ਼ ਪੈਦਾ ਹੋ ਜਾਂਦੇ ਹਨ, ਜੋ ਵੱਡੇ ਰਾਖਸ਼ ਦੇ ਘਨੇੜੇ ਚੜ੍ਹ ਕੇ ਐਸ਼ ਕਰਦੇ ਹਨ। ਫਿਰ ਜਦ ਇਸ ਵੱਡੇ ਰਾਖਸ਼ ਦਾ ਪਾਜ ਖੁੱਲ੍ਹ ਜਾਂਦਾ ਹੈ ਤਾਂ ਇਹ ਨਿੱਕੇ-ਵੱਡੇ ਰਾਖਸ਼ ਉਸ ਦੀ ਪਿੱਠ ਪਿੱਛੇ ਆਪਣਾ ਮੂੰਹ ਛੁਪਾ ਲੈਂਦੇ ਹਨ ਅਤੇ ਸਾਰਾ ਦੋਸ਼ ਉਸ ਰਾਖਸ਼ 'ਤੇ ਫੋਕਸ ਕਰਕੇ ਆਪਣੇ ਆਪ ਨੂੰ ਬਰੀ ਕਰ ਲੈਂਦੇ ਹਨ ਅਤੇ ਫਿਰ ਇਕ ਦਿਨ ਇਹ ਜਾਣਕਾਰੀ ਮਿਲਦੀ ਹੈ ਕਿ 'ਫਲਾਂ ਬੰਦੇ' ਦੀ ਜੇਲ੍ਹ ਵਿਚ ਮੌਤ ਹੋ ਗਈ ਅਤੇ ਫਿਰ ਪਰਦਾਪੋਸ਼ੀ ਦਾ ਇਕ ਲੰਮਾ ਦੌਰ ਚੱਲਦਾ ਹੈ। ਫਿਰ ਕੁਝ ਦੇਰ ਬਾਅਦ ਲੋਕਾਂ ਦੇ ਚੇਤਿਆਂ ਨੂੰ ਜੰਗਾਲ ਲੱਗ ਜਾਂਦਾ ਹੈ ਅਤੇ ਇਸ ਜੰਗਾਲ 'ਤੇ ਫਿਰ ਕੋਈ ਹਥੌੜਾ ਉਸ ਵਕਤ ਵੱਜਦਾ ਹੈ, ਜਦ ਦੌਲਤ, ਹਵਸ ਤੇ ਸੱਤਾ ਮਿਲ ਕੇ ਰਾਖਸ਼ ਦਾ ਨਵਾਂ 'ਅਵਤਾਰ' ਪੈਦਾ ਕਰ ਲੈਂਦੇ ਹਨ।



ਜੂਲੀ ਕੇ ਬ੍ਰਾਊਨ

### ਪਰੀ ਕਥਾਵਾਂ ਦਾ ਦਿਓ

ਨਿੱਕੇ ਹੁੰਦੇ ਜਦ ਦਾਦੀਆਂ-ਨਾਨੀਆਂ ਤੋਂ ਕਹਾਣੀ ਸੁਣਦੇ ਹੁੰਦੇ ਸਾਂ ਕਿ ਇਕ ਦਿਉ ਹੁੰਦਾ ਸੀ ਤੇ ਇਕ ਡੈਣ ਹੁੰਦੀ ਸੀ ਤਾਂ ਉਹਨਾਂ ਦੀ ਭਿਆਨਕ ਕਲਪਨਾ ਹੀ ਝਰਨਾਹਟ ਛੇੜ ਦਿੰਦੀ ਸੀ। ਅੱਜ ਦੀਆਂ ਇਹ ਐਪਸਟੀਨ ਫਾਈਲਾਂ ਪਰੀ-ਕਥਾਵਾਂ ਦਾ ਅਪਡੇਟਡ ਵਰਜ਼ਨ ਹੈ। ਅਨੇਕਾਂ ਬਾਲ-ਪਰੀਆਂ ਇਕ ਦਿਓ ਅਤੇ ਡੈਣ ਦੀ ਦਰਿੰਦਗੀ ਦਾ ਸ਼ਿਕਾਰ ਹੋ ਚੁੱਕੀਆਂ ਹਨ। ਦਿਓ ਹੈ ਐਪਸਟੀਨ ਅਤੇ ਡੈਣ ਹੈ ਉਸ ਦੀ ਸ਼ਾਤਿਰ ਸਹੇਲੀ ਗਿਸਲੇਨ ਮੈਕਸਵੈਲ।

ਗਿਸਲੇਨ ਮੈਕਸਵੈਲ ਇੱਕ ਐਸੀ ਔਰਤ ਸੀ, ਜਿਸ ਨੂੰ ਵੱਡੇ ਲੋਕਾਂ ਨਾਲ ਦੋਸਤੀ ਕਰਨੀ, ਉਹਨਾਂ ਨੂੰ ਮੂਰਖ ਬਣਾ ਕੇ ਠੱਗਣਾ ਬਹੁਤ ਚੰਗੀ ਤਰ੍ਹਾਂ ਆਉਂਦਾ ਸੀ।

ਉਸ ਦੇ ਦਿਮਾਗ ਵਿੱਚ ਬਚਪਨ ਤੋਂ ਹੀ ਇਹ ਗੱਲ ਬੈਠ ਗਈ ਸੀ ਕਿ ਮਰਦਾਂ ਨੂੰ ਖੁਸ਼ ਰੱਖੋ ਅਤੇ ਬਦਲੇ ਵਿੱਚ ਜੋ ਮਰਜ਼ੀ ਲੈ ਲਓ। ਉਹ ਇਸੀ ਸਿਧਾਂਤ 'ਤੇ ਚੱਲਦੀ ਰਹੀ ਅਤੇ ਅੱਗੇ ਵਧਦੀ ਗਈ।

ਪਹਿਲਾਂ ਉਸ ਨੇ ਐਪਸਟੀਨ ਨਾਲ ਦੋਸਤੀ ਕੀਤੀ, ਫਿਰ ਪਿਆਰ ਕੀਤਾ ਅਤੇ ਫਿਰ ਉਸ ਦੇ ਨਾਲ ਮਿਲ ਕੇ ਜਿਣਸੀ ਅਪਰਾਧ ਅਤੇ ਮਨੁੱਖੀ ਤਸਕਰੀ ਦਾ ਗਲੋਬਲੀ ਧੰਦਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲਾਂ ਉਹ ਗਰੀਬ ਘਰਾਂ ਦੀਆਂ ਕੁੜੀਆਂ ਨਾਲ ਦੋਸਤੀ ਕਰਦੀ, ਉਹਨਾਂ ਦੀ ਮਦਦ ਕਰਦੀ, ਉਹਨਾਂ ਨਾਲ ਪਿਆਰ ਦਾ ਨਾਟਕ ਕਰਦੀ ਅਤੇ ਫਿਰ ਉਹਨਾਂ ਨੂੰ ਜਿਣਸੀ ਧੰਦੇ ਵੱਲ ਧੱਕ ਦਿੰਦੀ।

ਛੋਟੀਆਂ-ਛੋਟੀਆਂ ਬੱਚੀਆਂ ਨੂੰ 'ਮਸਾਜ' ਜਾਂ ਨੌਕਰੀ ਦੇ ਨਾਂਅ 'ਤੇ ਟਾਪੂ 'ਤੇ ਬੁਲਾਇਆ ਜਾਂਦਾ, ਜਿੱਥੇ ਐਪਸਟੀਨ ਉਹਨਾਂ ਨਾਲ ਬਲਾਤਕਾਰ ਕਰਦਾ ਅਤੇ ਫਿਰ ਪੈਸੇ ਦੇ ਕੇ ਉਹਨਾਂ ਦਾ ਮੂੰਹ ਬੰਦ ਕਰ ਦਿੰਦਾ।


ਕੁਝ ਸੰਕੇਤ ਇਹ ਵੀ ਹਨ ਕਿ ਨਾਬਾਲਗ ਲੜਕੀਆਂ ਨੂੰ ਜਾਣਬੁੱਝ ਕੇ ਗਰਭਵਤੀ ਕੀਤਾ ਗਿਆ ਤਾਂ ਜੋ ਉਹਨਾਂ ਨੂੰ ਹੋਰ ਵੀ ਕਮਜ਼ੋਰ ਅਤੇ ਹੋਰ ਵੀ ਖ਼ਾਮੋਸ਼ ਬਣਾਇਆ ਜਾ ਸਕੇ।

ਹੌਲੀ-ਹੌਲੀ ਬੇਹਿਸਾਬ ਬੱਚੀਆਂ ਇਹਨਾਂ ਦੇ ਜਾਲ 'ਚ ਫ਼ਸਦੀਆਂ ਗਈਆਂ।

ਕਿੰਨਾ ਹਿੰਸਕ ਅਤੇ ਨਿਰਦਈ ਦਿਮਾਗ਼ ਹੋਵੇਗਾ ਦੋਹਾਂ ਦਾ। ਉਹਨਾਂ ਦੇ ਟਾਪੂ 'ਤੇ ਹਰ ਥਾਂ ਲੁਕੇ ਹੋਏ ਕੈਮਰੇ ਲੱਗੇ ਹੋਏ ਸਨ, ਜਿੱਥੇ ਹਰ ਮਹਿਮਾਨ ਦੀ ਵੀਡੀਓ ਅਤੇ ਤਸਵੀਰ ਕੈਦ ਕਰ ਲਈ ਜਾਂਦੀ ਸੀ। ਸ਼ਾਇਦ ਉਹਨਾਂ ਵੀਡੀਓਜ਼ ਅਤੇ ਤਸਵੀਰਾਂ ਰਾਹੀਂ ਵੱਡੇ-ਵੱਡੇ ਨੇਤਾਵਾਂ, ਉਦਯੋਗਪਤੀਆਂ, ਵਿਗਿਆਨੀਆਂ ਅਤੇ ਫ਼ਿਲਮ ਸਟਾਰਾਂ ਨੂੰ ਬਲੈਕਮੇਲ ਕੀਤਾ ਜਾਂਦਾ ਹੋਵੇ।

ਸੋਚੋ-ਅਜਿਹੀ ਕਿਹੜੀ ਹਵਸ ਸੀ, ਜੋ ਕਦੇ ਮੁੱਕੀ ਹੀ ਨਹੀਂ, ਅਤੇ ਨਾ ਜਾਣੇ ਕਿੰਨੀਆਂ ਬੱਚੀਆਂ ਅਤੇ ਬੱਚੇ ਇਸ ਹਵਸ ਦੀ ਅੱਗ 'ਚ ਸੜ ਗਏ।


ਇਹ ਦਿਲ ਕੰਬਾਊ ਕਹਾਣੀ ਸਾਨੂੰ ਇੱਕ ਕੌੜਾ ਸੱਚ ਸਿਖਾਉਂਦੀ ਹੈ ਕਿ ਜਦੋਂ ਤਾਕਤ ਤੇ ਹਵਸ ਨੂੰ ਇਨਸਾਨੀਅਤ ਤੋਂ ਉੱਪਰ ਰੱਖ ਦਿੱਤਾ ਜਾਂਦਾ ਹੈ, ਉਹ ਬੇਕਾਬੂ ਹੋ ਜਾਂਦੀ ਹੈ ਅਤੇ ਅਪਰਾਧ ਤੋਂ ਵੀ ਅੱਗੇ ਜਾ ਕੇ ਮਾਫੀਆ ਬਣ ਜਾਂਦੀ ਹੈ। ਐਪਸਟੀਨ ਤੇ ਗਿਸਲੇਨ ਸਿਰਫ਼ ਆਦਮੀ ਨਹੀਂ ਸਨ, ਬਲਕਿ ਉਹ ਉਸ ਨਾਮੁਰਾਦ ਮਾਫੀਏ ਦਾ ਚਿਹਰਾ ਸਨ, ਜਿੱਥੇ ਪੈਸਾ, ਰੁਤਬਾ ਅਤੇ ਪਹਿਚਾਣ ਮਿਲ ਕੇ ਸੱਚ ਦੀ ਸੰਘੀ ਨੱਪ ਦਿੰਦੇ ਹਨ।




### 'ਭੜੂਏ' ਦਾ ਅਪਡੇਟਿਡ ਵਰਜ਼ਨ

ਐਪਸਟੀਨ ਦੀਆਂ ਫਾਈਲਾਂ ਕੋਈ ਆਮ ਦਸਤਾਵੇਜ਼ ਨਹੀਂ ਹਨ। ਇਹ ਮਨੁੱਖੀ ਇਤਿਹਾਸ ਦਾ ਉਹ ਸ਼ਰਮਨਾਕ ਪੰਨਾ ਹੈ, ਜਿੱਥੇ ਮਨੁੱਖਤਾ ਦੀਆਂ ਧੱਜੀਆਂ ਉਡਾਉਣ ਦਾ ਇਤਿਹਾਸ ਦਰਜ ਹੈ। ਸਾਡੇ ਅਤੀਤ ਵਿਚ 'ਭੜੂਆ' ਸ਼ਬਦ ਪ੍ਰਚਲਿਤ ਹੈ, ਜੋ ਔਰਤਾਂ ਦੀ ਖਰੀਦੋ-ਫਰੋਖ਼ਤ ਕਰਨ ਦਾ ਕੰਮ ਕਰਦਾ ਹੁੰਦਾ ਸੀ। ਇਸ ਨਜ਼ਰੀਏ ਤੋਂ ਐਪਸਟੀਨ ਗਲੋਬਲ 'ਭੜੂਆ' ਹੀ ਸੀ। ਉਸ ਦੁਆਰਾ ਕਿੰਨੀਆਂ ਹੀ ਲੜਕੀਆਂ ਨੂੰ ਜ਼ਬਰਦਸਤੀ ਅਜਿਹੇ ਹਾਲਾਤ ਵਿੱਚ ਧੱਕਿਆ ਗਿਆ, ਜਿੱਥੇ ਉਹਨਾਂ ਦੀ ਮਰਜ਼ੀ, ਉਹਨਾਂ ਦੀ ਚੀਖ਼ ਅਤੇ ਉਹਨਾਂ ਦੀ ਉਮਰ ਆਦਿ ਸਭ ਕੁਝ ਬੇਮਾਇਨੇ ਕਰ ਦਿੱਤਾ ਗਿਆ।

ਐਪਸਟੀਨ ਦੇ ਕਈ ਚਿਹਰੇ ਸਨ। ਕੋਈ ਚਿਹਰਾ ਦਾਨੀ ਦਾ ਸੀ, ਕੋਈ ਵਿਗਿਆਨੀ ਦਾ ਸੀ, ਕੋਈ ਵਪਾਰ ਦਾ ਸੀ ਤੇ ਕੋਈ ਕਾਰੋਬਾਰ ਦਾ ਸੀ, ਕੋਈ ਰਿਸ਼ਤਿਆਂ ਦਾ ਸੀ ਤੇ ਕੋਈ ਸੱਤਾ ਦਾ ਸੀ। ਉਸ ਦੇ ਇਹਨਾਂ ਚਿਹਰਿਆਂ ਕਾਰਨ ਹੀ ਕਈ ਸਿਆਣੇ ਬੰਦੇ ਵੀ 'ਨਿਆਣਪਾਂ' ਦਾ ਸ਼ਿਕਾਰ ਹੋਏ ਤੇ ਉਹ ਅੱਜ ਨਿਰੰਤਰ ਮੁਆਫੀਆਂ ਮੰਗ ਰਹੇ ਹਨ। ਉਪਰੋਕਤ ਪ੍ਰਸੰਗ ਵਿਚ ਇਹ ਧਿਆਨ 'ਚ ਰੱਖਣਾ ਬਣਦਾ ਹੈ ਕਿ ਕਿਸੇ ਵੀ ਫਾਇਲ/ਕੇਸ 'ਚ ਨਾਂਅ ਆਉਣ ਦਾ ਇਹ ਮਤਲਬ ਨਹੀਂ ਕਿ ਉਹ ਵਿਅਕਤੀ ਦੋਸ਼ੀ/ਗਲਤ ਹੈ। ਇਸ ਸ਼ਖ਼ਸ ਦੇ ਜਿੰਨੇ ਪਾਸਾਰ ਸਨ ਤੇ ਹਰ ਪਾਸਾਰ ਵਿਚ ਉਸ ਨੇ ਸੈਂਕੜੇ ਲੋਕਾਂ ਨੂੰ ਸ਼ਾਮਲ ਕੀਤਾ ਹੋਇਆ ਸੀ, ਉਸ ਸੰਦਰਭ ਵਿਚ ਕੋਈ ਵੀ ਬੰਦਾ ਭੁਲੇਖਾ ਖਾ ਸਕਦਾ ਹੈ ਅਤੇ ਉਹ ਆਪਣੇ 'ਜਾਇਜ਼' ਕੰਮਾਂ ਦੇ ਪ੍ਰਸਾਰ ਲਈ ਇਸ 'ਨਜਾਇਜ਼' ਦੁਨੀਆ ਦਾ ਹਿੱਸਾ ਬਣ ਸਕਦਾ ਹੈ। ਇਸ ਲਈ ਬਿਨਾਂ ਕਿਸੇ ਤਸਦੀਕ ਦੇ ਇਲਜ਼ਾਮਤਰਾਸ਼ੀ ਕਰਨ ਤੋਂ ਪਹਿਲਾਂ ਇਹ ਵੀ ਦੇਖਣਾ-ਪਰਖਣਾ ਪਵੇਗਾ ਕਿ ਕਿਸੇ ਬੰਦੇ ਦਾ ਨਾਂਅ ਕਿਸ ਸੰਦਰਭ ਨਾਲ ਆਇਆ ਹੈ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਐਪਸਟੀਨ ਫਾਇਲਾਂ ਕੇਵਲ ਸੈਕਸ/ਯੌਨ ਸ਼ੋਸ਼ਣ ਨਾਲ ਹੀ ਸੰਬੰਧਤ ਨਹੀਂ ਹਨ, ਸਗੋਂ ਐਪਸਟੀਨ ਦੇ ਪਾਵਰਫੁੱਲ ਇਨਸਾਨ ਹੋਣ ਦੇ ਕਾਰਨ ਕਈ ਹੋਰ ਮਸਲਿਆਂ ਨਾਲ ਵੀ ਸੰਬੰਧਤ ਹਨ। ਸੋ ਇਹ ਮਸਲਾ ਵਿਵੇਕ ਤੋਂ ਕੰਮ ਲੈਣ ਵਾਲਾ ਹੈ। ਵਿਸ਼ਵ ਪ੍ਰਸਿੱਧ ਚਿੰਤਕ ਨੋਆਮ ਚੌਮਸਕੀ ਦੀ ਪਤਨੀ ਦਾ ਇਹ ਬਿਆਨ ਦੱਸਦਾ ਹੈ ਕਿ ਅਜਿਹੇ ਲੋਕ ਕਿੰਨੇ ਸ਼ਾਤਿਰ ਹੁੰਦੇ ਹਨ ਜਿਹੜੇ ਨਾਮੀ-ਗਰਾਮੀ ਵਿਅਕਤੀਆਂ ਨਾਲ ਸੰਬੰਧ ਦਿਖਾ ਕੇ ਸ਼ਰਾਫ਼ਤ ਦਾ ਸਰਟੀਫਿਕੇਟ ਪ੍ਰਾਪਤ ਕਰ ਲੈਂਦੇ ਹਨ ਅਤੇ ਕੂੜ ਦੇ ਵਪਾਰ ਦੀ ਉਮਰ ਲੰਮੀ ਕਰ ਲੈਂਦੇ ਹਨ। ਨੋਆਮ ਚੌਮਸਕੀ ਦੀ ਪਤਨੀ ਕਹਿ ਰਹੀ ਹੈ :




ਜਦੋਂ ਸਾਨੂੰ ਐਪਸਟੀਨ ਨਾਲ ਪਰਿਚਿਤ ਕਰਵਾਇਆ ਗਿਆ, ਉਸ ਨੇ ਆਪਣੇ ਆਪ ਨੂੰ ਵਿਗਿਆਨ ਦੇ ਉਦਾਰਵਾਦੀ ਅਤੇ ਵਿੱਤੀ ਮਾਹਰ ਵਜੋਂ ਪੇਸ਼ ਕੀਤਾ। ਇਸ ਤਰ੍ਹਾਂ ਪੇਸ਼ ਕਰਕੇ ਐਪਸਟੀਨ ਨੇ ਨੋਅਮ ਦਾ ਧਿਆਨ ਖਿੱਚਿਆ ਅਤੇ ਉਹਨਾਂ ਵਿਚਕਾਰ ਪੱਤਰ-ਵਿਹਾਰ ਸ਼ੁਰੂ ਹੋ ਗਿਆ। ਅਣਜਾਣੇ ਵਿੱਚ ਅਸੀਂ ਇੱਕ ਟ੍ਰੋਜਨ ਹਾਰਸ ਦਾ ਦਰਵਾਜ਼ਾ ਖੋਲ੍ਹ ਲਿਆ।

ਐਪਸਟੀਨ ਨੇ ਨੋਆਮ ਨੂੰ ਘੇਰਨਾ ਸ਼ੁਰੂ ਕਰ ਦਿੱਤਾ, ਤੋਹਫ਼ੇ ਭੇਜੇ ਅਤੇ ਨੋਅਮ ਦੇ ਵਿਆਪਕ ਕੰਮ ਵਾਲੇ ਖੇਤਰਾਂ ਵਿੱਚ ਦਿਲਚਸਪ ਚਰਚਾਵਾਂ ਲਈ ਮੌਕੇ ਪੈਦਾ ਕੀਤੇ। ਸਾਨੂੰ ਅਫ਼ਸੋਸ ਆ ਕਿ ਅਸੀਂ ਇਸ ਨੂੰ ਸਾਨੂੰ ਫਸਾਉਣ ਅਤੇ ਨੋਅਮ ਦੇ ਖੜ੍ਹੇ ਹੋਣ ਵਾਲੇ ਕਾਰਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਰਣਨੀਤੀ ਵਜੋਂ ਨਹੀਂ ਸਮਝ ਸਕੇ।

ਕੁਝ ਮੀਡੀਆ ਰਿਪੋਰਟਾਂ ਅਤੇ ਗਵਾਹੀਆਂ ਮੁਤਾਬਕ Jeffrey Epstein ਅਕਸਰ ਕਹਿੰਦਾ ਸੀ ਕਿ ਉਹ ਆਪਣੇ ਡੀ ਐੱਨ ਏ ਦੇ ਆਧਾਰ 'ਤੇ ਇੱਕ ਸੁਪੀਰੀਅਰ ਹਿਊਮਨ ਰੇਸ ਤਿਆਰ ਕਰਨਾ ਚਾਹੁੰਦਾ ਹੈ। ਉਸ ਨੇ ਯੂਜੈਨਿਕਸ (eugenics) ਨਾਲ ਜੁੜੀਆਂ ਬਹੁਤ ਹੀ ਵਿਵਾਦਿਤ ਅਤੇ ਚਿੰਤਾਜਨਕ ਗੱਲਾਂ ਕੀਤੀਆਂ ਸਨ। ਉਸ ਦਾ ਦਾਅਵਾ ਸੀ ਕਿ ਉਸ ਦਾ ਡੀ ਐੱਨ ਏ ਬਹੁਤ ਉੱਤਮ ਹੈ ਅਤੇ ਉਹ ਆਰਟੀਫੀਸ਼ਲ ਇਨਸੈਮੀਨੇਸ਼ਨ (Artificial Insemination) ਰਾਹੀਂ ਇੱਕ ਤਰ੍ਹਾਂ ਦੀ 'ਬੇਬੀ ਫੈਕਟਰੀ' ਵਿਕਸਿਤ ਕਰਨੀ ਚਾਹੁੰਦਾ ਸੀ, ਜਿਸ ਦੇ ਤਹਿਤ ਉਹ ਇੱਕ ਹੀ ਸਮੇਂ ਕਈ ਔਰਤਾਂ ਨੂੰ ਗਰਭਵਤੀ ਕਰਕੇ ਸੈਂਕੜੇ ਬੱਚੇ ਪੈਦਾ ਕਰਨਾ ਚਾਹੁੰਦਾ ਸੀ।

ਆਪਣੇ ਇਸ 'ਸੁਪਰ ਥੌਟ' ਕਰਕੇ ਹੀ ਉਹ ਅਕਸਰ ਪ੍ਰਸਿੱਧ ਵਿਗਿਆਨੀਆਂ ਅਤੇ ਅਕਾਦਮਿਕ ਲੋਕਾਂ ਨੂੰ ਨਿੱਜੀ ਮਿਲਣੀਆਂ ਲਈ ਬੁਲਾਉਂਦਾ ਰਹਿੰਦਾ ਸੀ ਅਤੇ ਉਨ੍ਹਾਂ ਨਾਲ ਮਨੁੱਖੀ ਬੁੱਧੀ, ਜੀਨ ਅਤੇ ਭਵਿੱਖੀ ਮਨੁੱਖ ਬਾਰੇ ਗੱਲਾਂ ਕਰਦਾ ਸੀ। ਉਸ ਦਾ ਇਹ ਵਿਵਾਦਿਤ ਸਿਧਾਂਤ ਨਾਜ਼ੀ ਦੌਰ ਦੀ ਅਮਾਨਵੀ ਸੋਚ ਨਾਲ ਮਿਲਦਾ-ਜੁਲਦਾ ਸੀ। ਨਾਜ਼ੀ ਦੌਰ ਵਿਚ ਵੀ ਹਿਟਲਰ ਨੇ 'ਨਸਲੀ ਸ਼੍ਰੇਸ਼ਠਤਾ' ਦਾ ਅਜਿਹਾ ਹੀ ਮਾਡਲ ਦੇਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਤਹਿਤ ਉਹ ਆਪਣੀ ਕੌਮ ਦੇ ਡੀ ਐੱਨ ਏ ਨੂੰ ਹੀ ਸ਼ੁੱਧ ਅਤੇ ਤਾਕਤਵਰ ਮੰਨਦਾ ਸੀ। ਉਸ ਨੇ 'ਆਰੀਅਨ ਸੁਪੀਰੀਅਰ ਰੇਸ' ਦਾ ਸਿਧਾਂਤ ਦਿੱਤਾ ਅਤੇ ਦਾਅਵਾ ਕੀਤਾ ਕਿ ਜਰਮਨ/ਆਰੀਅਨ ਨਸਲ ਜੈਵਿਕ ਤੌਰ 'ਤੇ 'ਉੱਤਮ' ਹੈ ਅਤੇ ਹੋਰ ਨਸਲਾਂ (ਖ਼ਾਸ ਕਰਕੇ ਯਹੂਦੀ, ਰੋਮਾ, ਅਪਾਹਜ ਲੋਕ) 'ਘਟੀਆ' ਦਰਜੇ ਦੇ ਹਨ। ਇਹੀ 'ਸੁਪੀਰੀਅਰ ਰੇਸ' ਦਾ ਕੇਂਦਰੀ ਮਾਡਲ ਸੀ। ਇਸ ਥਿਊਰੀ ਦੇ ਤਹਿਤ ਚੋਣਵੀਂ ਬਰੀਡਿੰਗ (Selective Breeding) ਦਾ ਕਾਨੂੰਨ ਲਿਆਂਦਾ। 'ਚੰਗੇ ਜੀਨ' ਵਾਲੇ ਲੋਕਾਂ ਨੂੰ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਅਤੇ 'ਖ਼ਰਾਬ ਜੀਨ' ਵਾਲਿਆਂ ਨੂੰ ਰੋਕਿਆ ਗਿਆ।

ਉਪਰੋਕਤ ਸੰਦਰਭ ਵਿਚ ਇਹ ਸਮਝਣਾ ਪਏਗਾ ਕਿ ਐਪਸਟੀਨ ਦਾ ਉੱਠਣਾ-ਬੈਠਣਾ ਸਿਆਸਤਦਾਨਾਂ, ਕਾਰੋਬਾਰੀ, ਅਮੀਰਾਂ, ਬੈਂਕਰਾਂ, ਮੀਡੀਆ ਅਤੇ ਸਿਤਾਰਿਆਂ ਨਾਲ ਸੀ, ਇਸ ਲਈ ਫਾਈਲਾਂ 'ਚ ਆਏ ਕਈ ਨਾਂਅ ਸਿਰਫ਼ ਸਮਾਜਿਕ ਮਿਲਣ-ਜੁਲਣ ਜਾਂ ਇਕ-ਅੱਧ ਮੁਲਾਕਾਤ ਦੇ ਸੰਦਰਭ 'ਚ ਹਨ। ਇਹ ਗੱਲ ਖ਼ਾਸ ਤੌਰ 'ਤੇ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਇੱਥੇ ਕਿਸੇ ਦਾ ਨਾਂਅ ਆਉਣਾ ਕਿਸੇ ਤਰ੍ਹਾਂ ਦੇ ਅਪਰਾਧਿਕ ਦੋਸ਼ ਦੀ ਪੁਸ਼ਟੀ ਨਹੀਂ ਹੈ, ਕਿਉਂਕਿ ਕਿਸੇ ਵਿਅਕਤੀ ਨਾਲ ਸਿਰਫ਼ ਸੰਬੰਧ ਹੋਣਾ ਦੋਸ਼ੀ ਹੋਣ ਦੇ ਬਰਾਬਰ ਨਹੀਂ ਹੁੰਦਾ। ਕਈ ਨਾਮਜ਼ਦ ਵਿਅਕਤੀਆਂ ਨੇ ਗ਼ਲਤ ਕੰਮ ਕਰਨ ਤੋਂ ਇਨਕਾਰ ਕੀਤਾ ਹੈ ਜਾਂ ਉਨ੍ਹਾਂ 'ਤੇ ਗ਼ਲਤ ਕੰਮ ਕਰਨ ਦਾ ਕਦੇ ਦੋਸ਼ ਹੀ ਨਹੀਂ ਲਗਾਇਆ ਗਿਆ। ਫਿਰ ਵੀ ਇਹ ਮਾਮਲਾ ਦਿਖਾਉਂਦਾ ਹੈ ਕਿ ਕਿਵੇਂ ਕਿਸੇ ਵਿਅਕਤੀ ਦਾ ਗਲੈਮਰ ਅਤੇ ਉਸ ਦੀ ਚਕਾਚੌਂਧ ਵੱਡੇ-ਵੱਡੇ ਧੁਰੰਧਰਾਂ ਨੂੰ ਆਪਣੇ ਪ੍ਰਭਾਵ ਵਿਚ ਲੈ ਸਕਦੀ ਹੈ ਅਤੇ ਉਹ ਉਸ ਦੇ ਦਿਸਦੇ ਚਿਹਰੇ ਦੇ ਪ੍ਰਭਾਵ ਹੇਠ ਅਦਿਸਦੇ ਚਿਹਰਿਆਂ ਨੂੰ ਪਛਾਨਣ ਵਿਚ ਨਾਕਾਮ ਹੋ ਜਾਂਦੇ ਹਨ।

ਐਪਸਟੀਨ ਦਾ ਆਇਲੈਂਡ (Little Saint James) ਕਿੱਥੇ ਸੀ?

ਇਹ ਅਮਰੀਕਾ ਦੇ ਕੈਰੀਬੀਅਨ ਸਾਗਰ ਵਿਚ ਸਥਿਤ ਸੀ। ਇਸ ਆਈਲੈਂਡ ਨੂੰ ਐਪਸਟੀਨ ਨੇ 1998 ਦੇ ਨੇੜੇ-ਤੇੜੇ ਖਰੀਦਿਆ ਸੀ। ਇਸ ਟਾਪੂ ਤੱਕ ਸਿਰਫ਼ ਨਿੱਜੀ ਜਹਾਜ਼ ਰਾਹੀਂ ਹੀ ਪਹੁੰਚਿਆ ਜਾ ਸਕਦਾ ਸੀ। ਇਹ ਇਕਾਂਤ ਹੀ ਇਸ ਦੀ ਤਾਕਤ ਸੀ ਅਤੇ ਇਹੋ ਹੀ ਸਾਜ਼ਿਸ਼ ਦਾ ਸਭ ਤੋਂ ਵੱਡਾ ਕੇਂਦਰ ਸੀ।

ਐਪਸਟੀਨ ਦੇ ਇਸ ਜਹਾਜ਼ ਰਾਹੀਂ ਹੀ ਨਾਬਾਲਗਾਂ ਨੂੰ ਵਾਰ-ਵਾਰ ਸ਼ੋਸ਼ਣ ਵਾਲੀਆਂ ਥਾਵਾਂ ਤੱਕ ਲਿਜਾਇਆ ਜਾਂਦਾ ਸੀ, ਇਸੇ ਲਈ ਕੌਮਾਂਤਰੀ ਮੀਡੀਆ ਨੇ ਉਸ ਨੂੰ 'ਲੋਲਿਤਾ ਐਕਸਪ੍ਰੈਸ' ਦਾ ਨਾਂਅ ਦੇ ਦਿੱਤਾ ਹੈ।

ਅਸਲ ਵਿਚ ਲੋਲਿਤਾ (Lolita) ਰੂਸੀ ਲੇਖਕ ਵਲਾਦੀਮੀਰ ਨਾਬੋਕੋਵ ਦੁਆਰਾ ਲਿਖਿਆ ਨਾਵਲ ਹੈ। ਇਹ ਨਾਵਲ ਪੂਰੀ ਦੁਨੀਆ ਵਿਚ ਬੱਚੀਆਂ ਦੇ ਜਿਣਸੀ ਸ਼ੋਸ਼ਣ ਦਾ ਪ੍ਰਤੀਕ ਬਣ ਚੁੱਕਾ ਸੀ। ਐਪਸਟੀਨ ਕੇਸ ਨਾਲ ਇਸ ਦਾ ਪ੍ਰਤੀਕਾਤਮਕ ਸੰਬੰਧ ਜੁੜਦਾ ਹੈ। ਜਿਵੇਂ ਲੋਲਿਤਾ (Lolita) ਵਿਚ ਅਪਰਾਧ ਦੀ ਸੁੰਦਰ ਭਾਸ਼ਾ ਨਾਲ ਪਰਦਾਪੋਸ਼ੀ ਕੀਤੀ ਗਈ, ਉਵੇਂ ਹੀ 'ਮਸਾਜ', 'ਟ੍ਰੈਵਲ', 'ਮਾਡਲਿੰਗ' ਅਤੇ 'ਮੌਕੇ' ਵਰਗੇ ਸ਼ਬਦਾਂ ਨਾਲ ਇਸ ਕਾਂਡ ਦੀ ਹਕੀਕਤ ਢਕੀ ਗਈ।

ਇਸ ਨਾਵਲ ਦਾ ਮੁੱਖ ਪਾਤਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



ਐਪਸਟੀਨ ਆਇਲੈਂਡ

# ਪੰਜਾਬ ਵਿੱਚ ਐੱਸ ਆਈ ਆਰ ਦੀ ਪ੍ਰਕਿਰਿਆ ਆਰੰਭ ਹੁੰਦੇ ਸਾਰ ਖੜੇ ਹੋਣ ਲੱਗੇ ਸਵਾਲਾਂ ਦੇ ਢੇਰ

**ਦ੍ਰਿਸ਼ਟੀਕੋਣ**
**ਜਤਿੰਦਰ ਪਨੂੰ**

ਐੱਸ ਆਈ ਆਰ ਵਾਲੇ ਜਿਸ ਪ੍ਰੋਸੈਸ ਦੀਆਂ ਗੱਲਾਂ ਅਸੀਂ ਬੀਤੇ ਕਈ ਮਹੀਨਿਆਂ ਤੋਂ ਕਰਦੇ ਆਏ ਸਾਂ, ਉਹ ਪੰਜਾਬ ਵਿੱਚ ਵੀ ਇਸ ਹਫਤੇ ਆ ਪੁੱਜਾ ਤੇ ਆਪਣੇ ਭਾਜੜ-ਪਾਊ ਰੰਗ ਵਿਖਾਉਣ ਲੱਗਾ ਹੈ। ਇੰਟੈਂਸਿਵ ਰੀਵੀਜ਼ਨ ਆਫ ਵੋਟਰਜ਼ (ਐੱਸ ਆਈ ਆਰ) ਇਸ ਤੋਂ ਪਹਿਲਾਂ ਕਈ ਰਾਜਾਂ ਵਿੱਚ ਲੋਕਾਂ ਨੂੰ ਤਰੇਲੀਆਂ ਲਿਆ ਚੁੱਕਾ ਹੈ। ਸਭ ਤੋਂ ਪਹਿਲਾਂ ਇਹ ਕੰਮ ਬਿਹਾਰ ਤੋਂ ਸ਼ੁਰੂ ਹੋਇਆ ਤੇ ਓਦੋਂ ਸ਼ੁਰੂ ਹੋਇਆ ਸੀ, ਜਦੋਂ ਓਥੇ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਿੱਚ ਕੁਝ ਹਫਤੇ ਰਹਿੰਦੇ ਸਨ। ਜਦੋਂ ਅਚਾਨਕ ਇਹ ਸਰਗਰਮੀ ਸ਼ੁਰੂ ਹੋਈ ਤਾਂ ਪਹਿਲਾਂ ਆਮ ਲੋਕ ਸਮਝ ਨਹੀਂ ਸਕੇ ਕਿ ਪਿਛਲੀਆਂ ਸਭ ਚੋਣਾਂ ਮੌਕੇ ਜਿਵੇਂ ਉਨ੍ਹਾਂ ਲੋਕਾਂ ਨੂੰ ਵੋਟ ਬਣਾਉਣ ਦਾ ਇੱਕ ਮੌਕਾ ਦਿੱਤਾ ਜਾਂਦਾ ਸੀ, ਜਿਨ੍ਹਾਂ ਦੀਆਂ ਬਣੀਆਂ ਨਹੀਂ ਸਨ ਹੁੰਦੀਆਂ ਅਤੇ ਇਸ ਦੌਰਾਨ ਮਰ ਗਏ ਜਾਂ ਕਿਸੇ ਹੋਰ ਥਾਂ ਚਲੇ ਲੋਕਾਂ ਦੀਆਂ ਵੋਟਾਂ ਕੱਟ ਦੇਣ ਦਾ ਕੰਮ ਵੀ ਹੁੰਦਾ ਸੀ, ਐਤਕੀਂ ਵੀ ਇਵੇਂ ਦਾ ਹੀ ਹੋਵੇਗਾ। ਮਗਰੋਂ ਸਮਝ ਪਿਆ ਕਿ ਇਹ ਓਦੋਂ ਜਿਹਾ ਨਹੀਂ, ਅਸਲੋਂ ਨਵਾਂ ਚੱਕਰ ਹੈ, ਜਿਸ ਵਿੱਚ ਹਰ ਕਿਸੇ ਨੂੰ ਪਹਿਲਾਂ ਇਹ ਪਹਿਚਾਣ ਦੇਣਾ ਪੈਣਾ ਹੈ ਕਿ ਉਹ ਸਾਲ 2003 ਤੋਂ ਪਹਿਲਾਂ ਦਾ ਵੋਟਰ ਹੈ ਜਾਂ ਬਾਅਦ ਵਿੱਚ ਉਸ ਦੀ ਵੋਟ ਬਣੀ ਸੀ ਅਤੇ ਜੇ 2003 ਤੋਂ ਪਹਿਲਾਂ ਦਾ ਵੋਟਰ ਹੈ ਤਾਂ ਸਾਬਤ ਕਰਨਾ ਪੈਣਾ ਹੈ ਕਿ ਓਦੋਂ ਕਿਸ ਹਲਕੇ ਦੇ ਕਿਸ ਬੂਥ ਉੱਤੇ ਵੋਟ ਹੁੰਦੀ ਸੀ। ਇਹ ਸਾਬਤ ਕਰਨ ਲਈ ਜਿੰਨੀ ਕਿਸਮ ਦੇ ਕਾਗਜ਼ੀ ਸਬੂਤ ਮੰਗਣੇ ਓਥੇ ਸ਼ੁਰੂ ਕੀਤੇ ਗਏ ਤੇ ਅੱਜਕੱਲ੍ਹ ਪੰਜਾਬ ਵਿੱਚ ਮੰਗੇ ਜਾਣ ਲੱਗੇ ਹਨ, ਉਹ ਕਿਸੇ ਵੀ ਸਾਧਾਰਨ ਵਿਅਕਤੀ ਲਈ ਨੀਂਦ ਉਡਾਉਣ ਵਾਲੇ ਹੋ ਸਕਦੇ ਹਨ।

ਬਿਹਾਰ ਵਿੱਚ ਜਦੋਂ ਇਹ ਕੁਝ ਕੀਤਾ ਜਾਣ ਲੱਗਾ ਤਾਂ ਇਸ ਬਾਰੇ ਬਹੁਤ ਸਾਰੀਆਂ ਪਟੀਸ਼ਨ ਸੁਪਰੀਮ ਕੋਰਟ ਵਿੱਚ ਪਹੁੰਚੀਆਂ ਸਨ, ਜਿਨ੍ਹਾਂ ਵਿੱਚੋਂ ਕੁਝ ਉੱਤੇ ਸੁਣਵਾਈ ਹੋਈ ਤੇ ਕੁਝ ਹੋਰ ਅਣਗੌਲੀਆਂ ਹੋਣ ਦੀਆਂ ਖਬਰਾਂ ਮਿਲੀਆਂ ਸਨ। ਇਸ ਐੱਸ ਆਈ ਆਰ ਵਾਲੀ ਸਾਰੀ ਪ੍ਰਕਿਰਿਆ ਦੀ ਕਮਾਨ ਉਸ ਚੋਣ ਕਮਿਸ਼ਨ ਦੇ ਹੱਥ ਹੈ, ਜਿਹੜਾ ਖੁਦ ਵਿਵਾਦਾਂ ਵਿੱਚ ਹੈ ਅਤੇ ਵਿਵਾਦ ਬਿਹਾਰ ਦੀਆਂ ਚੋਣਾਂ ਅਤੇ ਐੱਸ ਆਈ ਆਰ ਸ਼ੁਰੂ ਹੋਣ ਨਾਲ ਨਹੀਂ ਉੱਭਰੇ, ਉਸ ਵਕਤ ਉੱਭਰ ਆਏ ਸਨ, ਜਦੋਂ ਚੋਣ ਕਮਿਸ਼ਨ ਦੇ ਮੌਜੂਦਾ ਤਿੰਨਾਂ ਵਿੱਚੋਂ ਦੋ ਕਮਿਸ਼ਨਰਾਂ ਲਈ ਨਿਯੁਕਤੀ ਹੋਈ ਸੀ। ਪਹਿਲਾਂ ਉਨ੍ਹਾਂ ਵਿੱਚੋਂ ਇੱਕ ਜਣਾ ਰਿਟਾਇਰ ਹੋ ਗਿਆ, ਫਿਰ ਇੱਕ ਕਮਿਸ਼ਨਰ ਅਸਤੀਫਾ ਦੇ ਕੇ ਅਚਾਨਕ ਘਰ ਨੂੰ ਚਲਾ ਗਿਆ ਤਾਂ ਕੇਂਦਰ ਸਰਕਾਰ ਨੇ ਦੋ ਖਾਲੀ ਸੀਟਾਂ ਭਰਨ ਲਈ ਏਨੀ ਦੇਰ ਕੀਤੀ ਕਿ ਬਿਹਾਰ ਦੀਆਂ ਚੋਣਾਂ ਸਿਰ ਉੱਤੇ ਆ ਗਈਆਂ। ਉਸ ਪਿੱਛੋਂ ਅਚਾਨਕ ਕਾਹਲੀ ਵਿਚ ਇਹ ਨਿਯੁਕਤੀਆਂ ਕੀਤੀਆਂ ਅਤੇ ਇਨ੍ਹਾਂ ਨੂੰ ਕਿਸੇ ਅਦਾਲਤ ਵਿੱਚ ਚੁਣੌਤੀ ਦਿੱਤੇ ਜਾਣ ਤੋਂ ਪਹਿਲਾਂ ਬਿਹਾਰ ਦੀ ਚੋਣ ਪ੍ਰਕਿਰਿਆ ਦਾ ਐਲਾਨ ਹੋ ਗਿਆ ਅਤੇ ਜਦੋਂ ਚੋਣ ਪ੍ਰਕਿਰਿਆ ਸ਼ੁਰੂ ਹੋ ਜਾਵੇ ਤਾਂ ਚੋਣ ਕਮਿਸ਼ਨ ਦੇ ਵਿਰੁੱਧ ਕਿਸੇ ਚੁਣੌਤੀ ਨੂੰ ਅਦਾਲਤ ਵੱਲੋਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਫਿਰ ਸਰਕਾਰ ਨੇ ਚੋਣ ਕਮਿਸ਼ਨ ਦੇ ਮੌਜੂਦਾ ਮੈਂਬਰਾਂ ਦੀਆਂ ਤਾਕਤਾਂ ਏਨੀਆਂ ਵਧਾ ਦਿੱਤੀਆਂ, ਜਿੰਨੀਆਂ ਅੱਗੇ ਕਦੇ ਨਹੀਂ ਸਨ ਹੁੰਦੀਆਂ ਅਤੇ ਉਨ੍ਹਾਂ ਨੂੰ ਮਨਮਰਜ਼ੀ ਕਰਨ ਦਾ ਖੁੱਲ੍ਹਾ ਮੌਕਾ ਦੇ ਦਿੱਤਾ। ਉਸ ਹਾਲਤ ਵਿੱਚ ਚੋਣ ਕਮਿਸ਼ਨ ਦੇ ਵਿਹਾਰ ਤੇ ਮੁੱਖ ਚੋਣ ਕਮਿਸ਼ਨਰ ਦੇ ਵਿਹਾਰ ਬਾਰੇ ਬਹੁਤ ਸਾਰੀਆਂ ਕਹਾਣੀਆਂ ਚਰਚਾ ਵਿੱਚ ਆਈਆਂ ਸਨ। ਕਿਸੇ ਸਿਆਸੀ ਆਗੂ ਵਾਂਗ ਮੁੱਖ ਚੋਣ ਕਮਿਸ਼ਨਰ ਇਹ ਕਹਿਣ ਲੱਗ ਪਿਆ ਕਿ ਭਾਰਤ ਵਿੱਚ ਕਿਸੇ ਵੀ ਘੁਸਪੈਠੀਏ ਦੀ ਵੋਟ ਨਹੀਂ ਰਹਿਣ ਦਿੱਤੀ ਜਾਵੇਗੀ, ਪਰ ਜਦੋਂ ਲੱਖਾਂ ਲੋਕਾਂ ਦੀਆਂ ਵੋਟਾਂ ਕੱਟੇ ਜਾਣ ਮਗਰੋਂ ਪ੍ਰੈੱਸ ਕਾਨਫਰੰਸ ਵਿੱਚ ਪੁੱਛਿਆ ਗਿਆ ਕਿ ਕੱਟੇ ਗਏ ਨਵਾਂ ਵਿੱਚੋਂ ਘੁਸਪੈਠੀਏ ਹੋਣ ਦੇ ਸ਼ੱਕ ਹੇਠ ਕਿੰਨੇ ਲੋਕਾਂ ਦੇ ਨਾਂਅ ਕੱਟਣੇ ਪਏ ਹਨ ਤਾਂ ਇਹ ਕਹਿ ਕੇ ਤੁਰ ਗਿਆ ਕਿ ਉਸ ਦੀ ਫਲਾਈਟ ਦਾ ਵਕਤ ਹੋ ਗਿਆ ਹੈ।

ਜਿਹੜਾ ਕੁਝ ਬਿਹਾਰ ਵਿੱਚ ਹੋਇਆ ਸੀ, ਫਿਰ ਉਹੋ ਸਭ ਕੁਝ ਪੱਛਮੀ ਬੰਗਾਲ, ਕੇਰਲਾ, ਆਸਾਮ, ਤਾਮਿਲ ਨਾਡੂ ਅਤੇ ਕੁਝ ਹੋਰ ਰਾਜਾਂ ਵਿੱਚ ਹੋਣ ਲੱਗ ਪਿਆ। ਆਸਾਮ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਰਕਾਰ ਓਥੇ ਭਾਜਪਾ ਦੀ ਆਪਣੀ ਹੈ, ਪਰ ਬਾਕੀ ਰਾਜਾਂ ਵਿੱਚ ਵਿਵਾਦ ਉੱਠਣ ਲੱਗ ਪਏ। ਇਹੋ ਕੁਝ ਇਸ ਵੇਲੇ ਪੰਜਾਬ ਦੇ ਲੋਕਾਂ ਨਾਲ ਹੋਣ ਲੱਗ ਪਿਆ ਹੈ। ਬੂਥ ਲੈਵਲ ਅਫਸਰ (ਬੀ ਐੱਲ ਓ) ਫੋਨ ਕਰ ਕੇ ਇਹ ਗੱਲ ਪੁੱਛਦੇ ਹਨ ਕਿ ਤੁਸੀਂ 2003 ਤੋਂ ਪਹਿਲਾਂ ਕਿੱਥੇ ਰਹਿੰਦੇ ਸੀ? ਅਗਲਾ ਕਹਿੰਦਾ ਹੈ ਕਿ 2003 ਨੂੰ ਤਾਂ ਤੇਈ ਸਾਲ ਬਣਦੇ ਹਨ, ਉਹ ਬੀਤੇ ਚਾਲੀ ਸਾਲਾਂ ਤੋਂ ਏਸੇ ਘਰ ਵਿੱਚ ਰਹਿ ਰਿਹਾ ਹੈ ਤਾਂ ਬੀ ਐੱਲ ਓ ਕਹਿੰਦਾ ਹੈ ਕਿ 2003 ਦੀ ਵੋਟਰ ਸੂਚੀ ਵਿੱਚ ਤੁਹਾਡੀ ਵੋਟ ਨਹੀਂ ਲੱਭ ਰਹੀ, ਤੁਸੀਂ ਕੋਈ ਸਬੂਤ ਪੇਸ਼ ਕਰੋ ਕਿ ਉਸ ਸਾਲ ਜਾਂ ਓਦੋਂ ਪਹਿਲਾਂ ਤੁਹਾਡੀ ਵੋਟ ਇਸ ਐਡਰੈੱਸ ਉੱਤੇ ਹੁੰਦੀ ਸੀ? ਏਨੇ ਸਾਲ ਪਹਿਲਾਂ ਦਾ ਕੋਈ ਸਬੂਤ ਪੇਸ਼ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਉਸ ਸਾਲ ਦੀ ਕੋਈ ਵੋਟਰ ਲਿਸਟ ਉਸ ਚੋਣ ਦੇ ਕਿਸੇ ਉਮੀਦਵਾਰ ਦੇ ਘਰ ਵੀ ਸ਼ਾਇਦ ਨਾ ਹੋਵੇ ਅਤੇ ਆਮ ਲੋਕਾਂ ਕੋਲ ਲਿਸਟਾਂ ਹੁੰਦੀਆਂ ਹੀ ਨਹੀਂ, ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਵੱਖ-ਵੱਖ ਪਾਰਟੀਆਂ ਦੇ ਏਜੰਟ ਜਾਂ ਬੀ ਐੱਲ ਓ ਆਣ ਕੇ ਪਰਚੀਆਂ ਦੇ ਜਾਂਦੇ ਅਤੇ ਅਗਲੇ ਦਿਨ ਵੋਟਾਂ ਪਾਉਣ ਵੇਲੇ ਉਹ ਪਰਚੀਆਂ ਪੋਲਿੰਗ ਬੂਥ ਵਿਚਲਾ ਸਟਾਫ ਓਥੇ ਆਪਣੇ ਕੋਲ ਰਖਵਾਈ ਜਾਂਦਾ ਹੈ, ਵਾਪਸ ਨਹੀਂ ਦੇਂਦਾ। ਫਰਜ਼ ਕਰੋ ਕਿ ਵੋਟਾਂ ਦੇ ਦਿਨ ਓਥੇ ਪੋਲਿੰਗ ਬੂਥ ਦੇ ਸਟਾਫ ਨੂੰ ਉਹ ਪਰਚੀ ਲੈਣੀ ਭੁੱਲ ਗਈ ਹੋਵੇ ਅਤੇ ਵੋਟਰ ਆਪਣੇ ਨਾਲ ਘਰ ਵੀ ਲੈ ਜਾਵੇ ਤਾਂ ਉਸ ਨੂੰ ਬੇਲੋੜੀ ਸਮਝ ਕੇ ਸੁੱਟ ਦੇਂਦਾ ਸੀ, ਕਿਉਂਕਿ ਸੰਭਾਲ ਕੇ ਰੱਖਣ ਦਾ ਕੋਈ ਕਾਰਨ ਅੱਜ ਤੱਕ ਬਣਦਾ ਨਹੀਂ ਸੀ।

ਇਹੋ ਨਹੀਂ, ਕਈ ਲੋਕ ਬੀਤੇ ਸਾਲੀਂ ਨੌਕਰੀ ਜਾਂ ਰੁਜ਼ਗਾਰ ਦੇ ਕਿਸੇ ਹੋਰ ਵਸੀਲੇ ਦੇ ਚੱਕਰ ਵਿੱਚ ਇੱਕ ਤੋਂ ਦੂਸਰੇ ਰਾਜ ਵਿੱਚ ਰਿਹਾਇਸ਼ ਬਦਲ ਗਏ ਹੋ ਸਕਦੇ ਹਨ ਅਤੇ ਏਦਾਂ ਆਮ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਜਾਵੇਗਾ ਕਿ 2003 ਵਿੱਚ ਉਨ੍ਹਾਂ ਦੀ ਵੋਟ ਬਣੀ ਸੀ ਕਿ ਨਹੀਂ ਜਾਂ ਬਣੀ ਸੀ ਤਾਂ ਕਿੱਥੇ ਬਣੀ ਸੀ ਤੇ ਉਹ ਸਾਬਤ ਕਰਨ ਵਾਸਤੇ ਸਬੂਤ ਲਿਆਉਣ ਨੂੰ ਕਿਹਾ ਜਾਵੇਗਾ ਤਾਂ ਆਮ ਆਦਮੀ ਨੌਕਰੀ ਤੋਂ ਛੁੱਟੀ ਜਾਂ ਕਾਰੋਬਾਰ ਸੰਭਾਲਣ ਦਾ ਕੰਮ ਛੱਡ ਕੇ ਉਸ ਪੁਰਾਣੇ ਰਾਜ ਦੇ ਪੁਰਾਣੇ ਪਿੰਡ ਜਾਂ ਸ਼ਹਿਰ ਤੋਂ ਆਪਣੀ ਵੋਟ ਲੱਭਣ ਜਾਵੇਗਾ, ਜਿਹੜੀ ਓਥੋਂ ਵਾਲਿਆਂ ਨੂੰ ਵੀ ਨਹੀਂ ਲੱਭਦੀ। ਧੀਆਂ ਵਿਆਹ ਵੇਲੇ ਸਹੁਰੇ ਘਰ ਜਾਣ ਤਾਂ ਓਥੇ ਵੋਟ ਨਵੀਂ ਬਣ ਜਾਂਦੀ ਤੇ ਪਿੱਛੇ ਪੇਕੇ ਘਰ ਵਾਲੀ ਕੱਟੀ ਜਾਂਦੀ ਹੈ। ਉਨ੍ਹਾਂ ਨੂੰ ਜਦੋਂ ਪੇਕਿਆਂ ਵਾਲੀ ਵੋਟ ਸਾਬਤ ਕਰਨ ਨੂੰ ਕਿਹਾ ਤਾਂ ਉਹ ਵੋਟਾਂ ਲੱਭਣ ਲਈ ਮੁੜ-ਮੁੜ ਗੇੜੇ ਲਾਉਣੇ ਪੈਣਗੇ ਤੇ ਸਹੁਰੇ ਘਰ ਵਿੱਚ ਕਲੇਸ਼ ਪਵੇਗਾ ਕਿ ਵੋਟ ਬਹਾਨੇ ਨਾਲ ਪੇਕਿਆਂ ਵੱਲ ਤੁਰੀ ਰਹਿੰਦੀ ਹੈ। ਇਸ ਚੱਕਰ ਵਿੱਚ ਜਿਹੜਾ ਖਰਚਾ ਤੇ ਰਾਹਾਂ ਦੀ ਖੱਜਲ-ਖੁਆਰੀ ਹੁੰਦੀ ਹੈ, ਚੋਣ ਕਮਿਸ਼ਨ ਨੂੰ ਇਸ ਦਾ ਕੋਈ ਫਿਕਰ ਨਹੀਂ ਹੋਵੇਗਾ, ਉਨ੍ਹਾਂ ਲਈ ਇਹੋ ਗੱਲ ਜ਼ਰੂਰੀ ਹੈ ਕਿ 2003 ਦੇ ਸਾਲ ਵਾਲੀ ਵੋਟ ਬਣੀ ਹੋਈ ਕਿਸੇ ਥਾਂ ਵੋਟਰ ਸਾਬਤ ਕਰੇ, ਜਿੱਦਾਂ ਵੀ ਹੁੰਦੀ ਹੈ, ਕਰੇ ਅਤੇ ਸਾਬਤ ਨਹੀਂ ਕਰ ਸਕਦਾ ਤਾਂ ਇਸ ਨਾਕਾਮੀ ਪਿੱਛੋਂ ਪੈਣ ਵਾਲੇ ਕਈ ਨਵੇਂ ਚੱਕਰ ਭੁਗਤਣ ਲਈ ਤਿਆਰ ਰਹੇ। ਬੈਠੇ-ਬਿਠਾਇਆਂ ਇਸ ਮੁਸੀਬਤ ਦੀ ਬਿੱਜ ਲੋਕਾਂ ਦੇ ਸਿਰ ਕਿਉਂ ਪਾਈ ਗਈ ਹੈ, ਇਹ ਗੱਲ ਆਮ ਲੋਕ ਕਦੇ ਨਹੀਂ ਜਾਣ ਸਕਦੇ।

ਜਿਹੜੇ ਲੋਕ ਕਿਸੇ ਦੂਜੇ ਰਾਜ ਵਿੱਚ ਚਲੇ ਗਏ, ਉਨ੍ਹਾਂ ਵਿੱਚ ਵਿਆਹ ਕਰਵਾ ਕੇ ਗਈਆਂ ਲੜਕੀਆਂ ਤੇ ਕਾਰੋਬਾਰ ਜਾਂ ਰੁਜ਼ਗਾਰ ਲਈ ਜਾਣ ਵਾਲੇ ਲੋਕ ਵੀ ਹਨ ਤੇ ਪੰਜਾਬ ਛੱਡ ਕੇ ਪੱਕੇ ਵਸੇਬੇ ਲਈ ਪਰਵਾਸ ਕਰਨ ਵਾਲੇ ਲੋਕ ਵੀ ਹਨ, ਉਨ੍ਹਾਂ ਲਈ ਇਹ ਖੇਡ ਹੋਰ ਪੁਆੜੇ ਪਾਉਣ ਵਾਲੀ ਹੈ। ਏਦਾਂ ਦਾ ਪਰਵਾਸ ਕਰ ਚੁੱਕੇ ਪਰਵਾਰ ਦੀ ਇੱਕ ਧੀ ਲਈ ਬੀਤੇ ਦਿਨੀਂ ਜਦੋਂ ਮੈਂ ਇੱਕ ਜ਼ਿਲ੍ਹੇ ਦੇ ਚੋਣ ਦਫਤਰ ਨੂੰ ਫੋਨ ਕੀਤਾ ਤਾਂ ਓਥੋਂ ਸੰਬੰਧਤ ਅਫਸਰ ਨੇ ਦੱਸਿਆ ਕਿ ਏਦਾਂ ਦੇ ਕੰਮ ਵਾਸਤੇ ਫੋਨ ਕਰਨ ਵਾਲੇ ਤੁਸੀਂ ਪਹਿਲੇ ਨਹੀਂ, ਰੋਜ਼ ਦਰਜਨਾਂ ਦੇ ਹਿਸਾਬ ਨਾਲ ਫੋਨ ਆਉਂਦੇ ਤੇ ਸਾਰਿਆਂ ਦੀ ਇੱਕੋ ਮੰਗ ਇਹੋ ਹੁੰਦੀ ਹੈ ਕਿ 2003 ਤੋਂ ਪਹਿਲੀ ਕੋਈ ਵੋਟ ਸੂਚੀ ਚਾਹੀਦੀ ਹੈ। ਉਸ ਨੇ ਦੱਸਿਆ ਕਿ ਕਈ ਪਰਵਾਰਾਂ ਦੇ ਲੋਕ ਦਿੱਲੀ ਜਾਂ ਓਦੋਂ ਵੀ ਪਰੇ ਕਿਸੇ ਰਾਜ ਵਿੱਚ ਵਿਆਹੀ ਆਪਣੀ ਧੀ, ਜਿਸ ਨੇ ਕਈ ਵਾਰ ਕੋਈ ਬੱਚਾ ਚੁੱਕਿਆ ਹੁੰਦਾ ਹੈ, ਨੂੰ ਲੈ ਕੇ ਆਉਂਦੇ ਹਨ ਤਾਂ ਅਸੀਂ ਲੋਕ ਵੀ ਦੁਖੀ ਹੁੰਦੇ ਹਾਂ, ਪਰ ਕਈ ਵਾਰ ਉਨ੍ਹਾਂ ਦਾ ਦੱਸਿਆ ਪਤਾ ਵੇਖਣ ਪਿੱਛੋਂ ਵੀ ਵੋਟ ਨਹੀਂ ਮਿਲਦੀ। ਇਸ ਦਾ ਕਾਰਨ ਇਹ ਹੈ ਕਿ ਪਹਿਲਾਂ ਉਹ ਵੋਟ ਜਿਸ ਕਾਲੋਨੀ ਜਾਂ ਪਿੰਡ ਵਿੱਚ ਸੀ, ਉਸ ਦਾ ਨਾਂਅ ਬਦਲ ਗਿਆ ਹੋ ਸਕਦਾ ਹੈ ਅਤੇ ਨਾਂਅ ਬੇਸ਼ੱਕ ਨਾ ਬਦਲਿਆ ਹੋਵੇ, ਕਈ ਵਾਰੀ ਉਹ ਚੋਣ ਹਲਕਾ ਬਦਲ ਜਾਂਦਾ ਹੈ ਅਤੇ ਅੱਜ ਵਾਲੀਆਂ ਲਿਸਟਾਂ ਤੋਂ ਉਸ ਵਕਤ ਵਾਲੇ ਚੋਣ ਹਲਕੇ ਦਾ ਕੋਈ ਸੰਕੇਤ ਲੱਭਣ ਸੌਖਾ ਨਹੀਂ ਹੁੰਦਾ। ਨਤੀਜੇ ਵਜੋਂ ਕਈ ਵਾਰ ਏਦਾਂ ਦੇ ਪਰਵਾਰਾਂ ਨੂੰ ਕਈ ਗੇੜੇ ਲਾਉਣੇ ਪੈਂਦੇ ਹਨ ਤਾਂ ਬਾਹਰ ਇਹ ਪ੍ਰਚਾਰ ਹੋਈ ਜਾਂਦਾ ਹੈ ਕਿ ਦਫਤਰ ਵਾਲੇ ਕੁਝ ਕਰਦੇ ਨਹੀਂ, ਸ਼ਾਇਦ ਕੁਝ ਚੜ੍ਹਾਵਾ ਭਾਲਦੇ ਹਨ, ਜਦ ਕਿ ਇਹੋ ਜਿਹੀ ਗੱਲ ਨਹੀਂ ਹੁੰਦੀ ਤੇ ਮਾਮਲਾ ਉਸ ਸਾਲ ਅਤੇ ਅੱਜ ਦੇ ਸਮੇਂ ਦੀ ਵੋਟਾਂ ਬਣਾਉਣ ਦੀ ਪ੍ਰਕਿਰਿਆ ਅਤੇ ਹਲਕਾਬੰਦੀ ਬਦਲ ਗਈ ਕਾਰਨ ਬੇਹੱਦ ਉਲਝਿਆ ਹੁੰਦਾ ਹੈ।

ਕੁਝ ਗੱਲਾਂ ਏਦਾਂ ਦੀਆਂ ਅਣਕਿਆਸੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ। ਪਿਛਲੇ ਦਿਨੀਂ ਸਾਨੂੰ ਚੰਡੀਗੜ੍ਹ ਦੀ ਸੁਖਨਾ ਲੇਕ ਉੱਤੇ ਇੱਕ ਨੌਜਵਾਨ ਮਿਲ ਗਿਆ। ਕੁਝ ਮਿੰਟ ਦੀ ਜਾਣ-ਪਛਾਣ ਦੇ ਬਾਅਦ ਜਦੋਂ ਅਸੀਂ ਪੁੱਛਿਆ ਕਿ ਕਿੱਥੋਂ ਦਾ ਹੈ ਤਾਂ ਕਹਿਣ ਲੱਗਾ : ਅੱਜਕੱਲ੍ਹ ਤਾਂ ਕਿਤੋਂ ਦਾ ਵੀ ਨਹੀਂ। ਅਸੀਂ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਪੰਜਾਹ ਸਾਲਾਂ ਦੇ ਨੇੜੇ ਉਮਰ ਹੈ, ਬਚਪਨ ਵਿੱਚ ਮਾਂ-ਬਾਪ ਪੰਜਾਬ ਤੋਂ ਉੱਠੇ ਤੇ ਦੱਖਣ ਦੇ ਇੱਕ ਰਾਜ ਵਿੱਚ ਚਲੇ ਗਏ ਸਨ। ਉਸ ਦੀ ਪਹਿਲੀ ਵੋਟ ਓਥੇ ਜਾ ਕੇ ਬਣੀ ਸੀ। ਪਿੱਛੋਂ ਬਾਪੂ ਮਰ ਗਿਆ ਤੇ ਮਾਂ ਸਾਧਾਰਨ ਔਰਤ ਹੈ, ਜਿਸ ਸ਼ਹਿਰ ਤੋਂ ਪਰਵਾਰ ਗਿਆ ਸੀ, ਉਸ ਦੇ ਮੁਹੱਲੇ ਅਤੇ ਗਲੀ ਤੱਕ ਬਾਰੇ ਖਾਸ ਕੁਝ ਨਹੀਂ ਜਾਣਦੀ। ਏਨੇ ਸਾਲਾਂ ਪਿੱਛੋਂ ਉਸ ਮੁਹੱਲੇ ਨੂੰ ਲੱਭਣਾ ਵੀ ਮੁਸ਼ਕਲ ਹੈ ਅਤੇ ਓਥੋਂ ਦੇ ਲੋਕ ਵੀ ਸਾਡੇ ਪਰਵਾਰ ਬਾਰੇ ਭੁੱਲ ਚੁੱਕੇ ਹਨ। ਸਾਨੂੰ ਚੋਣ ਕਮਿਸ਼ਨ ਦੇ ਬੀ ਐੱਲ ਓ ਪੁੱਛਦੇ ਹਨ ਕਿ ਪੰਜਾਬ ਦੇ ਕਿਹੜੇ ਹਲਕੇ ਦੇ ਕਿਹੜੇ ਬੂਥ ਉੱਤੇ ਸਾਡੀਆਂ ਵੋਟਾਂ ਹੁੰਦੀਆਂ ਸਨ ਤੇ ਸਾਨੂੰ ਮਾਂ-ਪੁੱਤਰ ਨੂੰ ਪਤਾ ਨਹੀਂ ਲੱਗਦਾ। ਉਸ ਦਾ ਕਹਿਣਾ ਸੀ ਕਿ ਉਹ ਦੂਸਰੀ ਵਾਰ ਆਇਆ ਹੈ, ਪਰ ਜਦੋਂ ਮੁਹੱਲਾ ਨਹੀਂ ਲੱਭਦਾ ਤਾਂ ਵੋਟ ਵਾਲਾ ਸਬੂਤ ਕਿੱਥੋਂ ਲੱਭ ਕੇ ਪੇਸ਼ ਕਰ ਸਕੇਗਾ? ਪਤਾ ਨਹੀਂ ਉਸ ਵਾਂਗ ਕਿੰਨੇ ਹੋਰ ਪਰਵਾਰਾਂ ਦੇ ਲੋਕ ਏਸੇ ਤਰ੍ਹਾਂ ਧੱਕੇ ਖਾਣ ਲਈ ਦੂਰ ਦੇ ਰਾਜਾਂ ਤੋਂ ਪੰਜਾਬ ਅਤੇ ਪੰਜਾਬ ਤੋਂ ਦੂਰ-ਦੁਰਾਡੇ ਇਲਾਕਿਆਂ ਤੱਕ ਦੀ ਖੇਹ ਛਾਨਣ ਵਾਸਤੇ ਤੁਰੇ ਫਿਰਦੇ ਹੋਣਗੇ ਅਤੇ ਜਵਾਬ ਵਿੱਚ ਉਨ੍ਹਾਂ ਨੂੰ ਕੁਝ ਲੱਭਦਾ ਨਹੀਂ ਹੋਵੇਗਾ। ਉਨ੍ਹਾਂ ਦਾ ਦੁੱਖ ਕੌਣ ਸਮਝੇਗਾ?

ਪੰਜਾਬ ਵਿੱਚ ਇਹ ਪ੍ਰਕਿਰਿਆ ਅਜੇ ਪਿਛਲੇ ਦਿਨੀਂ ਸ਼ੁਰੂ ਕੀਤੀ ਗਈ ਤੇ ਪਹਿਲੇ ਗੇੜ ਵਿੱਚ ਹੀ ਪਤਾ ਨਹੀਂ ਕਿੰਨੇ ਲੋਕ ਇਸ ਦੇ ਸਤਾਏ ਹੋਏ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਗੁਆਈ ਬੈਠੇ ਹਨ। ਅਗਲੇ ਦਿਨੀਂ ਚੋਣ ਕਮਿਸ਼ਨ ਦੇ ਸਟਾਫ ਨੇ ਜਦੋਂ ਉਨ੍ਹਾਂ ਦੀ 2003 ਤੋਂ ਪਹਿਲਾਂ ਵਾਲੀ ਰਿਹਾਇਸ਼ ਤੇ ਉਸ ਵੇਲੇ ਬਣਾਈ ਵੋਟ ਸਾਬਤ ਕਰਨ ਲਈ ਸਖਤੀ ਕਰਨੀ ਸ਼ੁਰੂ ਕੀਤੀ ਤਾਂ ਇਸ ਮੁਸੀਬਤ ਦੇ ਪੱਧਰ ਦਾ ਅਸਲੀ ਅਹਿਸਾਸ ਓਦੋਂ ਹੋਵੇਗਾ। ਬਹੁਤ ਸਾਰੇ ਲੋਕ ਅਜੇ ਤੱਕ ਇਹ ਸਮਝੀ ਫਿਰਦੇ ਹਨ ਕਿ ਕੁਝ ਨਹੀਂ ਹੋਣ ਲੱਗਾ। ਕਬੂਤਰ ਅੱਖਾਂ ਮੀਟ ਲਵੇ ਤਾਂ ਬਿੱਲੀ ਮੁੜ ਨਹੀਂ ਜਾਂਦੀ ਹੁੰਦੀ। ਜਿੱਦਾਂ ਦੀ ਮੁਸ਼ਕਲ ਅੱਜ ਤੱਕ ਅਸੀਂ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਆਈ ਵੇਖ ਕੇ ਅਣਗੌਲੀ ਕਰਦੇ ਰਹੇ ਸਾਂ, ਉਸ ਦੀ ਆਮਦ ਨਾਲ ਜਿੱਦਾਂ ਦੀ ਹਲਚਲ ਜਿਹੀ ਮਹਿਸੂਸ ਹੋਣ ਲੱਗੀ ਹੈ, ਇਸ ਪਿੱਛੋਂ ਅਗਲੇ ਸਾਲ ਆਪਣੇ ਪੰਜਾਬ ਦੇ ਭਵਿੱਖ ਲਈ ਵੋਟ ਪਾਉਣ ਦਾ ਸਮਾਂ ਉਡੀਕਣ ਦੀ ਥਾਂ ਲੋਕਾਂ ਨੂੰ ਆਪਣਾ ਭਾਰਤੀ ਹੋਣਾ ਸਾਬਤ ਕਰਨ ਦੇ ਅਰਥ ਵੀ ਸਮਝ ਪੈਣ ਲੱਗ ਸਕਦੇ ਹਨ।

# ਇਜ਼ਹਾਰ-ਏ-ਜਜ਼ਬਾਤ ਨੂੰ ਲਾਗੂ ਕਰਵਾਉਣ ਲਈ ਜ਼ੈਲਦਾਰੀ ਦੀ ਕਲਗੀ

**ਪਿੰਡ ਵਸਿਆ-66**
**ਵਿਜੇ ਬੰਬੇਲੀ**

1857 ਦੇ ਗ਼ਦਰ ਤੋਂ ਬਾਅਦ ਅੰਗਰੇਜ਼ਾਂ ਨੇ ਧਰਾਤਲ ਪੱਧਰ 'ਤੇ ਪੱਕੇ ਪੈਰੀਂ ਹੋਣ ਅਜਿਹੀਆਂ ਉਪਾਧੀਆਂ ਸਿਰਜੀਆਂ। ਦਰਅਸਲ ਜੰਗਿ-ਆਜ਼ਾਦੀ ਦੇ ਪਹਿਲੇ ਯੁੱਧ ਦੀ ਅਸਫਲਤਾ ਤੋਂ ਬਾਅਦ ਵੀ ਬਗਾਵਤੀ ਰੌਂ ਮੱਠਾ ਨਹੀਂ ਸੀ ਪਿਆ। ਸੋ ਹੇਠਲੇ ਪੱਧਰ 'ਤੇ ਹਕੂਮਤ ਦੇ ਇਜ਼ਹਾਰ-ਏ-ਜਜ਼ਬਾਤ ਨੂੰ ਲਾਗੂ ਕਰਵਾਉਣ ਲਈ ਕੁਝ ਸਮਾਜੀ, ਨਿਆਂ-ਪ੍ਰਬੰਧਕੀ ਅਤੇ ਸੀਮਤ ਜਿਹੇ ਆਰਥਿਕ ਅਧਿਕਾਰ ਦੇ ਕੇ ਸੰਨ 1870 'ਚ ਜ਼ੈਲਦਾਰਾਂ ਦੀਆਂ ਪਹਿਲ-ਪਲੱਕੜੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ।

ਜ਼ੈਲਦਾਰ ਬਾਰੇ ਕੋਈ ਬੱਝਵੀਂ ਵਿਆਖਿਆ ਤਾਂ ਹੱਥ ਨਹੀਂ ਲੱਗੀ, ਫਿਰ ਵੀ ਕੁਲ ਮਿਲਾ ਕੇ, ਜ਼ੈਲਦਾਰ ਬਾਰੇ ਦੋ-ਹਰਫਾਂ 'ਚ ਇਹ ਕਿਹਾ ਜਾ ਸਕਦਾ ਹੈ, 'ਖਿੱਤਾ ਵਿਸ਼ੇਸ਼ (ਪਿੰਡਾਂ ਦੇ ਸਮੂਹ) ਤਹਿਤ ਪੇਂਡੂ ਸਰਗਰਮੀਆਂ ਵਾਚਣ ਜਾਂ ਮਕਸਦਾਂ, ਜਿਹਨਾਂ ਦਾ ਸਰੋਕਾਰ ਹਕੂਮਤ ਨਾਲ ਹੋਵੇ, ਲਈ ਸਰਕਾਰ ਵੱਲੋਂ ਨਿਯੁਕਤ ਕੀਤਾ ਵਿਅਕਤੀ ਜਾਂ ਉਪਾਧੀ ਧਾਰਕ'।

ਜ਼ੈਲਦਾਰ ਅਰਬੀ ਸ਼ਬਦ ਹੈ। ਜ਼ੈਲ ਤੋਂ ਭਾਵ ਖਾਸ ਇਲਾਕਾ ਅਤੇ ਦਾਰ ਦਾ ਅਰਥ ਹੈ, ਮਾਲਕ ਜਾਂ ਧਾਰਕ, ਪਰ ਅਰਬੀ ਭਾਸ਼ਾ ਇਸ ਦੀ ਕਨਸੋਅ ਝਾੜੂ-ਬਰਦਾਰ ਵੀ ਵਿਅਕਤ ਕਰਦੀ ਹੈ, ਅਰਥਾਤ ਝਾੜੂ-ਮਾਰਵੀਂ (ਮੁਕੰਮਲ) ਸੂਚਨਾ ਵੇਲੇ ਦੇ ਹਾਕਮਾਂ ਤੱਕ ਪਹੁੰਚਾਉਣੀ। ਝਾੜੂ-ਮਾਰਵੀਂ: ਮਤਲਬ ਧਰਤੀ ਸੁੰਭਰਵੀਂ (ਧਰਾਤਲ-ਖ਼ਬਰਚੀ) ਉਪਾਧੀ ਦਾ ਦਾਰ (ਮਾਲਕ ਜਾਂ ਧਾਰਕ) ਅਤੇ ਜ਼ੈਲ ਯਾਨਿ ਖਾਸ ਇਲਾਕਾ ਭਾਵ ਖੇਤਰੀ ਜੂਹ ਦੀ ਨਿਸ਼ਾਨਦੇਹੀ।

ਮੁੱਕਦੀ ਗੱਲ; ਇਸੇ ਜ਼ੈਲ ਅਤੇ ਦਾਰ ਦੇ ਜਮ੍ਹਾਂ ਜੋੜ ਤੋਂ ਬਣਿਆ ਜ਼ੈਲਦਾਰ ਸ਼ਬਦ ਉਗਮਿਆ-ਪਸਰਿਆ। ਘਰੋਂ ਸੌਖਾ, ਪਰ ਹਾਕਮਾਂ ਦੀ ਨਜ਼ਰ-ਇ-ਅਨਾਇਤ 'ਚ ਸਿਰ ਕੱਢਵਾਂ, ਜਿਹੜਾ ਵਿਅਕਤੀ ਜ਼ਮੀਨੀ ਪੱਧਰ ਦੀਆਂ ਸੂਹਾਂ ਸਰਕਾਰ ਨੂੰ ਦੇ ਸਕੇ ਜਾਂ ਸਰਕਾਰੀ ਨੀਤੀਆਂ ਜਾਂ ਹੁਕਮਾਂ ਨੂੰ ਲਾਗੂ ਕਰਵਾਉਣ 'ਚ ਖਰਾ ਉਤਰ ਸਕੇ, ਉਸ ਨੂੰ ਕੁਝ ਪ੍ਰਬੰਧਕੀ ਜਾਂ ਕਨੂੰਨੀ ਅਖਤਿਆਰ ਦੇ ਕੇ ਜ਼ੈਲਦਾਰੀ ਦੀ ਕਲਗੀ ਸਜਾ ਦਿੱਤੀ ਜਾਂਦੀ ਸੀ। ਅਜਿਹੀ ਥਾਪਨਾ ਬਦੌਲਤ, ਜਦੋਂ ਮੁਲਕ ਗੁਲਾਮ ਹੋਵੇ, ਤਦ ਪਹਿਲਾਂ ਹੀ ਫੂੰ-ਫੂੰ ਕਰਨ ਵਾਲੇ ਵਿਅਕਤੀਆਂ ਦੀ ਤਾਂ ਗੱਲ ਛੱਡੋ, ਕਈ ਦਾਨੇ ਬੰਦੇ ਵੀ ਚਾਂਭਲ ਗਏ, ਕਿਉਂਕਿ ਅੰਗਰੇਜ਼ਾਂ ਦਾ ਲੁਕਵਾਂ ਮਕਸਦ ਹੀ ਇਹਨਾਂ ਨੂੰ ਆਪਣੇ ਮੁਫਾਦੀ-ਸੰਦ ਵਜੋਂ ਵਰਤਣ ਦਾ ਸੀ, ਸੋ ਉਹ ਅਕਸਰ ਇਹਨਾਂ ਦੀਆਂ ਨਜਾਇਜ਼ ਹਰਕਤਾਂ ਨੂੰ ਵੀ ਅੱਖੋਂ-ਪਰੋਖੇ ਕਰ ਦਿੰਦੇ ਸਨ।

ਦਰ-ਹਕੀਕਤ; 1857 ਦੇ ਗ਼ਦਰ ਤੋਂ ਬਾਅਦ ਹੀ ਅੰਗਰੇਜ਼ਾਂ ਨੇ ਧਰਾਤਲ ਪੱਧਰ 'ਤੇ ਪੱਕੇ ਪੈਰੀਂ ਹੋਣ ਅਤੇ ਖਾਂਦੇ-ਪੀਂਦੇ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲੈਣ ਲਈ ਜਾਂ ਕਹਿ ਲਓ ਚਮਲਾਉਣ ਲਈ ਅਜਿਹੀਆਂ ਉਪਾਧੀਆਂ ਸਿਰਜੀਆਂ। ਜੰਗਿ-ਆਜ਼ਾਦੀ ਦੇ ਪਹਿਲੇ ਯੁੱਧ ਦੀ ਅਸਫਲਤਾ ਤੋਂ ਬਾਅਦ ਵੀ ਬਗਾਵਤੀ ਰੌਂ ਮੱਠਾ ਨਹੀਂ ਸੀ ਪਿਆ। ਸੋ ਹੇਠਲੇ ਪੱਧਰ 'ਤੇ ਨੱਪ ਲੈਣ ਦੀ ਮਨਸ਼ਾ ਨਾਲ ਸੰਨ 1870 'ਚ ਜ਼ੈਲਦਾਰਾਂ ਦੀਆਂ ਪਹਿਲ-ਪਲੱਕੜੀਆਂ ਨਿਯੁਕਤੀਆਂ ਕੀਤੀਆਂ ਗਈਆਂ ਅਤੇ ਹਕੂਮਤ ਦੇ ਇਜ਼ਹਾਰ-ਏ-ਜਜ਼ਬਾਤ ਨੂੰ ਲਾਗੂ ਕਰਵਾਉਣ ਲਈ ਕੁਝ ਸਮਾਜੀ, ਨਿਆਂ-ਪ੍ਰਬੰਧਕੀ ਅਤੇ ਸੀਮਤ ਜਿਹੇ ਆਰਥਕ ਅਧਿਕਾਰ ਵੀ ਦਿੱਤੇ। ਇਹਨਾਂ ਅਖੌਤੀ ਅਧਿਕਾਰਾਂ ਦੀ ਬਦੌਲਤ ਹੀ ਬਹੁਤੇ ਆਪਣੇ-ਆਪ ਨੂੰ ਇਲਾਕਾਈ ਮਾਲਕ ਸਮਝਣ ਲੱਗ ਪਏ। ਹਾਕਮਾਂ ਦੀ ਮਕਰੀ-ਥਾਪੀ (ਪੰਪਿੰਗ) ਨੇ ਅਜਿਹਾ ਟੂੱਲ ਬੰਨ੍ਹਿਆ ਕਿ ਬਹੁਤੇ ਹਾਕਮਾਂ ਦੀ ਖੁਸ਼ਨੂਦੀ ਪ੍ਰਾਪਤ ਕਰਨ ਅਤੇ ਹਕੂਮਤ ਦੀ ਆਰਥਕ ਤੇ ਸਿਆਸੀ ਪੂਰਤੀ ਲਈ ਨਜਾਇਜ਼ ਹਰਬੇ ਵਰਤਣ ਅਤੇ ਧੌਲ-ਧੱਪਾ ਵੀ ਕਰਨ ਲੱਗੇ। ਲਗਾਨ, ਖਿਦਮਤ ਅਤੇ ਵਗਾਰ ਉਹਨਾਂ ਵਿੱਚੋਂ ਪ੍ਰਮੁੱਖ ਸਨ। ਇਹੀ ਨਹੀਂ, ਇੱਕੜ-ਦੁੱਕੜ ਨੂੰ ਛੱਡ ਕੇ ਕਰੀਬ ਸਾਰੇ ਹੀ ਆਕੜਖੋਰ ਅਤੇ ਦੇਸ਼ ਭਗਤਕ ਸਰਗਰਮੀਆਂ ਵਿਰੋਧੀ ਸੰਦ ਸਾਬਤ ਹੋਏ। ਇਹੀ ਉਹ ਗੱਲ ਹੈ ਕਿ ਆਜ਼ਾਦੀ ਉਪਰੰਤ ਜ਼ੈਲਦਾਰੀ ਖ਼ਤਮ ਕਰ ਦਿੱਤੇ ਜਾਣ ਉਪਰੰਤ ਵੀ ਜਿਹਨਾਂ ਟੱਬਰਾਂ ਦੀ ਅੱਲ ਜ਼ੈਲਦਾਰ ਹੈ ਜਾਂ ਜਿਹੜੇ ਹਾਲੇ ਤੱਕ ਵੀ ਜ਼ੈਲਦਾਰੀ ਲਕਬ ਦਾ ਛੱਜ ਬੰਨ੍ਹੀ ਫਿਰਦੇ ਹਨ, ਨਵੀਂਆਂ ਪੀੜ੍ਹੀਆਂ ਦਾ ਕਸੂਰ ਨਾ ਹੋਣ ਦੇ ਬਾਵਜੂਦ ਉਹਨਾਂ ਟੱਬਰਾਂ ਨੂੰ ਭਾਵੇਂ ਪਿੱਠ ਪਿੱਛੇ ਹੀ ਸਹੀ, ਖਰਾ ਨਹੀਂ ਸਮਝਿਆ ਜਾਂਦਾ।

ਜ਼ੈਲਾਂ : ਸੰਯੁਕਤ ਪੰਜਾਬ ਦੀ ਹਰ ਜ਼ੈਲ 10 ਤੋਂ 100 ਪਿੰਡਾਂ ਦਾ ਸਮੂਹ ਹੁੰਦੀ ਸੀ। ਅਕਸਰ ਜ਼ੈਲ ਦਾ ਨਾਂਅ ਸਿਰ-ਕੱਢਵੇਂ ਪਿੰਡ ਦੇ ਨਾਂਅ 'ਤੇ ਰੱਖਿਆ ਜਾਂਦਾ ਸੀ, ਪਰ ਜ਼ਰੂਰੀ ਨਹੀਂ ਸੀ ਹੁੰਦਾ ਕਿ ਜਿਸ ਪਿੰਡ ਦੇ ਨਾਂਅ 'ਤੇ ਜ਼ੈਲ ਹੋਵੇ, ਜ਼ੈਲਦਾਰ ਵੀ ਉਸੇ ਪਿੰਡ ਦਾ ਹੀ ਹੋਵੇ। ਜ਼ੈਲਦਾਰ ਹੇਠਲੇ ਪਿੰਡਾਂ ਦੀ ਗਿਣਤੀ-ਨਿਰਧਾਰਨ ਭੂਗੋਲਿਕ, ਆਰਥਕ, ਸਿਆਸੀ ਸਰਗਰਮੀਆਂ ਅਤੇ ਜ਼ੈਲਦਾਰ ਦੇ ਵਿੱਤ ਮੁਜ਼ਬ ਵੱਧ-ਘੱਟ ਹੁੰਦਾ ਸੀ, ਕਿਉਂਕਿ ਬੱਬਰ ਅਕਾਲੀ ਦਾ ਕਰੀਬ-ਕਰੀਬ ਆਧਾਰ-ਘੇਰਾ ਤੇ ਸਰਗਰਮੀ ਵੀ ਅਮੂਨਨ ਦੋਆਬਾ ਖਿੱਤੇ ਦੇ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਾ ਤੇ ਕਪੂਰਥਲਾ ਰਿਆਸਤ ਦੇ ਇਹਨਾਂ ਦੋਵਾਂ ਨਾਲ ਖਹਿਵੇਂ ਇਲਾਕਿਆਂ ਵਿੱਚ ਸੀ, ਸੋ ਇਸ ਕਾਲਮ ਵਿੱਚ ਸਿਰਫ ਇਸ ਖੇਤਰ ਦੀਆਂ ਜ਼ੈਲਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ।

ਤਹਿਸੀਲ (ਕ੍ਰਮਵਾਰ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ) ਮੁਤਾਬਕ ਜ਼ੈਲਾਂ ਦਾ ਵੇਰਵਾ :

ਨਵਾਂਸ਼ਹਿਰ (ਜਲੰਧਰ)

ਜਾਡਲਾ, ਰਾਹੋਂ, ਮੁਕੰਦਪੁਰ, ਰਾਏਪੁਰ (ਡੱਬਾ), ਬੰਗਾ, ਹੀਉਂ, ਕਰਿਆਮ, ਨੌਰਾ, ਫਰਾਲਾ, ਸਰੀਹ, ਬਖਸਾਂ, ਜੰਡਿਆਲੀ, ਮੰਝਪੁਰ, ਸ਼ੇਖੂਪੁਰ, ਪਧਿਆਣਾ, ਜੁਲਾਮਜਾਰਾ, ਨੰਗਲ ਅੰਬੀਆਂ, ਪਰਜੀਆਂ, ਢੇਰੀਆਂ, ਮੂਸਾਪੁਰ, ਮਲਕ ਅਤੇ ਦੋ ਮਾਧੋ।

ਫਿਲੌਰ : ਮੋਰਾਂ, ਨਗਰ, ਫਿਲੌਰ, ਤਲਵਨ, ਮੌ, ਨੂਰਮਹਿਲ, ਸੰਗ ਢੇਸੀਆਂ, ਬਿਲਗਾ, ਰੁੜਕਾ, ਜੰਡਿਆਲਾ, ਬੰਡਾਲਾ, ਵਿਰਕ, ਗੁਰਾਇਆ, ਦੁਲੇਤਾ, ਛੋਕਰਾਂ, ਸਰਹਾਲੀ, ਕਾਲਾ ਅਤੇ ਕੋਟ ਬਾਦਲ ਖਾਂ।

**ਨਕੋਦਰ** : ਮਲਸੀਆਂ, ਸ਼ਾਹਕੋਟ, ਮਹਿਤਪੁਰ, ਨਕੋਦਰ, ਦੁਮਨਾ, ਕੰਗ ਕਲਾਂ, ਕੰਗ ਖੁਰਦ, ਕਿਲੀ, ਮਦਾਰਪੁਰ, ਭਗਤ ਰਾਮ ਅਤੇ ਗੁਲਾਮ ਗੌਂਸ।

**ਜਲੰਧਰ** : ਡਰੋਲੀ, ਨੁੱਸੀ, ਤਲਹਣ, ਹਰੀਪੁਰ, ਕੁੱਕੜਪਿੰਡ, ਚਿੱਟੀ, ਤਾਜਪੁਰ, ਧੁਦਿਆਲ, ਲਿੱਦੜਾਂ, ਲੜੋਆ, ਅਲਾਵਲਪੁਰ, ਕਰਤਾਰਪੁਰ, ਜਲੰਧਰ, ਕਰਿਆਣਾ, ਜਮਸ਼ੇਰ, ਬਹਿਰਾਮ ਅਤੇ ਚਕਰਾਲਾ।

**ਗੜ੍ਹਸ਼ੰਕਰ (ਹੁਸ਼ਿਆਰਪੁਰ)** : ਮਾਹਿਲਪੁਰ, ਨੰਗਲ ਕਲਾਂ, ਲਕਸ਼ੀਹਾਂ (ਖੈਰੜ), ਮੁੱਗੋਵਾਲ, ਬਿਛੋਹੀ, ਪੱਦੀ ਸੂਰਾ ਸਿੰਘ, ਪਦਰਾਣਾ, ਮੋਇਲਾ, ਗੜ੍ਹਸ਼ੰਕਰ, ਬਗਵਾਈਂ, ਸੜੋਆ (ਸਾਹਿਬਾ), ਚਣਕੋਈ, ਰੱਤੇਵਾਲ, ਬਲਾਚੌਰ, ਕਾਠਗੜ੍ਹ, ਬੰਨਾ, ਨੰਗਲੀ ਅਤੇ ਬੀਨੇਵਾਲ।

**ਊਨਾ** : ਭਲਾਣ, ਸੰਤੋਖਗੜ੍ਹ, ਭਵਨੌਰ, ਕੁੰਗਰਟ, ਪੰਡੋਗਾ, ਖੱਡ, ਨੰਗਲ, ਡੰਗਾਹ, ਸਿੰਘਨਾਈ, ਸਹੋੜਾ ਕੰਢੀ, ਠਠੇਰਾ, ਬਾਠੂ, ਟਹਰਾਲਾ, ਪਲਾਸੀ (ਪਰਸਾਈ), ਝੰਡੀਆਂ, ਭਨੂਪਾਲੀ, ਅਗੰਮਪੁਰ, ਲਾਲਪੁਰ ਅਤੇ ਨੰਗਲ।

**ਦਸੂਹਾ** : ਮਿਆਣੀ, ਟਾਹਲੀ, ਉੜਾਪੜ, ਭੰਗਾਲਾ, ਮੁਕੇਰੀਆਂ, ਸੰਧਵਾਲ, ਬੁੱਢਾਬੜ, ਬੱਡਲਾ, ਤਕਾਰਲਾ, ਭਾਂਗਰਾ, ਦਸੂਹਾ, ਘੋੜੇਵਾਹਾ, ਢੱਡਰ, ਕੈਂਥਾ, ਫੱਤੂ ਬਰਕਤ, ਸਫਦਪੁਰ ਮਹੇਸਾ, ਕੁਰਾਰੀ, ਝਾਵਾਂ ਅਤੇ ਮਾਣਕ।

**ਹੁਸ਼ਿਆਰਪੁਰ** : ਸੈਦੋ ਪੱਟੀ (ਬਸੀ ਕਲਾਂ), ਬੱਡਲਾ, ਖਨੌਰਾ, ਖਾਨਪੁਰ (ਹਰਦੋ), ਜਹਾਨ ਖੇਲਾਂ, ਗੋਬਿੰਦਪੁਰ, ਮਾਛੀਆਂ, ਹਰਿਆਣਾ, ਅਰਨੀਵਾਲ, ਬਰੋਟੀ, ਅਹਿਰਾਣਾ, ਬੁੱਲ੍ਹੋਵਾਲ, ਨੰਦਾਚੌਰ, ਪਥਰਾਲੀਆਂ, ਗੋਬਿੰਦਪੁਰ, ਖੁਣਖੁਣ, ਸ਼ੇਰਪੁਰ ਗਲ੍ਹਿੰਡ ਅਤੇ ਜਨੌੜੀ।

ਜ਼ੈਲਦਾਰਾਂ, ਜਿਹਨਾਂ ਦੇਸ਼ ਭਗਤਾਂ ਨਾਲ ਧ੍ਰੋਹ ਕਮਾਇਆ

(ਸਰੋਤ, 'ਹਿਸਟਰੀ ਆਫ ਦੀ ਬੱਬਰ ਅਕਾਲੀਜ਼' ਕਰਤਾ: ਹਿਸਟੋਰੀਅਨ ਬਖਸ਼ੀਸ਼ ਸਿੰਘ ਨਿੱਜਰ)

ਜਲੰਧਰ ਜ਼ਿਲ੍ਹਾ—ਜ਼ੈਲਦਾਰ ਸ਼ਾਮ ਸਿੰਘ ਪਿੰਡ ਤਲਹਣ (ਠਾਣਾ ਜਲੰਧਰ), ਸੰਪੂਰਨ ਸਿੰਘ ਮਾਹਲ ਗਹਿਲਾਂ (ਬੰਗਾ), ਇੰਦਰ ਸਿੰਘ ਸਰਹਾਲ ਮੁੰਡੀ (ਆਦਮਪੁਰ), ਗੇਜਾ ਸਿੰਘ ਹਰੀਪੁਰ (ਆਦਮਪੁਰ), ਜੈਮਲ ਸਿੰਘ ਜਮਸ਼ੇਰ (ਸਦਰ ਜਲੰਧਰ), ਗੇਂਦਾ ਸਿੰਘ ਡਰੋਲੀ ਕਲਾਂ (ਆਦਮਪੁਰ), ਸੰਤਾ ਸਿੰਘ ਜੰਡੂਸਿੰਘਾ (ਜਲੰਧਰ), ਅਸਦ-ਉਲ-ਖਾਨ ਸਰਹਾਲੀ (ਨੂਰਮਹਿਲ), ਨਜ਼ੀਰ ਅਹਿਮਦ-ਦਿਲਾਵਰ ਅਲੀ-ਨਬੀ ਬਖਸ਼ ਤਿੰਨੇ ਲੰਗੜੋਆ (ਰਾਹੋਂ) ਅਤੇ ਦੌਲਤ ਖਾਂ ਨੌਰਾ (ਬੰਗਾ)

ਹੁਸ਼ਿਆਰਪੁਰ ਜ਼ਿਲ੍ਹਾ—ਜ਼ੈਲਦਾਰ ਕਰਤਾਰ ਸਿੰਘ ਪਿੰਡ ਜੰਡੋਲੀ (ਠਾਣਾ ਮਾਹਿਲਪੁਰ), ਬਲਬੀਰ ਸਿੰਘ ਬਲਾਚੌਰ (ਗੜ੍ਹਸ਼ੰਕਰ), ਆਤਮਾ ਸਿੰਘ ਖੈਰੜ (ਮਾਹਿਲਪੁਰ), ਰਾਮ ਨਾਰਾਇਣ ਸਿੰਘ ਮਾਹਿਲਪੁਰ, ਅਰਜਨ ਸਿੰਘ ਪਥਰਾਲੀ (ਹਰਿਆਣਾ), ਮਹਿੰਦੀ ਖਾਂ ਸਿੰਬਲੀ (ਗੜ੍ਹਸ਼ੰਕਰ), ਮੀਰ ਬਖਸ਼ ਚਣਕੋਈ (ਬਲਾਚੌਰ), ਸਿਕੰਦਰ ਖਾਂ ਮਹਿਤਪੁਰ (ਬਲਾਚੌਰ), ਬਰਕਤ ਅਲੀ ਨੰਦਾਚੌਰ (ਹਰਿਆਣਾ) ਅਤੇ ਇਸ਼ਰੂ ਮੱਲ ਮਾਧੋਪੁਰ (ਫਗਵਾੜਾ)।

**ਮੋਬਾ. 94634-39075**

# ਕਿਸ ਨੂੰ ਸੁਣਾਵਾਂ ਰੂਹ ਦੇ, ਹਾਣੀ ਪਲੀਤ ਹੋਏ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-55**
**ਸੁਰਜੀਤ ਸੁਮਨ**

ਉਤਾਂਹ ਵੱਲ ਝਾਤੀ ਮਾਰਦੇ ਹਾਂ ਤਾਂ ਦੁਨੀਆਂ ਬੁਲੰਦੀਆਂ 'ਤੇ ਨਜ਼ਰ ਆਉਂਦੀ ਹੈ। ਨਿਵਾਣਾਂ ਨਰਕ ਦਾ ਦੁਆਰ ਪ੍ਰਤੀਤ ਹੁੰਦੀਆਂ ਹਨ। ਇੱਕ ਪਾਸੇ ਐਸ਼ਪ੍ਰਸਤੀ, ਦੂਜੇ ਪਾਸੇ ਕੁਰਬੁਲ਼ ਕੁਰਬੁਲ਼ ਕਰਦੀ ਜ਼ਿੰਦਗੀ। ਕਿਸੇ ਪਿੰਡ ਵੱਲ ਨਜ਼ਰ ਪਵੇ ਤਾਂ ਦੇਖਣਾ। ਇੱਕ ਪਾਸੇ ਖੁੱਲ੍ਹੇ-ਡੁੱਲ੍ਹੇ ਰੈਣ-ਬਸੇਰੇ ਤੇ ਦੂਜੇ ਪਾਸੇ ਖੁੱਡਾਂ ਵਰਗੇ। ਸ਼ਹਿਰਾਂ ਵੱਲ ਆਈਏ। ਇੱਕ ਪਾਸੇ ਕਨਾਲ਼ਾਂ ਵਿੱਚ ਕੋਠੀਆਂ, ਦੂਜੇ ਪਾਸੇ ਮਰਲਿਆਂ-ਗਜ਼ਾਂ ਵਿੱਚ ਫਲੈਟ, ਛੋਟੇ ਛੋਟੇ ਭੀੜੇ ਜਿਹੇ ਘਰ, ਗੰਦੀਆਂ ਬਸਤੀਆਂ। ਤੁਹਾਨੂੰ ਸਮਾਜ ਵਿੱਚਲੇ ਖੱਪੇ ਸ਼ਰੇਆਮ, ਸਪੱਸ਼ਟ ਦਿਖਾਈ ਦੇਣ ਲਗਦੇ ਹਨ। ਅਮੀਰ, ਅਮੀਰੀ ਭੋਗ ਰਹੇ ਹਨ। ਗਰੀਬ, ਗਰੀਬੀ, ਭੁੱਖ, ਪੀੜ, ਦੁੱਖ-ਦਰਦ, ਹੌਕੇ-ਹਾਵੇ। ਪਰ ਕੀ ਕਰੀਏ? ਸਾਡੇ ਇਨ੍ਹਾਂ ਰਾਜਨੀਤੀਵਾਨਾਂ ਨੂੰ ਕੀ? ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਕੀ? ਇਸ ਤਰ੍ਹਾਂ ਵਿਆਕੁਲ ਆਮ ਮਨੁੱਖੀ ਮਨ ਜੀਵਨ ਤੇ ਮੋਕਸ਼ ਦੇ ਧੁੰਦੂਕਾਰੇ ਵਿੱਚ ਤ੍ਰਿਸ਼ੰਕੂ ਵਾਂਗ ਲਟਕ ਜਾਂਦਾ ਹੈ। ਏਥੇ ਹੀ ਬਹੁਤ ਗੰਭੀਰ ਸਵਾਲ ਉਪਜਦੇ ਹਨ। ਮਨਾਂ ! ਇਹ ਕਿਧਰੇ ਨਿਰੀ ਮ੍ਰਿਗਤ੍ਰਿਸ਼ਨਾ ਹੀ ਤਾਂ ਨਹੀਂ? ਮੌਕੇ ਦੇ ਹਾਕਮ ਹੋਣ ਜਾਂ ਧਰਮਾਂ ਦੇ ਪੈਰੋਕਾਰ। ਸੱਭੇ ਨਿੱਤ ਨਵੇਂ ਦਿਨ ਆਪੋ-ਆਪਣੀਆਂ ਪ੍ਰਾਪਤੀਆਂ ਪ੍ਰਚਾਰਦੇ ਨਹੀਂ ਥੱਕਦੇ। ਕਈ ਵਾਰੀ ਤਾਂ ਇੰਝ ਜਾਪਦਾ ਹੈ ਜਿਵੇਂ ਸਾਡੇ ਇਹ ਹਾਕਮ ਨਿੱਤ ਬਿਗਾਨੀ ਸ਼ਾਹ 'ਤੇ ਮੁੱਛਾ ਮੁਨਾ ਰਹੇ ਹੋਣ। ਅੱਜ ਆਰਟੀਫੀਸ਼ੀਅਲ ਇੰਟੈਲੀਜੰਸ ਦੀ ਦੁਨੀਆਂ ਵਿੱਚ ਸੋਸ਼ਲ ਮੀਡੀਆ ਤਰ੍ਹਾਂ ਤਰ੍ਹਾਂ ਦੀਆਂ ਕਥਾ-ਕਹਾਣੀਆਂ ਨਾਲ਼ ਭਰਿਆ ਰਹਿੰਦਾ ਹੈ। ਓਤ-ਪੋਤ ਹੁੰਦਾ ਹੈ। ਕੁਝ ਪਤਾ ਨਹੀਂ ਲਗਦਾ ਕੋਈ ਕੀਹਦੀ ਮਾਂ ਨੂੰ ਮਾਸੀ ਕਹੇ? ਸੋਸ਼ਲ ਮੀਡੀਆ ਦੀ ਦੁਨੀਆਂ, ਸਾਡੀ ਆਮ ਸਮਾਜਿਕ ਦੁਨੀਆਂ ਨਾਲ਼ੋਂ ਭਿੰਨ ਕਿਉਂ ਹੈ? ਇਸ ਵਿੱਚ ਇਕਸਾਰਤਾ ਕਿਉਂ ਨਹੀਂ? ਮਨੁੱਖੀ ਰੋਬੋਟ ਉਤਲੀ ਦੁਨੀਆਂ ਨੂੰ ਮੁੱਠੀ ਵਿੱਚ ਕਰਨ ਲਈ ਕਾਹਲ਼ਾ ਹੈ। ਨਿਮਨ-ਵਰਗੀ ਦੁਨੀਆਂ ਤਾਂ ਪਹਿਲਾਂ ਹੀ ਇਹਦੀ ਮੁੱਠੀ ਵਿੱਚ ਹੈ। ਉਸ ਨੂੰ ਤਾਂ ਇਹ ਪਹਿਲਾਂ ਹੀ ਖੰਘਣ ਨਹੀਂ ਦਿੰਦਾ।

ਬਹੁਤੀ ਵਾਰੀ ਸਿਆਸੀ ਬੰਦਾ, ਧਾਰਮਿਕ ਆਗੂਆਂ ਨੂੰ ਅੱਗੇ ਕਰਕੇ ਆਪਣੀ ਜਾਂਚੇ ਅਜਿਹਾ ਪਾਅਸਾ ਸੁੱਟਦਾ ਹੈ, ਸਮੁੱਚੀ ਦੁਨੀਆਂ ਨੂੰ ਚਾਰੇ ਖਾਨੇ ਚਿੱਤ ਕਰ ਦਿੰਦਾ ਹੈ। ਸੰਤਾਲ਼ੀ ਵੇਲ਼ੇ ਅਜਿਹਾ ਹੀ ਵਾਪਰਿਆ ਸੀ। ਅੱਜ ਕਿਹੜਾ ਨਹੀਂ ਵਾਪਰ ਰਿਹਾ? ਕਦੀ ਗਹੁ ਨਾਲ਼ ਪੁਣਛਾਣ ਤਾਂ ਕਰਿਓ? ਅੱਖ ਦੇ ਫੋਰ ਵਿੱਚ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋ ਜਾਵੇਗਾ। ਪਰ ਸਮੇਂ ਦੀ ਮਾਰ ਬਹੁਤ ਭਿਆਨਕ ਹੁੰਦੀ ਹੈ। ਇਹ ਸਮਾਂ ਹੀ ਦੱਸਦਾ ਹੈ, ਵਕਤ ਨੇ ਕਿਸ ਪਾਸੇ ਨੂੰ ਕਰਵਟ ਬਦਲ਼ਣੀ ਹੈ। ਇੱਕ ਉਹ ਵੀ ਸਮਾਂ ਹੀ ਸੀ, ਜਦੋਂ? ਮਹਿਮੂਦ ਗਜ਼ਨਵੀ ਹਿੰਦੋਸਤਾਨ ਨੂੰ ਬੁਰੀ ਤਰ੍ਹਾਂ ਕੱਟਦਾ-ਵੱਢਦਾ, ਕੁੱਟਦਾ-ਮਾਰਦਾ, ਇੱਥੋਂ ਦੇ ਮੰਦਿਰਾਂ ਵਿੱਚ ਪਈਆਂ ਸ਼ੁੱਧ ਸੋਨੇ ਦੀਆਂ ਮੂਰਤੀਆਂ ਨੂੰ ਲੁੱਟਦਾ ਤੁਰਿਆ ਜਾ ਰਿਹਾ ਸੀ। ਫਿਰ ਉਹ ਵੀ ਸਮਾਂ ਹੀ ਸੀ, ਜਦੋਂ ਉਹ ਬੁਰੀ ਤਰ੍ਹਾਂ ਹਾਰ-ਹੰਭ ਕੇ ਭੱਜਿਆ ਜਾਂਦਾ, ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ ਇੱਕ ਦਿਨ ਦਮ ਤੋੜ ਗਿਆ। ਲੁੱਟਿਆ ਖਜ਼ਾਨਾ ਉਸ ਦੇ ਕਿਸੇ ਕੰਮ ਨਾ ਆਇਆ। ਹਿੰਦੋਸਤਾਨ ਦੀ ਸ਼ਰ-ਜ਼ਮੀਨ 'ਤੇ ਵੱਢੇ-ਟੁੱਕੇ ਗਏ ਲੋਕਾਂ ਦੀ ਚੀਖ਼-ਪੁਕਾਰ, ਅੰਤਿਮ ਸਮੇਂ ਉਸ ਨੂੰ ਪਾਗਲ ਕਰਦੀ ਰਹੀ। ਅਜਿਹੇ ਖੂੰਖਾਰ ਸ਼ਾਸਕ, ਜੋ ਆਪਣਿਆਂ ਦੇ ਮਿੱਤ ਨਹੀਂ ਹੋ ਸਕੇ, ਉਹ ਆਮ ਰਿਆਇਆ ਦੇ ਮਿੱਤ ਕਦੋਂ ਹੋਣਗੇ? ਸਾਡੇ ਅੱਜ ਦੇ ਸ਼ਾਸਕ ਵੀ ਇੰਝ ਦੇ ਹੀ ਹਨ। ਆਜ਼ਾਦੀ ਤੋਂ ਬਾਅਦ ਹੁਣ ਤੱਕ ਦੇ ਸਮਿਆਂ ਵੱਲ ਝਾਤੀ ਮਾਰਦਿਆਂ ਪਤਾ ਲਗਦਾ ਹੈ। ਇਨ੍ਹਾਂ ਗਰੂਰੀ ਹਾਕਮਾਂ ਨੇ ਆਪਣੀ ਐਸ਼ਪ੍ਰਸਤੀ ਵਿੱਚ ਕਦੀ ਕੋਈ ਕਮੀ ਨਹੀਂ ਆਉਣ ਦਿੱਤੀ। ਸਿੱਟੇ ਵਜੋਂ ਦੇਸ਼ ਕਰਜ਼ੇ ਦੇ ਗੰਜ ਹੇਠ ਬੁਰੀ ਤਰ੍ਹਾਂ ਦੱਬ ਕੇ ਰਹਿ ਗਿਆ। ਦੇਸ਼ ਪੰਜਾਬ ਦੇ ਖਜ਼ਾਨੇ ਵੱਲ ਝਾਤੀ ਮਾਰੀ ਜਾਵੇ ਤਾਂ ਸਹਿਜੇ ਹੀ ਚਾਨਣ ਹੋ ਜਾਂਦੈ। ਤਤਕਾਲੀਨ ਹਾਕਮਾਂ ਆਪਣੀਆਂ ਆਪਹੁਦਰੀਆਂ ਸਕੀਮਾਂ ਲੜਾ ਲੜਾ ਕੇ ਪੰਜਾਬ ਦੀ ਆਮ ਜਨਤਾ ਨੂੰ ਕਰਜ਼ੇ ਦੇ ਬੋਝ ਹੇਠ ਐਸਾ ਦੱਬਿਆ, ਹੁਣ ਓਹ ਦਹਾਕਿਆਂ-ਬੱਧੀ ਇਸ ਕਰਜ਼ ਦੇ ਬੋਝ ਨੂੰ ਢੋਣ ਲਈ ਮਜ਼ਬੂਰ ਹੁੰਦੇ ਰਹਿਣਗੇ। ਪਿਛਲੇ ਅੱਸੀਆਂ ਸਾਲਾਂ ਵਿੱਚ ਇਨ੍ਹਾਂ ਕੋਲ਼ੋਂ ਪਿੰਡਾਂ ਦੀਆਂ ਗਲ਼ੀਆਂ=ਨਾਲ਼ੀਆਂ ਹੀ ਲੋਟ ਨਹੀਂ ਆਈਆਂ। ਇਹ ਗਲ਼ੀਆਂ-ਨਾਲ਼ੀਆਂ ਹਰ ਪੰਜਾਂ ਸਾਲਾਂ ਬਾਅਦ ਫਿਰ ਪੁੱਟ ਲਈਆਂ ਜਾਂਦੀਆਂ ਹਨ। ਇਹ ਸਭ ਸੋਚਦਾ ਸੋਚਦਾ ਮੈਂ ਯੂਟਿਊਬ ਫਰੋਲ਼ਣ ਲਗਦਾ ਹਾਂ। ਫੋਨ ਸਕਰੀਨ 'ਤੇ ਇੱਕ ਵੀਡੀਓ ਚੱਲਣ ਲਗਦੀ ਹੈ। ਨਦੀ ਕਿਨਾਰੇ ਇੱਕ ਹਿਰਨੀ ਦਾ ਬੱਚਾ ਪਾਣੀ ਪੀ ਰਿਹੈ। ਭੇੜੀਆ ਉਸ 'ਤੇ ਹਮਲਾ ਕਰਦਾ ਹੈ। ਹਿਰਨੀ ਦਾ ਬੱਚਾ ਸਵੈ-ਬਚਾਓ ਲਈ ਜਿਉਂ ਹੀ ਪਾਣੀ ਵਿੱਚ ਛਾਲ਼ ਮਾਰਦਾ ਹੈ, ਐਨ ਓਸੇ ਵੇਲ਼ੇ ਮਗਰਮੱਛ ਭੇੜੀਏ ਨੂੰ ਦਬੋਚ ਲੈਂਦਾ ਹੈ। ਹਿਰਨੀ ਦਾ ਬੱਚਾ ਛਾਲ਼ ਮਾਰ ਜਾਨ ਬਚਾ ਲੈਂਦਾ ਹੈ, ਪਰ ਕਦੋਂ ਤੱਕ? ਉਸ ਨੂੰ ਅੱਗੇ ਫਿਰ ਭੁੱਖਾ ਸ਼ੇਰ ਖੜ੍ਹ ਦਿਖਾਈ ਦਿੰਦਾ ਹੈ।

ਇਸ ਨਦੀ ਦਾ ਪਾਣੀ ਤੱਕਦਿਆਂ ਮੇਰੇ ਮਨ ਦੀ ਸਕਰੀਨ 'ਤੇ ਅਖ਼ਬਾਰਾਂ 'ਚ ਛਪੀਆਂ ਕਈ ਖ਼ਬਰਾਂ ਉਕਰ ਆਉਂਦੀਆਂ ਹਨ। ਇੱਕ ਖ਼ਬਰ; ਭਾਖੜਾ ਡੈਮ ਦੇ ਢਾਂਚੇ ਵਿੱਚ ਝੁਕਾਅ ਸਾਹਮਣੇ ਆਇਆ। ਦੂਜੀ ਖ਼ਬਰ; ਸੁਪਰੀਮ ਕੋਰਟ ਵੱਲੋਂ ਦਰਿਆਵਾਂ ਦੇ ਪ੍ਰਦੂਸ਼ਣ ਵਾਲ਼ਾ ਕੇਸ ਬੰਦ। ਕੌਮੀ ਗਰੀਨ ਟ੍ਰਿਬਿਊਨਲ ਨੂੰ ਮਾਮਲੇ ਦੀ ਮੁੜ ਸੁਣਵਾਈ ਕਰਨ ਦੇ ਹੁਕਮ। ਪਹਿਲੀ ਖ਼ਬਰ ਦੀ ਇਸ ਸੁਰਖੀ ਦੇ ਕੰਢਿਆਂ ਵਿੱਚੋਂ ਉੱਛਲ ਉੱਛਲ਼ ਪੈਂਦੀਆਂ ਪਾਣੀ ਦੀਆਂ ਬੇਮੁਹਾਰੀਆਂ ਛੱਲਾਂ ਵੱਲੋਂ ਮਚਾਈ ਤਬਾਹੀ ਨਾਲ਼ ਸਮੁੱਚੇ ਪੰਜਾਬ ਦੀ ਨਿਗਲ਼ੀ ਜਾ ਰਹੀ ਧਰਤੀ ਦਿਖਾਈ ਦੇਣ ਲਗਦੀ ਹੈ। ਹਾਲੇ ਤਾਂ ਹੁਣੇ ਹੁਣੇ ਆਏ ਹੜ੍ਹਾਂ ਦੀ ਮਾਰ ਵਿੱਚ ਫਸੀ ਦੁਨੀਆਂ ਹੀ ਤਾਬ ਨਹੀਂ ਆਈ? ਸੋਚਦਾ ਸੋਚਦਾ ਮਨ ਵਿਆਕੁਲ ਹੋ ਉੱਠਦਾ ਹੈ। ਮੈਨੂੰ ਬਚਪਨ ਚੇਤੇ ਆ ਜਾਂਦਾ ਹੈ। ਸਤਲੁਜ ਦਰਿਆ ਦੇ ਕਿਨਾਰੇ ਤੋਂ ਥੋੜ੍ਹਾ ਦੂਰ ਵਸਿਆ ਮੇਰਾ ਪਿੰਡ ਮੋਹਣ ਮਾਜਰਾ-ਰਾਮਪੁਰ ਫੱਸੇ ਤੇ ਹੋਰ ਆਲ਼ੇ-ਦੁਆਲ਼ੇ ਦੇ ਪਿੰਡ। ਐਨ ਸਤਲੁਜ ਦੇ ਕਿਨਾਰੇ 'ਤੇ ਵਸਿਆ ਪਿੰਡ ਸਾਰੰਗਪੁਰ। ਇਸ ਪਿੰਡ ਦੇ ਖੇਤਾਂ ਵਿੱਚ ਮੈਂ ਆਪਣੇ ਅੱਖੀਂ ਰੇਤ ਹੀ ਰੇਤ ਵੇਖਿਆ ਹੈ। ਅੱਜ ਇਨ੍ਹਾਂ ਖੇਤਾਂ ਵਿੱਚ ਫਸਲਾਂ ਲਹਿਲਹਾ ਰਹੀਆਂ ਹਨ। ਕਿਸੇ ਵੇਲ਼ੇ ਇੱਥੇ ਮੂੰਗਫਲ਼ੀ ਹੋਇਆ ਕਰਦੀ ਸੀ। ਅੱਜ ਕੱਲ੍ਹ ਇੱਥੇ ਸਿਰਫ ਕਣਕ ਤੇ ਧਾਨ ਦੀ ਫਸਲ ਹੁੰਦੀ ਹੈ। ਬਾਕੀ ਫਸਲਾਂ ਨੂੰ ਇਹ ਧਰਤੀ ਜਿਵੇਂ ਭੁੱਲ ਹੀ ਗਈ ਹੋਵੇ। ਕਿਸਾਨ ਵਿਸਾਰ ਹੀ ਗਏ ਹੋਣ।

ਮਨ ਦੂਜੇ ਪਾਸੇ ਲਾਉਣ ਲਈ ਮੈਂ ਫਿਰ ਯੂਟਿਊਬ ਫਰੋਲਣ ਲਗਦਾ ਹਾਂ। ਇੱਕ ਵੀਡੀਓ ਚੱਲਣ ਲਗਦੀ ਹੈ। ਗੰਗਾ ਕਿਨਾਰੇ ਸਸਕਾਰ ਦੀ ਤਿਆਰੀ ਹੋ ਰਹੀ ਹੈ। ਚਿਖਾ ਚਿਣੀ ਜਾ ਰਹੀ ਹੈ। ਅਚਾਨਕ ਕੋਹਰਾਮ ਮਚ ਜਾਂਦਾ ਹੈ। ਪਲਾਂ ਵਿੱਚ ਹੀ ਸ਼ਮਸ਼ਾਨਘਾਟ ਪੁਲਿਸ ਛਾਉਣੀ ਵਿੱਚ ਬਦਲ ਜਾਂਦਾ ਹੈ। ਚਿਖਾ ਉੱਤੇ ਮੁਰਦੇ ਦੀ ਬਜਾਏ ਇੱਕ ਪੁਤਲਾ ਦਿਖਾਈ ਦੇਣ ਲਗਦਾ ਹੈ, ਜਿਸ ਦਾ ਇਸ ਪਰਿਵਾਰ ਵੱਲੋਂ ਸਸਕਾਰ ਕਰਨ ਦੀ ਤਿਆਰੀ ਹੁੰਦੀ ਹੈ। ਪੁਲਿਸ ਜਾਂਚ ਬਾਅਦ ਪਤਾ ਲਗਦਾ ਹੈ ਕਿ ਇਨ੍ਹਾਂ ਸਭਨਾਂ ਵੱਲੋਂ ਰਲ਼-ਮਿਲ਼, ਕਿਸੇ ਪਰਿਵਾਰਕ ਮੈਂਬਰ ਨੂੰ ਮਰਿਆ ਦਿਖਾ ਕੇ ਉਸ ਦੀ ਪੰਜਾਹ ਲੱਖ ਦੀ ਬੀਮਾ ਰਾਸ਼ੀ ਨੂੰ ਹਥਿਆਉਣ ਦਾ ਛੜਯੰਤਰ ਰਚਿਆ ਜਾ ਰਿਹਾ ਸੀ। ਮੈਂ ਸਿਰ ਫੜ ਕੇ ਬੈਠ ਜਾਂਦਾ ਹਾਂ।

ਇੱਕ ਹੋਰ ਵੀਡੀਓ ਚੱਲਣ ਲਗਦੀ ਹੈ। ਸਰਹੱਦ 'ਤੇ ਦੋ ਪੁਲਿਸ ਮੁਲਾਜ਼ਮਾਂ ਦੇ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦਿਆਂ ਗੁਰਦਾਸਪੁਰ ਦੇ ਆਦੀਆਂ ਪਿੰਡ ਦੇ ਮਾਰੇ ਗਏ ਰਣਜੀਤ ਸਿੰਘ ਦੀ ਗਾਥਾ। ਸਾਥੀ ਦਿਲਾਵਰ ਦੇ ਪਿਤਾ ਵੱਲੋਂ ਇਹ ਕਹਿਣਾ, 'ਮੇਰੇ ਪੁੱਤ ਨੇ ਮੈਨੂੰ ਕਿਹਾ ਮੈਥੋਂ ਗਲਤੀ ਹੋ ਗਈ।' ਹੋਰ ਬਹੁਤ ਕੁਝ। ਨਸ਼ਿਆਂ, ਜ਼ੋਰ-ਜ਼ਬਰ, ਹੈਂਕੜ, ਆਪਹੁਦਰੇਪਣ ਵਿੱਚ ਗਲਤਾਨ ਗਰਕਣ ਵੱਲ ਵਧ ਰਹੀ ਪੰਜਾਬ ਦੀ ਜੁਆਨੀ ਦਾ ਕੁਝ ਹਿੱਸਾ। ਪਚਾਨਵੇਂ ਵਿੱਚ ਉੱਤਰੀ ਭਾਰਤ ਦੀਆਂ ਫਿਜ਼ਾਵਾਂ ਵਿੱਚ ਗੂੰਜਿਆਂ ਦਿਲਾਵਰ ਸਿੰਘ ਦਾ ਨਾਂ। ਅੱਜ ਦੇ ਗੈਂਗਸਟਰਵਾਦ ਦੀ ਹਨ੍ਹੇਰੀ। ਡੀਲਰਾਂ ਤੇ ਲੀਡਰਾਂ ਦੇ ਗੱਠਜੋੜ ਦਾ ਕੁਰਸੀ ਵੱਲ ਵਧ ਰਿਹਾ ਹੱਥ। ਰਣਜੀਤ ਸਿੰਘ ਦੀ ਮਾਂ ਨੇ ਪੀੜ-ਪਰੁੱਚੀ ਲੇਰ ਮਾਰੀ ਹੈ। ਆਦੀਆ ਪਿੰਡ ਦੇ ਨਾਲ਼ ਨਾਲ਼ ਹੋਰ ਪਿੰਡਾਂ ਵਿੱਚ ਬੈਠੀਆਂ ਮਾਵਾਂ ਨੇ ਧੀਆਂ-ਪੁੱਤਾਂ ਨੂੰ ਆਪਣੀਆਂ ਬੁੱਕਲ਼ਾਂ ਵਿੱਚ ਲਕੋਣ ਦੀ ਕੋਸ਼ਿਸ਼ ਕੀਤੀ ਹੈ। ਉਫ ! ਬਹੁਤ ਸਾਰੀ ਪੀੜ ਮੇਰੇ ਸਿਰ ਵਿੱਚ ਇਕੱਠੀ ਹੋਣ ਲਗਦੀ ਹੈ। ਇਸ ਗੀਤ ਦੇ ਬੋਲ ਹੀ ਕੁਝ ਰਾਹਤ ਦੇ ਜਾਣ, ਸੋਚਦਾ ਹਾਂ। ਗੀਤ ਮੈਥੋਂ ਗੁਣਗੁਣਾਇਆ ਨਹੀਂ ਜਾਂਦਾ। ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ, 'ਸੁਫਨੇ 'ਚ ਦੇਖਦਾ ਸਾਂ ਘੁਲ਼ੀ ਚਸ਼ਮਿਆਂ 'ਚ ਚਾਂਦੀ/ ਪਰਬਤ ਦੀ ਗੋਦ ਬੈਠੀ ਕੁਦਰਤ ਪਈ ਸੀ ਨਾਂਅਦੀ/ ਅਹੁ ! ਰੰਗ-ਰਾਗ ਕੁਰਸੀ ਦੇ ਪੈਰੀਂ ਜਾ ਖਲੋਏ/ ਪੌਣਾਂ ਪਲੀਤ ਹੋਈਆਂ, ਪਾਣੀ ਪਲੀਤ ਹੋਏ/ ਕਿਸ ਨੂੰ ਸੁਣਾਵਾਂ ਰੂਹ ਦੇ, ਹਾਣੀ ਪਲੀਤ ਹੋਏ?'

**ਸੰਪਰਕ : 98144-30874**

# ਗਲੇਸ਼ੀਅਰਾਂ ਨਾਲ ਘਿਰੀ ਧਰਤੀ : ਅੰਟਾਰਕਟਿਕਾ

**ਸੁਖਮੰਦਰ ਸਿੰਘ ਤੂਰ**

ਅੰਟਾਰਕਟਿਕਾ ਦੁਨੀਆ ਦਾ ਸਭ ਤੋਂ ਵੱਡਾ ਮਹਾਂਦੀਪ ਹੈ, ਜਿਸ ਦਾ ਕੁਲ ਖੇਤਰਫਲ ਲੱਗਭੱਗ 3 ਕਰੋੜ ਵਰਗ ਕਿਲੋਮੀਟਰ ਹੈ। ਇਹ ਧਰਤੀ 'ਤੇ ਮੌਜੂਦ ਹੋਰ ਸਾਰੇ ਸਥਾਨਾਂ ਤੋਂ ਇੰਨਾ ਵੱਖਰਾ ਹੈ ਕਿ ਕਿਸੇ ਹੋਰ ਗ੍ਰਹਿ ਦੀ ਤਰ੍ਹਾਂ ਲੱਗਦਾ ਹੈ। ਇਸ ਦੇ ਉੱਪਰ ਓਜ਼ੋਨ ਪਰਤ ਵਿਚ ਛੇਕ ਇਸ ਨੂੰ ਧਰਤੀ ਦੀ ਬਜਾਏ ਮੰਗਲ ਗ੍ਰਹਿ ਜ਼ਿਆਦਾ ਬਣਾਉਂਦਾ ਹੈ। ਇੱਥੇ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਧਰਾਤਲ 'ਤੇ ਬਿਨਾਂ ਕਿਸੇ ਰੁਕਾਵਟ ਦੇ ਪਹੁੰਚਦੀਆਂ ਹਨ।

ਇਹ ਮਹਾਂਦੀਪ ਹੋਰ ਵੀ ਕਈ ਮਾਮਲਿਆਂ ਵਿਚ ਵਿਲੱਖਣ ਹੈ। ਇਸ ਦੇ ਕਿਨਾਰਿਆਂ ਤੋਂ ਦੂਰ ਸਮੁੰਦਰ ਵਿਚ ਵੇਲਸ ਵਿਖਾਈ ਦਿੰਦੀਆਂ ਹਨ। ਸਿਰਫ ਇਹ ਇਕ ਅਜਿਹਾ ਮਹਾਂਦੀਪ ਹੈ, ਜਿਸ ਦਾ ਆਪਣਾ ਦੁੱਧ ਦੇਣ ਵਾਲਾ ਜਾਨਵਰ ਨਹੀਂ ਹੈ।ਇਸ ਦੇ ਨਾਲ ਹੀ ਹੋਰ ਸਾਰੇ ਮਹਾਂਦੀਪਾਂ ਤੋਂ ਵੱਖ ਇੱਥੇ ਕੋਈ ਸਥਾਨਕ ਮਨੁੱਖੀ ਵਸੋਂ ਵੀ ਨਹੀਂ ਹੈ ਅਤੇ ਬਹੁਤ ਘੱਟ ਲੋਕ ਹੀ ਇੱਥੇ ਪਹੁੰਚੇ ਹਨ।

ਅੰਟਾਰਕਟਿਕਾ ਦਾ ਇਤਿਹਾਸ ਇਕ ਅਰਬ ਸਾਲ ਪੁਰਾਣਾ ਹੈ। ਇਸ ਦੀ ਖੋਜ ਇੰਗਲੈਂਡ ਦੇ ਪ੍ਰਸਿੱਧ ਭੌਤਿਕ ਵਿਗਿਆਨੀ ਜੇਮਜ਼ ਕੁੱਕ ਨੇ 1772 ਤੋਂ 1775 ਈਸਵੀ ਵਿਚ ਕੀਤੀ। ਰੂਸੀ ਐਡਮਿਰਲ ਫੈਬੀਅਨ ਗਾਟਲੀਏਬ ਇਸ ਮਹਾਂਦੀਪ 'ਤੇ ਪੈਰ ਧਰਨ ਵਾਲਾ ਪਹਿਲਾ ਮਨੁੱਖ ਸੀ, ਜੋ 1821 ਵਿਚ ਇੱਥੇ ਪਹੁੰਚਿਆ। ਇਸ ਤੋਂ ਬਾਅਦ 15 ਜਨਵਰੀ 1912 ਵਿਚ ਇੰਗਲੈਂਡ ਦੇ ਕੈਪਟਨ ਸਕਾਟ ਨੇ ਅੰਟਾਰਕਟਿਕਾ ਦੀ ਯਾਤਰਾ ਕੀਤੀ। ਉਹ ਦੱਖਣੀ ਧਰੁਵ ਤੱਕ ਗਿਆ ਸੀ। ਇਸ ਤੋਂ ਬਾਅਦ ਕਈ ਯਾਤਰਾਵਾਂ ਹੋਈਆਂ, ਪਰ ਕੋਈ ਵੀ ਵਿਅਕਤੀ ਇਸ ਦੇ ਤੱਟ ਤੱਕ ਨਹੀਂ ਪਹੁੰਚ ਸਕਿਆ।

ਸਮੁੰਦਰੀ ਮਾਰਗ ਦੇ ਆਧਾਰ 'ਤੇ ਅੰਟਾਰਕਟਿਕਾ ਭਾਰਤ ਤੋਂ ਲੱਗਭੱਗ 13000 ਕਿਲੋਮੀਟਰ ਦੂਰ ਹੈ, ਜਦ ਕਿ ਦੱਖਣੀ ਅਮਰੀਕਾ ਤੋਂ ਕੇਵਲ ਲੱਗਭੱਗ 900 ਕਿਲੋਮੀਟਰ ਦੂਰ ਹੈ। ਇਸ ਮਹਾਂਦੀਪ ਦਾ 98 ਫੀਸਦੀ ਹਿੱਸਾ 25000 ਤੋਂ 30000 ਮੀਟਰ ਮੋਟੀ ਬਰਫ ਨਾਲ ਢਕਿਆ ਪਿਆ ਹੈ। ਇੱਥੇ ਪਾਣੀ ਦੀ ਮਾਤਰਾ 72 ਲੱਖ ਕਿਊਬਿਕ ਹੈ। ਧਰਤੀ ਦੇ ਸਮੁੱਚੇ ਤਾਜ਼ੇ ਪਾਣੀ ਦਾ 68 ਫੀਸਦੀ ਹਿੱਸਾ ਅੰਟਾਰਕਟਿਕਾ 'ਆਈਸ ਸ਼ੀਟ' ਹੇਠ ਜੰਮਿਆ ਪਿਆ ਹੈ, ਜੋ ਸਮੁੰਦਰੀ ਸਤ੍ਹਾ ਦੇ 58 ਮੀਟਰ ਵਾਧੇ ਦੇ ਲੱਗਭੱਗ ਹੈ। ਅੰਟਾਰਕਟਿਕਾ ਦਾ 13 ਫੀਸਦੀ ਹਿੱਸਾ ਗਲੇਸ਼ੀਅਰਾਂ ਨਾਲ ਘਿਰਿਆ ਹੋਇਆ ਹੈ। ਅੰਟਾਰਕਟਿਕਾ ਦਾ ਸਭ ਤੋਂ ਵੱਡਾ ਗਲੇਸ਼ੀਅਰ 'ਅੰਟਾਰਕਟਿਕਾ ਲੈਮਬਾਰਟ ਗਲੇਸ਼ੀਅਰ' ਹੈ, ਜੋ 40 ਕਿਲੋਮੀਟਰ ਦੇ ਖੇਤਰ ਵਿਚ ਫੈਲਿਆ ਹੋਇਆ ਹੈ। ਇਕ ਦਿਲਚਸਪ ਗੱਲ ਇਹ ਹੈ ਕਿ ਇੱਥੇ 6 ਮਹੀਨੇ ਦੇ ਦਿਨ ਅਤੇ ਰਾਤ ਹੁੰਦੇ ਹਨ।

ਅੰਟਾਰਕਟਿਕਾ ਧਰਤੀ ਦਾ ਸਭ ਤੋਂ ਠੰਢਾ ਮਹਾਂਦੀਪ ਵੀ ਹੈ, ਜਿੱਥੇ ਔਸਤਨ ਤਾਪਮਾਨ ਦੋਹਾਂ ਸੈਂਟੀਗ੍ਰੇਡ ਅਤੇ ਫਾਰਨਹੀਟ ਪੈਮਾਨਿਆਂ 'ਤੇ 0 ਤੋਂ ਹੇਠਾਂ ਹੁੰਦਾ ਹੈ। ਸੀਤ ਰੁੱਤ ਵਿਚ ਇੱਥੇ ਘੱਟੋ-ਘੱਟ ਤਾਪਮਾਨ-950 ਸੈਂਟੀਗ੍ਰੇਡ ਮਾਪਿਆ ਗਿਆ ਹੈ, ਜੋ ਧਰਤੀ 'ਤੇ ਹੁਣ ਤੱਕ ਦਾ ਸਭ ਤੋਂ ਠੰਢਾ ਰਿਕਾਰਡ ਕੀਤਾ ਗਿਆ ਤਾਪਮਾਨ ਮੰਨਿਆ ਗਿਆ ਹੈ। ਹੁਣ ਤੱਕ ਦਾ ਸਭ ਤੋਂ ਗਰਮ ਤਾਪਮਾਨ ਜੋ ਇੱਥੇ ਰਿਕਾਰਡ ਕੀਤਾ ਗਿਆ, ਉਹ 15 ਡਿਗਰੀ ਸੈਂਟੀਗ੍ਰੇਡ ਸੀ, ਜੋ 15 ਜਨਵਰੀ 1974 ਨੂੰ ਵਾਂਦਾ ਸਟੇਸ਼ਨ 'ਤੇ ਰਿਕਾਰਡ ਕੀਤਾ ਗਿਆ ਸੀ। ਅੰਟਾਰਕਟਿਕਾ ਵਿਚ ਨਵੰਬਰ ਤੋਂ ਲੈ ਕੇ ਫਰਵਰੀ ਤੱਕ ਗਰਮੀ ਦਾ ਮੌਸਮ ਹੁੰਦਾ ਹੈ। ਇਸ ਮੌਸਮ ਵਿਚ ਤਾਪਮਾਨ 0 ਅੰਸ਼ ਤੋਂ ਵਧੇਰੇ ਨਹੀਂ ਹੁੰਦਾ ਅਤੇ ਇਸ ਮੌਸਮ ਵਿਚ ਸੂਰਜ ਦਿਖਾਈ ਨਹੀਂ ਦਿੰਦਾ। ਮਈ ਤੋਂ ਅਗਸਤ ਤੱਕ ਇੱਥੇ ਸਰਦੀਆਂ ਹੁੰਦੀਆਂ ਹਨ। ਇਸ ਸਮੇਂ ਦੌਰਾਨ ਇੱਥੇ ਸੂਰਜ ਉਦੈ ਨਹੀਂ ਹੁੰਦਾ।

ਅੰਟਾਰਕਟਿਕਾ ਦਾ ਸਭ ਤੋਂ ਜ਼ਿਕਰਯੋਗ ਤੱਥ ਹੈ 'ਅੰਟਾਰਕਟਿਕਾ ਆਈਸ ਸ਼ੀਟ', ਜੋ ਵਿਸ਼ਵ ਦੀ ਸਭ ਤੋਂ ਵੱਡੀ ਬਰਫੀਲੀ ਚਾਦਰ ਹੈ, ਜਿਸ ਦਾ ਆਕਾਰ ਲੱਗਭੱਗ ਪੂਰੇ ਯੂਰਪੀਅਨ ਮਹਾਂਦੀਪ ਦੇ ਬਰਾਬਰ ਹੈ। ਇਹ ਵਿਸ਼ਵ ਦਾ ਸਭ ਤੋਂ ਖੁਸ਼ਕ ਮਹਾਂਦੀਪ ਵੀ ਹੈ। ਇੱਥੇ ਸਾਰੇ ਸਾਲ ਵਿਚ ਸਿਰਫ 3.5 ਸੈਂਟੀਮੀਟਰ ਵਰਖਾ ਜਾਂ ਬਰਫਬਾਰੀ ਹੁੰਦੀ ਹੈ। ਲੱਖਾਂ ਸਾਲਾਂ ਦੇ ਦੌਰਾਨ ਥੋੜ੍ਹੀ ਜਿਹੀ ਬਰਫਬਾਰੀ ਦੇ ਕਾਰਨ ਹੀ ਹੌਲੀ-ਹੌਲੀ ਬਰਫ ਦੀ ਇਹ ਵਿਸ਼ਾਲ ਚਾਦਰ ਬਣੀ ਹੈ। ਵਿਕਟੋਰੀਆ ਲੈਂਡ ਦੀਆਂ ਖੁਸ਼ਕ ਘਾਟੀਆਂ ਅੰਟਾਰਕਟਿਕਾ ਮਹਾਂਦੀਪ ਦੇ ਸਭ ਤੋਂ ਵਚਿੱਤਰ ਖੇਤਰਾਂ ਵਿੱਚੋਂ ਇਕ ਹਨ। ਇੱਥੇ ਨਾ ਤਾਂ ਕੋਈ ਬਰਫ ਹੈ ਅਤੇ ਨਾ ਹੀ ਕੋਈ ਹਿਮ ਦੇ ਢੇਰ ਹਨ। ਇਨ੍ਹਾਂ ਘਾਟੀਆਂ ਵਿਚ ਨਮਕੀਨ ਬਰਫ ਨਾਲ ਢਕੀਆਂ ਝੀਲਾਂ ਹਨ, ਜਿੱਥੇ ਬਰਫ ਗਰੀਨ ਹਾਊਸ ਪ੍ਰਭਾਵ ਪੈਦਾ ਕਰਦੇ ਹੋਏ ਹੇਠਾਂ ਪਾਣੀ ਨੂੰ ਆਪਣੇ ਉੱਪਰ ਦੀ ਹਵਾ ਤੋਂ ਗਰਮ ਰੱਖਦੀ ਹੈ। ਇੱਥੇ ਤੇਜ਼ ਹਵਾਵਾਂ ਚੱਲਦੀਆਂ ਹਨ। ਚੱਲਣ ਵਾਲੀਆਂ ਇਨ੍ਹਾਂ ਹਵਾਵਾਂ ਦੀ ਗਤੀ 30 ਤੋਂ 35 ਕਿਲੋਮੀਟਰ ਪ੍ਰਤੀ ਘੰਟਾ।



ਯੱਖ ਠੰਢਾ ਹੋਣ ਕਾਰਨ ਇਸ ਮਹਾਂਦੀਪ 'ਤੇ ਮਨੁੱਖ ਜਾਤੀ ਦਾ ਰਹਿਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ, ਪਰ ਇੱਥੇ ਹੋਰ ਕਈ ਤਰ੍ਹਾਂ ਦੇ ਜੀਵ-ਜੰਤੂ ਵੇਖੇ ਜਾ ਸਕਦੇ ਹਨ। ਇੱਥੇ ਪੈਂਗੁਇਨ ਨਾਂਅ ਦਾ ਪੰਛੀ ਬੜੀ ਸ਼ਾਨ ਨਾਲ ਰਹਿੰਦਾ। ਇੱਥੋਂ ਦਾ ਵਾਤਾਵਰਣ ਇਸ ਪੰਛੀ ਲਈ ਬਹੁਤ ਅਨੁਕੂਲ ਹੈ। ਇਸ ਧਰਤੀ 'ਤੇ ਇਸ ਪੰਛੀ ਦੀਆਂ ਵੱਡੀਆਂ-ਵੱਡੀਆਂ ਬਸਤੀਆਂ ਵੇਖਣ ਨੂੰ ਮਿਲਦੀਆਂ ਹਨ। ਇਸ ਪੰਛੀ ਦੀਆਂ 21 ਪ੍ਰਜਾਤੀਆਂ ਇੱਥੇ ਨਿਵਾਸ ਕਰਦੀਆਂ ਹਨ। ਇਹ ਜ਼ਿਆਦਾਤਰ ਸਮਾਂ ਪਾਣੀ ਵਿਚ ਬਤੀਤ ਕਰਦਾ ਹੈ। ਇਸ ਤੋਂ ਇਲਾਵਾ ਇਸ ਸਥਾਨ 'ਤੇ ਨੀਲ ਵੇਲ੍ਹ ਵੀ ਆਮ ਵੇਖੀ ਜਾ ਸਕਦੀ ਹੈ। ਇਸ ਦਾ ਵਜ਼ਨ 100 ਟਨ ਦੇ ਲੱਗਭੱਗ ਹੁੰਦਾ ਹੈ। ਇਹ ਗਰਮ ਖੂਨ ਵਾਲਾ ਜੀਵ ਹੈ। ਜੀਵ ਵਿਗਿਆਨੀ ਇਸ ਨੂੰ ਥਣਧਾਰੀ ਜੀਵਾਂ ਦੀ ਸ਼੍ਰੇਣੀ ਵਿਚ ਰੱਖਦੇ ਹਨ ਅਤੇ ਵੱਡ-ਆਕਾਰੀ ਡਾਇਨਾਸੋਰਾਂ ਤੋਂ ਬਾਅਦ ਇਸ ਧਰਤੀ 'ਤੇ ਮਿਲਣ ਵਾਲਾ ਇਹ ਸਭ ਤੋਂ ਵੱਡਾ ਜੀਵ ਹੈ। ਇਸ ਤੋਂ ਬਾਅਦ ਇਸ ਦੀਪ 'ਤੇ ਕ੍ਰਿਲ, ਛੋਟੀਆਂ-ਛੋਟੀਆਂ ਮੱਛੀਆਂ, ਪਾਂਗਿਵਨ, ਸਕਵਿਡ ਅਤੇ ਸਮੁੰਦਰੀ ਚਿੜੀਆਂ ਆਦਿ ਜੀਵਾਂ ਦਾ ਨਾਂਅ ਆਉਂਦਾ। ਸਮੁੰਦਰੀ ਚਿੜੀਆਂ ਗਰਮੀ ਦੇ ਮੌਸਮ ਵਿਚ ਪ੍ਰਵਾਸ ਕਰਦੀਆਂ ਹਨ ਅਤੇ ਠੰਢੇ ਮੌਸਮ ਦੇ ਸ਼ੁਰੂ ਹੁੰਦਿਆਂ ਹੀ ਇਹ ਆਲੇ-ਦੁਆਲੇ ਦੇ ਦੀਪਾਂ ਅਤੇ ਪ੍ਰਾਇਦੀਪਾਂ ਵਿਚ ਚਲੀਆਂ ਜਾਂਦੀਆਂ ਹਨ।

ਧਰਤੀ 'ਤੇ ਵਾਪਰ ਰਹੀਆਂ ਜਲਵਾਯੂ ਤਬਦੀਲੀਆਂ ਨੇ ਇਸ ਖੂਬਸੂਰਤ ਮਹਾਂਦੀਪ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇੱਥੇ ਕਰੋੜਾਂ ਸਾਲਾਂ ਤੋਂ ਪਈ ਬਰਫ ਨੂੰ ਇਨ੍ਹਾਂ ਮੌਸਮੀ ਤਬਦੀਲੀਆਂ ਨੇ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਬਰਫ ਦੇ ਵੱਡੇ-ਵੱਡੇ ਗਲੇਸ਼ੀਅਰ ਪਿਘਲਣੇ ਸ਼ੁਰੂ ਹੋ ਗਏ ਹਨ, ਜਿਸ ਦਾ ਸਮੁੰਦਰੀ ਸਤ੍ਹਾ 'ਤੇ ਵਿਆਪਕ ਅਸਰ ਪਵੇਗਾ ਅਤੇ ਮਨੁੱਖ ਜਾਤੀ ਨੂੰ ਵੀ ਦੇਰ-ਸਵੇਰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੰਵੇਦਨਸ਼ੀਲ ਮਨ ਦੀਆਂ ਮਨੋਬਿਰਤੀਆਂ ਨੂੰ ਪੇਸ਼ ਕਰਦੀ ਕਵਿਤਾ

## ਤੂੰ ਇੱਕ ਦੀਵਾ ਬਣ

(ਕਾਵਿ ਸੰਗ੍ਰਹਿ)
**ਲਾਭ ਸਿੰਘ ਉਗੋਕੇ**
ਸਫੇ : 120, ਮੁੱਲ : 299 ਰੁਪਏ
ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ





**ਫੋਕਸ**

**ਚਰਚਾ ਇਕ ਪੁਸਤਕ ਦੀ**

**ਰਾਮਪਾਲ ਸ਼ਾਹਪੁਰੀ (ਡਾ.)**

ਲਾਭ ਸਿੰਘ ਉਗੋਕੇ ਕਾਵਿ ਸਫ਼ਰ 'ਤੇ ਤੁਰਿਆ ਨਵਾਂ ਸੰਵੇਦਨਸ਼ੀਲ ਕਵੀ ਹੈ, ਜਿਸ ਨੇ ਹੁਣੇ ਆਪਣੀ ਪੁਸਤਕ 'ਤੂੰ ਇੱਕ ਦੀਵਾ ਬਣ' ਨਾਲ਼ ਕਾਵਿਕ ਖੇਤਰ ਵਿੱਚ ਪੈਰ ਧਰਿਆ ਹੈ। ਸੰਵੇਦਨਸ਼ੀਲ ਹੋਣਾ ਇੱਕ ਕਵੀ ਅਤੇ ਸਧਾਰਨ ਵਿਅਕਤੀ ਦੇ ਜੀਵਨ ਦਾ ਖਾਸਾ ਹੈ, ਪਰ ਅੱਜ ਦੇ ਮਸ਼ੀਨੀ ਅਤੇ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਇਹ ਸੰਵੇਦਨਾ ਮਨੁੱਖ ਅੰਦਰੋਂ ਅਲੋਪ ਹੁੰਦੀ ਜਾ ਰਹੀ ਹੈ। ਮਨੁੱਖ ਦਾ ਸੰਵੇਦਨਸ਼ੀਲ ਹੋਣਾ ਹੀ ਉਸ ਨੂੰ ਹੋਰ ਜੀਵਾਂ ਦੀ ਤੁਲਨਾ ਵਿੱਚ ਖ਼ਾਸ ਬਣਾਉਂਦਾ ਹੈ। ਆਤਮ ਵਿਸ਼ਵਾਸ ਤੋਂ ਲੈ ਕੇ ਅੰਦਰੂਨੀ ਵਿਕਾਸ ਲਈ ਸੰਵੇਦਨਾ ਵਿਸ਼ੇਸ਼ ਮਹੱਤਵ ਰੱਖਦੀ ਹੈ। ਸਮਾਜਿਕ ਜੀਵਨ ਜਿਉਂਦਿਆਂ ਸੰਵੇਦਨਸ਼ੀਲਤਾ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਮਨੁੱਖ ਆਪਣੀਆਂ ਸਾਰੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ। ਜਿੱਥੇ ਸੰਵੇਦਨਾ ਹੁੰਦੀ ਹੈ, ਉੱਥੇ ਆਪਣੇ-ਪਰਾਏ ਦੇ ਫ਼ਰਕ ਮਿਟ ਜਾਂਦੇ ਹਨ। ਮਨੁੱਖ ਨੇ ਆਪਣੀ ਨੈਤਿਕਤਾ ਅਤੇ ਸੰਵੇਦਨਸ਼ੀਲਤਾ ਨੂੰ ਸਿਰਫ਼ ਇੱਕ ਦਾਇਰੇ ਤੱਕ ਸੀਮਤ ਕਰ ਰੱਖਿਆ ਹੈ, ਜਿਸ ਦੀ ਹੱਦ ਮਨੁੱਖ ਦੇ ਸਵਾਰਥ ਅਨੁਸਾਰ ਬਦਲਦੀ ਰਹਿੰਦੀ ਹੈ। ਲਾਭ ਸਿੰਘ ਉਗੋਕੇ ਦੀ ਇਹ ਪੁਸਤਕ ਸੰਵੇਦਨਸ਼ੀਲ ਮਨ ਦੀਆਂ ਮਨੋਬਿਰਤੀਆਂ ਦਾ ਪ੍ਰਗਟਾਅ ਹੈ।

ਇਸ ਪੁਸਤਕ ਦੀਆਂ ਬਹੁਤੀਆਂ ਕਵਿਤਾਵਾਂ ਪਰਿਵਾਰਿਕ ਰਿਸ਼ਤਿਆਂ ਦਾ ਥੀਮ ਸਿਰਜਦੀਆਂ ਹਨ। ਆਧੁਨਿਕ ਮਨੁੱਖ ਪਰਸਪਰ ਪਿੰਡ ਆਧਾਰਤ ਸਹਿਜ ਜੀਵਨ-ਚਾਲ ਵਿੱਚੋਂ ਨਿਕਲ ਕੇ ਸ਼ਹਿਰ ਅਧਾਰਿਤ ਨਿੱਤ ਨਵੇਂ ਬਣਦੇ ਅਨਿਸਚਿਤ, ਆਰਥਿਕ, ਸਮਾਜਿਕ ਅਤੇ ਮਾਨਸਿਕ ਰਿਸ਼ਤਿਆਂ ਦੇ ਜਾਲ਼ ਵਿੱਚ ਫ਼ਸ ਗਿਆ ਹੈ। ਇਹਨਾਂ ਕਵਿਤਾਵਾਂ ਵਿੱਚ ਕਵੀ ਇੱਕ ਡਰ ਦਾ ਜੀਵਨ ਜਿਉ ਰਿਹਾ ਹੈ। ਇਹ ਡਰ ਉਸ ਦੇ ਲਈ ਪਰੰਪਰਾ ਤੋਂ ਟੁੱਟ ਕੇ ਪੈਦਾ ਹੋਇਆ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਅਤੀਤ ਮੁਖੀ ਯਾਦਾਂ ਵਿੱਚੋਂ ਆਪਣੀਆਂ ਜੜ੍ਹਾਂ ਦੀ ਤਲਾਸ਼ ਵੀ ਕਰਦੀਆਂ ਹਨ। ਪਿੰਡ ਦੀ ਪੇਸ਼ਕਾਰੀ ਰਾਹੀਂ ਆਪਣੇ ਸੱਭਿਆਚਾਰ ਪ੍ਰਤੀ ਮੋਹ ਵੀ ਜਗਾਉਂਦੀਆਂ ਹਨ। ਕਵੀ ਅੰਦਰ ਬੇਗਾਨਗੀ ਅਤੇ ਹੇਰਵੇ ਦਾ ਅਹਿਸਾਸ ਏਨਾ ਡੂੰਘਾ ਤੇ ਏਨਾ ਸਹਿਜ ਹੈ ਕਿ ਉਹ ਦੁਖਾਂਤਿਕ ਦ੍ਰਿਸ਼ ਸਿਰਜਣ ਦੀ ਬਜਾਇ ਪਿੰਡ ਦਾ ਮੋਹ ਪਿੱਛੇ ਰਹਿ ਗਏ ਸੰਬੰਧੀਆਂ, ਯਾਰਾਂ/ਦੋਸਤਾਂ ਨਾਲ ਗੁਜ਼ਾਰੇ ਦਿਨਾਂ ਦਾ ਚਿਤਰਨ ਕਰਨ ਲੱਗਦਾ ਹੈ ।ਇਹਨਾਂ ਕਵਿਤਾਵਾਂ ਅੰਦਰ ਜਿੱਥੇ ਸੰਵੇਦਨਸ਼ੀਲ ਮਾਨਵ ਦੇ ਪਿੱਛੇ ਰਹਿ ਗਏ ਪਿੰਡ ਦਾ ਹੇਰਵਾ ਹੈ, ਉੱਥੇ ਉਸ ਦੀਆਂ ਸਿਮਰਤੀਆਂ ਵਿੱਚ ਪਿੰਡ ਦੇ ਛੋਟੇ-ਛੋਟੇ ਚਿੰਨ੍ਹ, ਰਿਸ਼ਤੇ ਅਤੇ ਯਾਦਾਂ ਦੀ ਲੜੀ ਬਣੇ ਹੋਏ ਹਨ ।ਪਿੰਡ ਉਸ ਦੇ ਅੰਦਰੋਂ ਸਿਮਰਤੀਆਂ ਦੀ ਕਿਰਨ ਵਾਂਗ ਫੁੱਟਦਾ ਹੈ। ਬੀਤ ਗਏ ਪਲ ਜਿਸ ਤਰ੍ਹਾਂ ਸਾਡੀਆਂ ਯਾਦਾਂ ਦਾ ਹਿੱਸਾ ਬਣ ਜਾਂਦੇ ਹਨ, ਉਸੇ ਤਰ੍ਹਾਂ ਕਵੀ ਜੋ ਪਹਿਲਾਂ ਪਿੰਡ ਵਿੱਚ ਵਸਦਾ ਸੀ, ਅੱਜ ਪਿੰਡ ਉਸ ਦੇ ਅੰਦਰ ਵਸਦਾ ਹੈ। ਬੇਸ਼ੱਕ ਉਸ ਨੇ ਪਿੰਡ ਛੱਡ ਦਿੱਤਾ ਹੈ, ਪਰ ਪਿੰਡ ਨੇ ਉਸ ਨੂੰ ਕਦੇ ਨਹੀਂ ਛੱਡਿਆ। ਕਿਸੇ ਅਭੁੱਲ ਯਾਦ ਵਾਂਗ ਪੁਸਤਕ ਦੀਆਂ ਕਵਿਤਾਵਾਂ ਦੇ ਆਬਾ ਮੰਡਲ ਵਿੱਚ ਪਸਰ ਗਿਆ ਹੈ। ਆਪਣੇ ਪਿੰਡ ਬਾਰੇ ਉਹ ਲਿਖਦਾ ਹੈ :-

ਚੱਲ ਛੱਡ ਮੁਕਾਈਏ
ਝਗੜਾ ਝੇੜਾ
ਹਾਕਾਂ ਮਾਰੇ
ਬੇਬੇ ਦਾ ਵੇਹੜਾ
ਸੁਰਗਾਂ ਵਾਂਗ ਲੱਗਦਾ ਸੀ
ਪਿੰਡ ਦੀ ਫਿਰਨੀ ਦਾ ਗੇੜਾ
ਵਸਦਾ ਰਹੇ
ਮੇਰਾ ਨਗਰ ਖੇੜਾ

ਪੂੰਜੀਵਾਦ ਦਾ ਪ੍ਰਭਾਵ ਮਨੁੱਖੀ ਸੋਚ 'ਤੇ ਗਹਿਰਾ ਪਿਆ ਹੈ।ਇਸ ਪ੍ਰਭਾਵ ਅਧੀਨ ਮਨੁੱਖੀ ਰਿਸ਼ਤਿਆਂ ਵਿੱਚੋਂ ਨਿੱਘ ਅਤੇ ਮੋਹ ਖ਼ਤਮ ਹੁੰਦਾ ਜਾ ਰਿਹਾ ਹੈ। ਪੈਸਾ ਅਤੇ ਸਵਾਰਥ ਪ੍ਰਮੁੱਖ ਹੋ ਗਿਆ ਹੈ। ਇਸ ਲਈ ਅੱਜ ਮਨੁੱਖੀ ਰਿਸ਼ਤਿਆਂ ਦੀ ਬੁਨਿਆਦ ਸਵਾਰਥ ਦੇ ਧਰਾਤਲ 'ਤੇ ਵਿਚਰਦੀ ਨਜ਼ਰ ਆ ਰਹੀ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਮਨੁੱਖੀ ਜੀਵਨ ਦੇ ਯਥਾਰਥ ਅਤੇ ਰਿਸ਼ਤਿਆਂ ਦਾ ਥੀਮ ਸਿਰਜ ਰਹੀਆਂ ਹਨ। ਕਵੀ ਇਹਨਾਂ ਕਵਿਤਾਵਾਂ ਵਿੱਚ ਅੰਤਰਮੁਖੀ ਯਾਦਾਂ ਅਤੇ ਘਟਨਾਵਾਂ ਦੇ ਮਾਧਿਅਮ ਰਾਹੀਂ ਆਪਣੀ ਮਾਂ, ਬਾਪ ਅਤੇ ਗੁਆਚੇ ਪਿਆਰ ਦੀ ਤਲਾਸ਼ ਕਰਦਿਆਂ ਆਪਣੇ ਅਸਤਿਤਵ ਨੂੰ ਇਨ੍ਹਾਂ ਰਿਸ਼ਤਿਆਂ ਨਾਲ ਜੋੜੀ ਰੱਖਣ ਲਈ ਤਤਪਰ ਹੈ। ਮਾਂ ਪ੍ਰਤੀ ਉਸ ਦਾ ਮੋਹ, ਪਿਤਾ ਪ੍ਰਤੀ ਸਤਿਕਾਰ ਦੀ ਭਾਵਨਾ ਉਸ ਦੇ ਸੰਵੇਦਨਸ਼ੀਲ ਮਨ ਦੀ ਸੁੱਚਤਾ ਦਾ ਪ੍ਰਗਟਾਵਾ ਕਰਦੇ ਹਨ ।ਭਾਵੇਂ ਦੁਨੀਆ ਦੀ ਹਰ ਮਾਂ ਆਪਣੇ ਬੱਚਿਆਂ ਲਈ ਨਕਸ਼-ਘਾੜਾ ਹੁੰਦੀ ਹੈ, ਪਰ ਜਦੋਂ ਨਕਸ਼ ਘੜਨ ਲਈ ਮਾਂ ਨੂੰ ਅਸਹਿ ਕਸ਼ਟ ਝੱਲਣੇ ਪੈਣ ਤਾਂ ਫਿਰ ਨਕਸ਼-ਘਾੜਾ ਮਾਂ ਸਿਰਫ਼ ਮਾਂ ਨਹੀਂ ਰਹਿੰਦੀ । ਮਾਂ ਸਿਰਜਣਾ ਦੀ ਦੇਵੀ ਬਣ ਜਾਂਦੀ ਹੈ, ਜਿਸ ਨੇ ਬੱਚੇ ਦੇ ਜੀਵਨ ਨੂੰ ਵੱਖਰੇ ਰੰਗਾਂ ਨਾਲ਼ ਉਗਾੜਨ ਦਾ ਜਿੰਮਾ ਆਪਣੇ ਸਿਰ ਲਿਆ ਹੁੰਦਾ ਹੈ। ਭਾਵੇਂ ਕਵੀ ਅੱਜ ਸ਼ੋਹਰਤ ਦੀਆਂ ਬੁਲੰਦੀਆਂ ਛੋਹ ਰਿਹਾ ਹੈ, ਪਰ ਮਾਂ ਦੀਆਂ ਦੁਸ਼ਵਾਰੀਆਂ ਦਾ ਚੇਤਾ ਉਸ ਨੇ ਆਪਣੇ ਮਨੋ ਨਹੀਂ ਵਿਸਾਰਿਆ, ਉਹ ਲਿਖਦਾ ਹੈ—

ਆਪਣੇ ਪੈਰੀਂ ਬੇਸ਼ੱਕ ਉਸ ਦੇ
ਘਸੀਆਂ ਚੱਪਲਾਂ ਦਾ ਜੋੜਾ ਹੀ ਦੇਖਿਆ
ਮੈਂ ਆਪਣੇ ਲਈ ਕਦੇ ਨਾ
ਕਿਸੇ ਚੀਜ਼ ਦਾ ਤੋੜਾ ਦੇਖਿਆ।

ਆਪਣੀ ਮਾਂ ਵਾਂਗ ਉਹ ਆਪਣੇ ਬਾਪ ਪ੍ਰਤੀ ਵੀ ਬੜਾ ਮੋਹ ਰੱਖਦਾ ਹੈ। ਕਵੀ ਦੀਆਂ ਕਵਿਤਾਵਾਂ ਵਿੱਚ ਉਸ ਦੇ ਬਾਪੂ ਦਾ ਜ਼ਿਕਰ ਵਾਰ-ਵਾਰ ਆਇਆ ਹੈ। ਉਹ ਜਾਣਦਾ ਹੈ ਕਿ ਇੱਕ ਪਿਤਾ ਦਾ ਪੁੱਤਰ ਦੀ ਜ਼ਿੰਦਗੀ ਨੂੰ ਸੇਧ ਦੇਣ, ਉਸ ਦਾ ਵਿਅਕਤਿਤਵ ਸਿਰਜਣ ਵਿੱਚ ਅਹਿਮ ਰੋਲ ਹੁੰਦਾ ਹੈ। ਕਵੀ ਦੀ ਸੋਚ ਦੇ ਸਮੁੱਚ ਵਿੱਚੋਂ ਉਸ ਦੇ ਬਾਪੂ ਨੂੰ ਪ੍ਰਮੁੱਖ ਰੂਪ ਵਿੱਚ ਪੁਸਤਕ ਦੇ ਪੰਨਿਆਂ 'ਤੇ ਅਨੇਕਾਂ ਵਾਰ ਦੇਖਿਆ ਜਾ ਸਕਦਾ ਹੈ, ਉਹ ਆਪਣੇ ਬਾਪੂ ਨੂੰ ਯਾਦ ਕਰਦਾ ਲਿਖਦਾ ਹੈ :

ਬਾਪੂ ਦੀ ਸਿਰ 'ਤੇ ਛਾਂ ਨਾ ਰਹੀ
ਹੁਣ ਤਾਂ ਰੁੱਖਾਂ ਦੀ ਛਾਂ ਵੀ ਸਾੜੇ
ਕਦੇ ਨਾ ਪੂਰੇ ਜਾਣੇ ਮੈਥੋਂ
ਬਾਪੂ ਨਾਲ਼ ਜੋ ਪੈ ਗਏ ਪਾੜੇ।

ਜੀਵਨ ਸੰਪਰਦਾਇ ਦਾ ਮਹੱਤਵ ਸਮਝਣ ਅਤੇ ਇਸ ਨੂੰ ਸਾਰਥਕ ਕਰਨ ਲਈ ਆਤਮ ਬੋਧ ਦਾ ਹੋਣਾ ਜ਼ਰੂਰੀ ਹੈ। ਆਤਮ ਬੋਧ ਦਾ ਲਫ਼ਜ਼ੀ ਮਤਲਬ ਹੈ ਖੁਦ ਦੀ ਸੋਝੀ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਆਪਣੀਆਂ ਭਾਵਨਾਵਾਂ, ਅਹਿਸਾਸਾਂ, ਫਰਜ਼ਾਂ, ਸਮਰਥਾਵਾਂ ਅਤੇ ਕਮਜ਼ੋਰੀਆਂ ਆਦਿ ਦਾ ਸਪੱਸ਼ਟ ਗਿਆਨ। ਮਨੁੱਖ ਹੀ ਅਜਿਹਾ ਪ੍ਰਾਣੀ ਹੈ, ਜੋ ਆਤਮ ਗਿਆਨ ਦੇ ਅਹਿਸਾਸ ਰਾਹੀਂ ਜੀਵਨ ਵਿਚਲੀਆਂ ਕਠਿਨ ਪਰਿਸਥਿਤੀਆਂ ਨੂੰ ਸੁਖਦਾਈ ਪਲਾਂ ਵਿੱਚ ਤਬਦੀਲ ਕਰ ਸਕਦਾ ਹੈ। ਆਤਮ ਮੰਥਨ ਦੀ ਸੋਝੀ ਮਨੁੱਖ ਅੰਦਰ ਤਾਂ ਹੀ ਆ ਸਕਦੀ ਹੈ, ਜੇਕਰ ਉਸ ਦੇ ਕੋਲ਼ ਅੱਖਰਾਂ ਦਾ ਗਿਆਨ ਹੈ। ਕਵੀ ਦੀ ਸੰਵੇਦਨਾ ਇਸ ਵਿਚਾਰਧਾਈ ਸੱਚ ਤੋਂ ਭਲੀ-ਭਾਂਤ ਜਾਣੂ ਹੈ। ਅੱਖਰਾਂ ਦੇ ਮਨੁੱਖੀ ਜੀਵਨ ਵਿੱਚ ਮਹੱਤਵ ਨੂੰ ਸਮਝਦਿਆਂ ਉਹ ਅੱਖਰਾਂ ਬਾਰੇ ਲਿਖਦਾ ਹੈ :

ਇਹ ਜੋ ਕਾਲ਼ੇ ਅੱਖਰ ਨੇ
ਤੇਰੀ ਜ਼ਿੰਦਗੀ ਨੂੰ ਰੁਸ਼ਨਾ ਸਕਦੇ ਨੇ....
ਘੁੱਪ ਹਨੇਰੇ 'ਚ ਰਸਤਾ ਦਿਖਾ ਸਕਦੇ ਨੇ ....
ਤੇਰੇ ਅੰਦਰ ਦੇ ਅੰਧਕਾਰ ਨੂੰ
ਮਿਟਾ ਸਕਦੇ ਨੇ....
ਤੇਰੇ ਦਿਮਾਗ਼ ਦੀ ਤਾਕਤ ਵਧਾ
ਸਕਦੇ ਨੇ।

ਅੱਜ ਦੇ ਸਮੇਂ ਵਿੱਚ ਜਿੱਥੇ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਦੂਰ ਹੋ ਰਹੀ ਹੈ, ਉੱਥੇ ਕਵੀ ਦੇ ਪਲੇਠੇ ਬੋਲ ਕਿਤਾਬਾਂ ਪ੍ਰਤੀ ਬੜੇ ਸੁੱਖਦਾਈ ਅਹਿਸਾਸ ਲੈ ਕੇ ਹਾਜ਼ਰ ਹੋਏ ਹਨ। ਪੁਸਤਕ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਕਿਤਾਬਾਂ ਬਾਰੇ ਹਨ। ਇਹਨਾਂ ਕਵਿਤਾਵਾਂ ਵਿੱਚ ਕਵੀ ਦੇ ਬੋਲ ਗਹਿਰੇ ਭਾਵ ਬੋਧ ਵਾਲ਼ੇ ਹਨ। ਉਸ ਨੂੰ ਇਲਮ ਹੈ ਕਿ ਕਿਤਾਬਾਂ ਮਨੁੱਖੀ ਜੀਵਨ ਨੂੰ ਖ਼ੂਬਸੂਰਤ ਹੀ ਨਹੀਂ ਬਣਾਉਂਦੀਆਂ, ਸਗੋਂ ਗਿਆਨਵਾਨ ਅਤੇ ਵਿਚਾਰਾਂ ਵਾਲ਼ਾ ਵੀ ਬਣਾਉਂਦੀਆਂ ਹਨ। ਇਹ ਕਿਤਾਬਾਂ ਹੀ ਹਨ, ਜੋ ਮਨੁੱਖ ਨੂੰ ਭੌਤਿਕ ਅਤੇ ਸਮਾਜਿਕ ਜਗਤ ਵਿੱਚ ਆਪਣੇ ਆਪ ਨੂੰ ਸਮਝਣ ਦੇ ਸਮਰੱਥ ਬਣਾਉਂਦੀਆਂ ਹਨ। ਇਸੇ ਲਈ ਥਾਮਸ ਕਾਰਲਾਇਲ ਕਹਿੰਦਾ ਹੈ, 'ਮਨੁੱਖ ਨੇ ਜੋ ਕੁਝ ਸੋਚਿਆ ਅਤੇ ਹਾਸਿਲ ਕੀਤਾ ਹੈ, ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ।' ਵਿਚਾਰ ਅਧੀਨ ਪੁਸਤਕ ਅੰਦਰ ਕਿਤਾਬਾਂ ਪ੍ਰਤੀ ਚੇਤਨਾ ਬੜੀ ਗਹਿਰੀ ਹੈ:

ਇਸ ਦੇ ਅੰਦਰ ਭਰਿਆ ਹੈ
ਗਿਆਨ ਦਾ ਸੰਦੂਕ
ਇਸ ਦੇ ਅੱਗੇ ਡਿੱਗ ਪੈਂਦੀ ਹੈ
ਲੋਹੇ ਦੀ ਬੰਦੂਕ ।

ਕਵੀ ਦੇ ਅੰਦਰ ਅਸੀਮ ਸੰਭਾਵਨਾਵਾਂ ਨਜ਼ਰੀਂ ਪੈਂਦੀਆਂ ਹਨ। ਇਹ ਸੰਭਾਵਨਾਵਾਂ ਵਿੱਚ ਹੀ ਉਸ ਦੀਆਂ ਕਵਿਤਾਵਾਂ ਦੇ ਮਜੀਠ ਹੋਣ ਦਾ ਰੰਗ ਛੁਪਿਆ ਹੋਇਆ ਹੈ। ਕਿਤੇ-ਕਿਤੇ ਉਸ ਦੀ ਕਵਿਤਾ ਵਿੱਚ ਬੜੇ ਉੱਚੇ ਖਿਆਲਾਂ ਦੀਆਂ ਤਸਬੀਹਾਂ ਨਜ਼ਰ ਪੈਂਦੀਆਂ ਹਨ।ਉਹ ਬੜੇ ਸਾਦੇ ਅਤੇ ਸਪੱਸ਼ਟ ਲਫਜ਼ਾਂ ਵਿੱਚ ਆਪਣੀ ਗੱਲ ਕਹਿੰਦਾ ਹੈ :

ਬੁੱਲ੍ਹਾਂ ਦੀ ਚੁੱਪ
ਦੁਪਹਿਰ ਦੀ ਧੁੱਪ
ਜ਼ਿਆਦਾ ਦੇਰ ਤੱਕ ਨਹੀਂ ਰਹਿੰਦੀ
ਚੰਨ ਦੀ ਚਾਨਣੀ, ਤਾਰਿਆਂ ਦੀ ਲੋਅ
ਕਦੇ ਬਨੇਰਿਆਂ 'ਤੇ ਨਹੀਂ ਬਹਿੰਦੀ ।

ਇਹ ਕਵਿਤਾ ਦਾ ਵਿਚਾਰਆਤਮਿਕ ਧੁਰਾ ਅਨੰਤ ਸਾਲਾਂ ਅਤੇ ਸਦੀਆਂ ਦੇ ਵਕਫੇ ਨਾਲ਼ ਜੁੜਿਆ ਹੋਇਆ ਹੈ।ਅਨੰਤ ਸਾਲਾਂ ਤੋਂ ਜੀਵਨ ਇਸੇ ਤੋਂ ਤੁਰਿਆ ਹੋਇਆ ਹੈ। ਅਨੰਤ ਸਾਲਾਂ ਤੋਂ ਇਹ ਵਰਤਾਰਾ ਬੜੀ ਸਹਿਜ ਅਵਸਥਾ ਵਿੱਚ ਹੈ, ਪਰ ਟਿਕਾਊ ਨਹੀਂ, ਨਾ ਹੀ ਬੁੱਲ੍ਹਾਂ ਦੀ ਚੁੱਪ ਵਿੱਚ ਏਨਾ ਸਬਰ ਹੈ ਕਿ ਉਹ ਮੋਨ ਅਵਸਥਾ ਵਿੱਚ ਰਹੇ, ਨਾ ਹੀ ਦੁਪਹਿਰ ਦੀ ਧੁੱਪ ਆਪਣੇ ਆਪ ਨੂੰ ਸਥਿਰ ਰੱਖ ਸਕਦੀ ਹੈ, ਨਾ ਹੀ ਹਮੇਸ਼ਾ ਵਾਸਤੇ ਚੰਨ ਦੀ ਚਾਨਣੀ ਤੇ ਤਾਰਿਆਂ ਦੀ ਲੋਅ ਬਨੇਰਿਆਂ 'ਤੇ ਬਹਿ ਸਕਦੀ ਹੈ। ਇਹ ਕਵਿਤਾ ਵਿੱਚ ਕਵੀ ਦੀ ਚੇਤਨਾ ਆਪਣੀ ਚਰਮ ਸੀਮਾ 'ਤੇ ਹੈ, ਜੋ ਉਸ ਦੀ ਕਵਿਤਾ ਨੂੰ ਵਿਚਾਰ-ਗੋਚਰਾ ਬਣਾਉਂਦੀ ਹੈ।

ਬੰਦਾ ਸਵੈ ਦੇ ਨਾਲ਼-ਨਾਲ਼ ਸਮੁੱਚ ਵਿੱਚ ਵੀ ਜਿਉਂਦਾ ਹੈ। ਸਮੁੱਚ ਵਿੱਚ ਅਣਜਾਣ ਲੋਕ ਵੀ ਸ਼ਾਮਿਲ ਹੁੰਦੇ ਹਨ, ਨਜ਼ਦੀਕੀ ਅਤੇ ਅਤਿ-ਨਜ਼ਦੀਕੀ ਲੋਕ ਵੀ, ਜਿਨ੍ਹਾਂ ਦੀ ਹੋਂਦ ਅਤੇ ਅਣਹੋਂਦ ਬੰਦੇ ਦੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਇਹ ਸਕੇ-ਸੰਬੰਧੀ ਸਾਡੇ ਪਾਸ ਹੁੰਦੇ ਹਨ, ਸਾਡੇ ਜੀਵਨ ਦੇ ਅੰਗ-ਸੰਗ ਹੁੰਦੇ ਹਨ ਤਾਂ ਅਸੀਂ ਖ਼ੁਸ਼ ਵੀ ਰਹਿੰਦੇ ਹਾਂ, ਜੀਵਨ ਵਿੱਚ ਅੱਗੇ ਵੀ ਵਧਦੇ ਹਾਂ ਅਤੇ ਤਰੱਕੀ ਵੀ ਕਰਦੇ ਹਾਂ, ਪਰ ਜਦੋਂ ਇਹ ਆਪਣੇ ਸਾਡੇ ਤੋਂ ਦੂਰ ਹੁੰਦੇ ਹਨ ਤਾਂ ਜ਼ਿੰਦਗੀ ਬੋਝ ਵੀ ਲੱਗਦੀ ਹੈ ਅਤੇ ਅਸੀਂ ਸੁੰਨਾਪਣ ਵੀ ਮਹਿਸੂਸ ਕਰਦੇ ਹਾਂ। ਇਹ ਪੁਸਤਕ ਵਿੱਚ ਕਵੀ ਨੇ ਇਸ ਖ਼ਿਆਲ ਨੂੰ ਬੜੀ ਖ਼ੂਬਸੂਰਤੀ ਨਾਲ਼ ਪੇਸ਼ ਕੀਤਾ ਹੈ :

ਤੇਰੇ ਹੋਣ ਜਾਂ ਨਾ ਹੋਣ ਨਾਲ਼ ਫ਼ਰਕ ਤਾਂ ਪੈਂਦਾ ਹੈ
ਜਿਵੇਂ ਉਡੀਕ ਹੁੰਦੀ ਹੈ ਹਨੇਰਿਆਂ ਨੂੰ ਪ੍ਰਭਾਤਾਂ ਦੀ
ਔੜਾਂ ਮਾਰੀ ਧਰਤੀ ਨੂੰ ਬਰਸਾਤਾਂ ਦੀ
ਪੱਤਝੜ ਪਿੱਛੋਂ ਫੁੱਲਾਂ ਦੀਆਂ ਸੌਗਾਤਾਂ ਦੀ
ਤੇਰੇ ਹੋਣ ਜਾਂ ਨਾ ਹੋਣ ਨਾਲ਼ ਫ਼ਰਕ ਤਾਂ ਜ਼ਰੂਰ ਪੈਂਦਾ ਹੈ

ਮਨੁੱਖੀ ਜੀਵਨ ਅਣ-ਕਿਆਸੀਆਂ ਘਟਨਾਵਾਂ ਨਾਲ਼ ਭਰਪੂਰ ਹੈ, ਜਿੱਥੇ ਸਫ਼ਲਤਾ ਅਤੇ ਅਸਫ਼ਲਤਾ, ਸੁੱਖ ਅਤੇ ਦੁੱਖ, ਉਥਾਨ ਅਤੇ ਪਤਨ ਦਾ ਚੱਕਰ ਚਲਦਾ ਰਹਿੰਦਾ ਹੈ। ਜੇਕਰ ਵਿਅਕਤੀ ਨਾਕਰਾਤਮਿਕ ਸੋਚ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਦੀ ਚੇਤਨਾ ਨਕਾਰਾ ਹੋਣ ਲੱਗਦੀ ਹੈ ਤੇ ਉਹ ਹਾਰ ਨੂੰ ਅੰਤਮ ਸੱਚ ਤਸੱਵਰ ਕਰ ਲੈਂਦਾ ਹੈ।ਇਸ ਦੇ ਉਲਟ ਆਸ਼ਾਵਾਦ ਵਿਅਕਤੀ ਨੂੰ ਹਰ ਮੁਸ਼ਕਲ ਵਿੱਚ ਨਵਾਂ ਰਸਤਾ ਦਿਖਾਉਂਦਾ ਹੈ। ਇਸੇ ਲਈ ਅਮਰੀਕਨ ਵਿਦਵਾਨ ਹੈਲਨ ਕੇਲਰ ਲਿਖਦਾ ਹੈ, 'ਆਸ਼ਾਵਾਦ ਉਹ ਵਿਸ਼ਵਾਸ ਹੈ, ਜੋ ਮਨੁੱਖ ਨੂੰ ਪ੍ਰਾਪਤੀ ਵੱਲ ਲੈ ਕੇ ਜਾਂਦਾ ਹੈ।' ਇਸ ਵਿਚਾਰ ਅਧੀਨ ਪੁਸਤਕ ਦਾ ਕਵੀ ਨਿਰਾਸ਼ ਨਹੀਂ, ਉਸ ਦੇ ਅੰਦਰ ਇੱਕ ਆਸ਼ਾਵਾਦੀ ਚਿਣਗ ਹੈ, ਜੋ ਉਸ ਨੂੰ ਹਾਂ-ਪੱਖੀ ਊਰਜਾ ਪ੍ਰਦਾਨ ਕਰਦੀ ਹੈ, ਉਹ ਲਿਖਦਾ ਹੈ—

ਮੁੱਕਣ ਨਾ ਦਿਓ
ਆਪਣੇ ਅਲਫਾਜ਼ਾਂ ਨੂੰ
ਦਬਣ ਨਾ ਦਿਓ ਆਪਣੇ
ਦਿਲ ਦੇ ਜਜ਼ਬਾਤਾਂ ਨੂੰ
ਦਿਲ 'ਤੇ ਨਾ ਲਾ ਲੈਣਾ
ਕਿਸੇ ਕਮਲੇ ਦੀਆਂ ਬਾਤਾਂ ਨੂੰ
ਸੂਰਜ ਦੀ ਬਸ ਇਕ ਕਿਰਨ ਨੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪੁਰਾਣੇ ਸੱਭਿਆਚਾਰ ਦਾ ਪ੍ਰਵਚਨ


## ਉਦਰੇਵਾਂ

(ਵਾਰਤਕ)
**ਗੁਰਦੇਵ ਸਿੰਘ ਬਰਾੜ**
ਸਫੇ-164, ਕੀਮਤ-300 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

'ਉਦਰੇਵਾਂ' ਗੁਰਦੇਵ ਸਿੰਘ ਬਰਾੜ ਦੀ ਸੰਸਮਰਨ ਦੀ ਝਲਕ ਦਿੰਦੀ ਵਾਰਤਕ ਪੁਸਤਕ ਹੈ। ਇਸ ਤੋਂ ਪਹਿਲਾਂ ਲੇਖਕ ਦੇ 'ਮੇਰੇ ਪਿੰਡ ਦੀ ਮਿੱਟੀ' (ਵਾਰਤਕ ਪੁਸਤਕ) 'ਕੈਨੇਡੀਅਨ ਬੱਈਆਣੀ' (ਨਾਵਲ), ਸੋਵੀਨੀਅਰ 1996, 1997,1999 ਤੇ 2011 ਪ੍ਰਕਾਸ਼ਿਤ ਹੋ ਚੁੱਕੇ ਹਨ। ਖ਼ੂਬਸੂਰਤ ਸਰਵਰਕ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਨੂੰ ਲੇਖਕ ਨੇ ਪਿੰਡ ਆਲਮਵਾਲੇ ਦੇ ਪੁਰਾਣੇ ਪਹਿਲਵਾਨ ਬਾਬਾ ਆਲਮ ਸਿੰਘ, ਬਾਬਾ ਸੰਗਤ ਸਿੰਘ, ਆਪਣੇ ਦਾਦੇ-ਪੜਦਾਦੇ, ਪਿਤਾ ਅਵਤਾਰ ਸਿੰਘ ਜੀ, ਮਾਤਾ ਹਰਬੰਸ ਕੌਰ ਤੇ ਆਪਣੇ ਨਾਲ ਖੇਡਦੇ ਕਬੱਡੀ ਖਿਡਾਰੀ ਦਾਦਾ ਲੱਖੋ (ਕਪੂਰੇ) ਤੇ ਮਾਸਟਰ (ਡੀ.ਪੀ.) ਫੰਗਣ ਸਿੰਘ ਅਤੇ ਨਛੱਤਰ ਸਿੰਘ ਸੂਬੇਦਾਰ (ਜਿਨ੍ਹਾਂ ਨੇ ਪਿੰਡ ਦਾ ਨਕਸ਼ਾ ਤਿਆਰ ਕੀਤਾ, ਨੂੰ ਸਮਰਪਿਤ ਕੀਤੀ ਹੈ। ਪੁਸਤਕ ਉਹਨਾਂ ਦੀ ਯਾਦ ਨੂੰ ਹੀ ਸਮਰਪਿਤ ਹੈ। ਪੁਸਤਕ ਦੇ ਆਰੰਭ ਵਿੱਚ ਗੁਰਦੇਵ ਸਿੰਘ ਬਰਾੜ ਨੇ ਪੁਸਤਕ ਦੇ ਬਾਰੇ ਆਪਣੇ ਵਿਚਾਰ, ਆਪਣੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਹੈ ਤੇ ਨਾਲ ਹੀ ਪੁਸਤਕ ਲਈ ਵਿਸ਼ੇਸ਼ ਸਨਮਾਨ ਸਿਰਫ਼ ਸਰਦਾਰ ਜੋਗਿੰਦਰ ਸਿੰਘ ਸਿੱਧੂ ਤੇ ਸਵਰਗਵਾਸੀ ਸਰਦਾਰਨੀ ਬਸੰਤ ਕੌਰ ਸਿੱਧੂ ਨੂੰ ਦਿੱਤਾ ਹੈ। ਪੁਸਤਕ ਵਿੱਚ ਕੁੱਲ 19 ਲੇਖ ਹਨ। ਪਹਿਲਾ ਲੇਖ 'ਪਹਿਲਵਾਨੀ' ਵਿੱਚ ਪਿੰਡ ਆਲਮਵਾਲਾ ਕਲਾਂ ਦੇ ਅਣ-ਸੁਖਾਵੇਂ ਹਾਲਾਤ ਵਿੱਚ ਬੱਝਣ ਬਾਰੇ ਗੱਲ ਕੀਤੀ ਹੈ। ਇਸ ਤੋਂ ਬਾਅਦ ਲੇਖਕ ਨੇ ਪੁਰਾਣੇ ਜ਼ਮਾਨੇ ਵਿੱਚ ਪੈਣ ਵਾਲੀਆਂ ਛਿੰਝਾਂ ਤੇ ਪਿੰਡ ਆਲਮਵਾਲੇ ਵਿੱਚ ਹੋਣ ਵਾਲੇ ਪਹਿਲਵਾਨਾਂ ਨੂੰ ਯਾਦ ਕੀਤਾ ਹੈ। ਪੂਰੇ ਲੇਖ ਵਿੱਚ ਪਹਿਲਵਾਨੀ ਕਿੱਤੇ ਨਾਲ ਜੁੜੇ ਆਲਮ ਵਾਲੇ ਦੇ ਪਹਿਲਵਾਨਾਂ ਨੂੰ ਫੋਕਸ ਕੀਤਾ ਹੈ, ਜੋ ਬਾਅਦ ਵਿੱਚ ਬਾਹਰਲੇ ਮੁਲਕਾਂ ਵਿੱਚ ਜਾ ਕੇ ਵੱਸ ਗਏ। ਅਗਲੇ ਲੇਖ 'ਰੀਤੀ-ਰਿਵਾਜ' ਤਿੰਨ ਭਾਗਾਂ ਵਿੱਚ ਵੰਡਿਆ ਹੈ, ਜਿਸ ਵਿੱਚ ਜਨਮ, ਵਿਆਹ ਤੇ ਮੌਤ ਨਾਲ ਜੁੜੇ ਹੋਏ ਰੀਤੀ-ਰਿਵਾਜਾਂ ਬਾਰੇ ਬੜੇ ਵਿਸਥਾਰ ਨਾਲ ਦੱਸਿਆ ਗਿਆ ਹੈ। 'ਸੁਪਾਰੀ' ਸ਼ਬਦ ਦੇ ਵੱਖ-ਵੱਖ ਮਤਲਬ ਦੱਸਦਿਆਂ ਹੋਇਆਂ ਉਦਾਹਰਣਾਂ ਸਹਿਤ ਜਾਣਕਾਰੀ ਦਿੱਤੀ ਹੈ। 'ਕਬਾੜੀਆ' ਲੇਖ ਵਿੱਚ ਲੇਖਕ ਦੱਸਦਾ ਹੈ ਕਿ ਕਿਵੇਂ ਕੋਈ ਕਿੱਤਾ ਜਦੋਂ ਕਿਸੇ ਪਰਵਾਰ ਨੂੰ ਬੁਲੰਦ ਕਰ ਦਿੰਦਾ ਹੈ, ਉਸੇ ਹੀ ਕਿੱਤੇ ਦੀ ਅੱਲ ਪੈਣ ਕਾਰਨ ਅਗਲੀ ਪੀੜ੍ਹੀ ਕਿੰਨੀ ਹੇਠੀ ਮਹਿਸੂਸ ਕਰਦੀ ਹੈ। 'ਤਖਤੀਆਂ ਤੋਂ ਤਖਤ ਤੱਕ' ਲੇਖ ਵਿੱਚ ਬਾਰ, ਬਾਰੀਆਂ, ਤਖਤੀਆਂ, ਤਖਤੇ, ਚੌਂਕੀ ਤਖਤਪੋਸ਼, ਬਾਦਸ਼ਾਹੀ ਤਖਤ, ਅਕਾਲ ਤਖ਼ਤ ਬਾਰੇ ਬਹੁਤ ਡੂੰਘੀਆਂ ਗੱਲਾਂ ਕੀਤੀਆਂ ਹਨ।



'ਰਿਕਸ਼ਾ' ਲੇਖ ਵਿੱਚ ਸਾਈਕਲ ਤੋਂ ਲੈ ਕੇ ਈ-ਰਿਕਸ਼ਾ ਤੱਕ ਦੇ ਸਫ਼ਰ ਬਾਰੇ ਗੁਰਦੇਵ ਸਿੰਘ ਬਰਾੜ ਨੇ ਜਾਣਕਾਰੀ ਮੁਹੱਈਆ ਕਰਾਈ ਹੈ। 'ਚੁਟਕੀ' ਲੇਖ ਵਿੱਚ ਆਪਣੇ ਜੀਵਨ ਵਿੱਚ ਯਾਦ ਆਉਣ ਵਾਲੀਆਂ ਚੁਟਕੀਆਂ ਦੀ ਗੱਲ ਸਾਂਝੀ ਕੀਤੀ ਹੈ। ਇਸੇ ਤਰ੍ਹਾਂ ਅਗਲੇ ਲੇਖਾਂ ਵਿੱਚ ਪਿਆਜ਼, ਕਪੂਰਿਆਂ ਦਾ ਮੇਲਾ, ਝੰਡ ਦੀ ਗੱਲ ਕਰਦੇ ਹੋਏ 'ਮੋਹ ਦੀਆਂ ਤੰਦਾਂ' ਬਾਰੇ ਬਾਤ ਪਾਉਂਦਾ ਹੋਇਆ ਲੇਖਕ ਦੱਸਦਾ ਹੈ ਕਿ ਇੱਕੋ ਪੇਟ ਤੋਂ ਜੰਮਿਆਂ ਨਾਲੋਂ ਜਾਨਵਰ ਜ਼ਿਆਦਾ ਮੋਹ ਕਰਦੇ ਹਨ। ਉਹ ਆਪਣੇ ਨਾਲ ਮੋਹ ਕਰਨ ਵਾਲੀਆਂ ਘੁੱਗੀਆਂ ਦੀ ਕਹਾਣੀ ਕਰਦਾ ਹੈ, ਜੋ ਪਿਛਲਾ ਕੋਈ ਸੰਬੰਧ ਹੋਣ ਕਾਰਨ ਉਸ ਦਾ ਸਾਥ ਨਹੀਂ ਸਨ ਛੱਡਦੀਆਂ। ਅਗਲੇ ਲੇਖ 'ਕੰਡਾ ਬਨਾਮ ਕੁੰਡਾ' ਵਿਚ ਕੰਡੇ ਤੇ ਕੁੰਡੇ ਦੇ ਵੱਖ-ਵੱਖ ਅਰਥਾਂ ਨੂੰ ਪਾਠਕਾਂ ਦੇ ਸਾਹਮਣੇ ਰੱਖਦਾ ਉਪਰੰਤ ਮਗਜ਼ ਵਿਸ਼ੇ ਉੱਤੇ ਵਿਅੰਗ ਪਾਠਕਾਂ ਦੇ ਮਗਜ਼ ਵਿੱਚ ਪਾਉਂਦਾ ਹੈ। 'ਨਿਰ-ਮੋਹ' ਲੇਖ ਵਿੱਚ ਨਿਰਮੋਹ ਦੀਆਂ ਵੱਟਾਂ ਢਾਹੁਣ ਦਾ ਹੋਕਾ ਦਿੰਦਾ ਹੈ, ਨਾਲ ਹੀ ਦੱਸਦਾ ਹੈ ਕਿ ਮੋਹ ਕਰਨ ਨਾਲ ਸਾਡੇ ਸਰੀਰ ਵਿੱਚ ਹਾਂ-ਪੱਖੀ ਸੈੱਲ ਕੰਮ ਕਰਨਾ ਸ਼ੁਰੂ ਹੋ ਜਾਂਦੇ ਹਨ। ਸਾਡਾ ਚਿੜਚਿੜਾਪਣ ਦੂਰ ਹੁੰਦਾ ਹੈ ਤੇ ਅਸੀਂ ਹਮੇਸ਼ਾ ਤੰਦਰੁਸਤ ਰਹਿੰਦੇ ਹਾਂ। ਇਸ ਲਈ ਸਾਨੂੰ ਨਿਰਮੋਹੇ ਨਾ ਹੋ ਕੇ ਹਰ ਇੱਕ ਨਾਲ ਮੋਹ ਕਰਨ ਦੀ ਆਦਤ ਬਣਾਉਣੀ ਚਾਹੀਦੀ ਹੈ। 'ਛੱਜ ਬਨਾਮ ਛਾਨਣੀ' ਲੇਖ ਵਿੱਚ ਵੀ ਉਹ ਬਹੁਤ ਹੀ ਖ਼ੂਬਸੂਰਤੀ ਦੇ ਨਾਲ ਛੱਜ ਦੀ ਫਿਤਰਤ ਬਾਰੇ ਦੱਸਦਾ ਹੈ, ਜੋ ਅਨਾਜ ਦੇ ਦਾਣੇ ਚੰਗੇ ਆਪਣੇ ਕੋਲ ਰੱਖ ਲੈਂਦਾ ਹੈ ਤੇ ਬੇਕਾਰ, ਖੋਖਲੇ ਤੇ ਮਿੱਟੀ ਘੱਟੇ ਨੂੰ ਬਾਹਰ ਸੁੱਟ ਦਿੰਦਾ ਹੈ। ਉਹ ਮਨੁੱਖ ਨੂੰ ਵੀ ਇਸ ਵਿਧੀ ਨੂੰ ਅਪਣਾਉਣ ਦੀ ਗੱਲ ਕਰਦਾ ਹੈ ਕਿ ਉਹ ਚੰਗੀਆਂ ਗੱਲਾਂ ਨੂੰ ਗ੍ਰਹਿਣ ਕਰੇ ਤੇ ਬੁਰੀਆਂ, ਮਾੜੀਆਂ ਤੇ ਭੈੜੀਆਂ ਆਦਤਾਂ ਨੂੰ ਮਗਰੋਂ ਲਾਹ ਲਵੇ। ਇਸ ਪ੍ਰਕਾਰ ਦੀ ਉਸਾਰੂ ਸੋਚ ਨਾਲ ਵਧੀਆ ਸਮਾਜ ਸਿਰਜਿਆ ਜਾ ਸਕਦਾ ਹੈ। ਅਖੀਰਲੇ ਲੇਖ ਵਿੱਚ ਗੁਰਦੇਵ ਸਿੰਘ ਸਾਨੂੰ ਵੱਖ-ਵੱਖ ਧਰਮਾਂ ਵਿੱਚ ਹੋਣ ਵਾਲੇ ਵਿਆਹਾਂ ਦੀ ਦੁਨੀਆ ਵਿੱਚ ਲੈਣ ਜਾਂਦਾ ਹੈ। ਕਈ ਵਾਰ ਇਹ ਲੇਖ ਲੇਖ ਨਾ ਹੋ ਕੇ ਕਹਾਣੀਆਂ ਜਾਪਦੇ ਹਨ, ਜੋ ਸੰਸਮਰਨ 'ਤੇ ਅਧਾਰਤ ਹਨ। ਲੇਖਕ ਨੇ ਆਲਮ ਵਾਲੇ ਇਲਾਕੇ ਨੂੰ ਫੋਕਸ ਕਰਦਿਆਂ ਹੋਇਆਂ ਇਹਨਾਂ ਸਾਰੇ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਅਸਲ ਵਿੱਚ ਇਹ ਪੁਸਤਕ ਲੇਖਕ ਦੀ ਆਪਣੇ ਇਲਾਕੇ ਦੇ ਪਾਤਰਾਂ, ਆਪਣੇ ਇਲਾਕਿਆਂ ਦੇ ਰੀਤ-ਰਿਵਾਜ ਤੇ ਪੁਰਾਣੀ ਜੀਵਨ-ਸ਼ੈਲੀ, ਖਾਣ-ਪੀਣ ਦੀਆਂ ਵਸਤਾਂ, ਪਿੰਡਾਂ ਦੇ ਕੱਚੇ ਘਰ ਤੇ ਪੁਰਾਣੇ ਸੱਭਿਆਚਾਰਾਂ ਦੀ ਖ਼ੁਸ਼ਬੂ ਪ੍ਰਤੀ ਉਦਰੇਵਾਂ ਹੈ। ਲੇਖਕ ਇਹਨਾਂ ਸਾਰੀਆਂ ਅਲੋਪ ਹੋ ਰਹੀਆਂ ਚੀਜ਼ਾਂ ਪ੍ਰਤੀ ਝੂਰਦਾ ਪ੍ਰਤੀਕ ਹੁੰਦਾ ਹੈ। ਇੱਕ ਵਧੀਆ ਪੁਸਤਕ ਹੈ, ਜੋ ਪਾਠਕਾਂ ਨੂੰ ਆਪਣੇ ਇਲਾਕੇ ਦੇ ਸੱਭਿਆਚਾਰ ਤੇ ਆਪਣੇ ਲੋਕਾਂ ਨੂੰ ਯਾਦ ਰੱਖਣ ਦਾ ਹੋਕਾ ਦਿੰਦੀ ਹੈ। ਪੁਸਤਕ ਦੇ ਪਿੱਛੇ ਆਲਮਵਾਲਾ ਕਲਾਂ ਮੋਗਾ ਦਾ ਰਿਹਾਇਸ਼ੀ ਨਕਸ਼ਾ ਵੀ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਸੂਬੇਦਾਰ ਨਛੱਤਰ ਸਿੰਘ ਆਰਮੀ ਇੰਜੀਨੀਅਰ ਨੇ ਬਣਾਇਆ ਹੈ, ਸੋ ਪੰਜਾਬੀ ਸਾਹਿਤ ਵਿੱਚ ਆਪਣੇ ਪੁਰਾਣੇ ਸੱਭਿਆਚਾਰ ਨਾਲ ਜੋੜਨ ਵਾਲੀ ਗੁਰਦੇਵ ਸਿੰਘ ਬਰਾੜ ਦੀ ਇਸ ਪੁਸਤਕ ਨੂੰ ਜੀ ਆਇਆਂ।

## ਮਿੱਟੀ ਤੇ ਮੋਜ਼ਾਰਟ

(ਵਾਰਤਕ)
**ਅੰਜੂਜੀਤ ਪੰਜਾਬਣ, ਜਰਮਨੀ**
ਪੰਨੇ-124, ਮੁੱਲ-220 ਰੁਪਏ
ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ

ਲੇਖਿਕਾ ਅੰਜੂਜੀਤ ਦੇ ਨਾਂਅ ਨਾਲ ਜੁੜੇ ਪੰਜਾਬਣ ਤੇ ਜਰਮਨੀ ਸ਼ਬਦ ਆਪਣੇ ਆਪ ਵਿਚ ਹੀ ਇਸ ਗੱਲ ਦੇ ਸੂਚਕ ਹਨ ਕਿ ਉਹ ਜਿੰਨਾ ਪਿਆਰ ਆਪਣੀ ਜਨਮ ਭੂਮੀ ਪੰਜਾਬ ਨੂੰ ਕਰਦੀ ਹੈ, ਓਨਾ ਹੀ ਪਿਆਰ ਆਪਣੀ ਕਰਮ ਭੂਮੀ ਜਰਮਨ ਨੂੰ ਵੀ ਕਰਦੀ ਹੈ। ਭਾਰਤ ਤੇ ਜਰਮਨ ਦੋਹਾਂ ਸੱਭਿਆਚਾਰਾਂ ਨਾਲ ਉਸ ਦੀ ਮਾਨਸਿਕ ਨੇੜਤਾ ਉਸ ਦੇ ਵਿਚਾਰਧਾਰਕ ਨਜ਼ਰੀਏ ਦਾ ਵਿਸਥਾਰ ਕਰਕੇ ਉਸ ਨੂੰ ਵਿਸ਼ਵ ਨਾਗਰਿਕ ਬਣਾਉਂਦੀ ਹੈ। ਪੰਜਾਬ ਦੀ ਮਿੱਟੀ ਦੀ ਮਹਿਕ ਤੇ ਜਰਮਨ ਦੇ ਕਲਾਸੀਕਲ ਸੰਗੀਤ ਮੋਜ਼ਾਰਟ ਦੀਆਂ ਵਿਸਮਾਦੀ ਧੁਨਾਂ ਉਸ ਨੂੰ ਇੱਕੋ ਜਿਹੀ ਮਾਨਸਿਕ ਰਾਹਤ ਪ੍ਰਦਾਨ ਕਰਦੀਆਂ ਹਨ। ਇਸ ਪੁਸਤਕ ਰਾਹੀਂ ਉਸ ਨੇ ਸਿਰਫ਼ ਜਰਮਨ ਤੇ ਭਾਰਤੀ ਪੰਜਾਬ ਦੇ ਸੱਭਿਆਚਾਰਾਂ ਦੀ ਗੱਲ ਹੀ ਨਹੀਂ ਕੀਤੀ, ਸਗੋਂ ਦੁਨੀਆ ਦੇ ਹੋਰ ਸੱਭਿਆਚਾਰਾਂ ਦੀਆਂ ਆਪਸੀ ਸਾਂਝਾਂ ਨੂੰ ਰੂਪਮਾਨ ਕਰਕੇ ਇਕ ਸਰਵ ਸਾਂਝੇ ਸੱਭਿਆਚਾਰ ਦਾ ਅਜਿਹਾ ਖਾਕਾ ਤਿਆਰ ਕੀਤਾ ਹੈ, ਜਿਹੜਾ ਹਰੇਕ ਮਨੁੱਖ ਨੂੰ ਬਰਾਬਰ ਦੇ ਮਨੁੱਖੀ ਅਧਿਕਾਰ ਦੇਣ ਦੀ ਗੱਲ ਕਰਦਾ ਹੈ। ਪੁਸਤਕ ਦਾ ਪਹਿਲਾ ਹੀ ਲੇਖ 'ਤਹਿਜ਼ੀਬ' ਉਸ ਦੇ ਨਜ਼ਰੀਏ ਨੂੰ ਸਪੱਸ਼ਟ ਕਰਦਿਆਂ ਆਖਦਾ ਹੈ, 'ਹਰ ਮੁਲਕ ਦਾ ਬੱਚਾ ਰੱਜ ਕੇ ਆਪਣਾ ਬਚਪਨ ਹੰਢਾਏ, ਨਿੱਕੇ-ਨਿੱਕੇ ਹੱਥਾਂ ਵਿਚ ਰੰਗ-ਬਿਰੰਗੇ ਖਿਲੌਣੇ ਹੋਣ ਤੇ ਵੱਡਾ ਹੋਣ 'ਤੇ ਕਿਤਾਬਾਂ ਹੋਣ ਤੇ ਕਾਮਯਾਬੀ ਦੀ ਚਾਬੀ ਹੱਥ ਵਿਚ ਹੋਵੇ।'



ਪੁਸਤਕ ਦਾ ਲੇਖ 'ਜਰਮਨੀ ਦੇਸ਼ ਦੇ ਲੋਕ ਤੇ ਸੱਭਿਆਚਾਰ' ਆਪਣੇ ਪਾਠਕਾਂ ਨੂੰ ਜਰਮਨ ਦੇਸ਼ ਦੀ ਕੁਦਰਤੀ ਸੁੰਦਰਤਾ ਦੇ ਨਾਲ ਇੱਥੋਂ ਦੀ ਸੰਸਕ੍ਰਿਤਕ ਸੁੰਦਰਤਾ ਨਾਲ ਵੀ ਜੋੜਦਾ ਹੈ । ਇਸ ਮੁਲਕ ਦੇ ਸੰਸਕ੍ਰਿਤਕ ਗੁਣ ਸਮੇਂ ਦੀ ਪਾਬੰਦੀ, ਝੂਠ ਤੇ ਚਲਾਕੀ ਤੋਂ ਰਹਿਤ ਜੀਵਨ, ਅਜ਼ਾਦ ਜੀਵਨ ਸ਼ੈਲੀ, ਕਿਤਾਬਾਂ ਨਾਲ ਪਿਆਰ, ਆਪਸੀ ਵਿਵਹਾਰ ਦਾ ਸਲੀਕਾ, ਕੁਦਰਤ ਨਾਲ ਮੋਹ ਤੇ ਤਣਾਓ ਮੁਕਤ ਜੀਵਨ ਸ਼ੈਲੀ ਉਸ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਇਹ ਉਸ ਦਾ ਆਪਣਾ ਇਕਬਾਲੀਆ ਬਿਆਨ ਹੈ ਕਿ ਆਪਣੀ 34 ਸਾਲ ਦੀ ਰਿਹਾਇਸ਼ ਦੌਰਾਨ ਉਸ ਇੱਥੇ ਆਪਣੇ ਆਲੇ-ਦੁਆਲੇ ਵਿੱਚ ਉਸਾਰੂ ਗਤੀਵਿਧੀਆਂ ਹੀ ਵੇਖੀਆਂ ਨੇ। ਪੁਸਤਕ ਦਾ ਅਗਲਾ ਲੇਖ 'ਜਰਮਨ ਵਿਚ ਭਾਰਤੀ ਲੋਕਾਂ ਦੀ ਆਮਦ' ਭਾਰਤੀ ਲੋਕਾਂ ਦੇ ਅਤੀਤ ਦੇ ਪੰਨੇ ਵੀ ਪਰਤਦਾ ਹੈ ਤੇ ਜਰਮਨ ਨਾਲ ਉਨ੍ਹਾਂ ਦੇ ਵਰਤਮਾਨ ਸੰਬੰਧਾਂ 'ਤੇ ਵੀ ਨਜ਼ਰਸਾਨੀ ਕਰਦਾ ਹੈ।

ਪੁਸਤਕ ਵਿਚਲਾ ਲੇਖ 'ਵਿਆਹ ਦੀਆਂ ਰਸਮਾਂ' ਵਿਆਹ ਸੰਸਥਾ ਨੂੰ ਪਰਵਾਰਕ ਤੇ ਸਮਾਜਿਕ ਜੀਵਨ ਦੀ ਬੁਨਿਆਦ ਮੰਨ ਕੇ ਚੀਨ, ਜਪਾਨ, ਅਫਰੀਕਾ, ਭਾਰਤ ਤੇ ਜਰਮਨ ਸਮੇਤ ਵੱਖ-ਵੱਖ ਮੁਲਕਾਂ ਵਿੱਚ ਹੁੰਦੀਆਂ ਵਿਆਹ ਦੀਆਂ ਰਸਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਜਦੋਂ ਉਸ ਨੂੰ ਅਫਰੀਕੀ ਤੇ ਕੁਰਦੀ ਦੇਸ਼ਾਂ ਵਿੱਚ ਵਿਆਹ ਸਮੇਂ ਹੋਣ ਵਾਲੀਆਂ ਖਤਨਾ ਵਰਗੀਆਂ ਰਸਮਾਂ ਔਰਤ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀਆਂ ਲੱਗਦੀਆਂ ਹਨ ਤਾਂ ਉਹ ਇਹਨਾਂ ਰਸਮਾਂ ਵਿਰੁੱਧ ਆਪਣਾ ਬੇਬਾਕ ਬਿਆਨ ਦਰਜ ਕਰਾਉਂਦੀ ਹੈ। ਲੇਖ 'ਜਰਮਨੀ ਦੇ ਮੌਤ ਸੰਬੰਧੀ ਵਿਚਾਰ ਅਤੇ ਰਸਮਾਂ' ਜਰਮਨ ਲੋਕਾਂ ਦੀ ਯਥਾਰਥਵਾਦੀ ਸੋਚ ਦਾ ਖੁਲਾਸਾ ਕਰਦਾ ਹੈ। ਇਹ ਲੋਕ ਜਿੱਥੇ ਜਿਉਂਦੇ ਜੀਅ ਆਪਣੀ ਜ਼ਿੰਦਗੀ ਨੂੰ ਉਤਸ਼ਾਹ ਨਾਲ ਜਿਉਂਦੇ ਹਨ, ਉੱਥੇ ਮੌਤ ਨੂੰ ਧਿਆਨ ਵਿਚ ਰੱਖ ਕੇ ਉਸ ਦੀ ਪਹਿਲਾਂ ਤੋਂ ਤਿਆਰੀ ਕਰਨਾ ਅਰੰਭ ਕਰ ਦਿੰਦੇ। ਪੁਸਤਕ ਸੰਸਾਰ ਭਰ ਵਿਚ ਵੱਖ-ਵੱਖ ਦੇਸ਼ਾਂ ਦੀਆਂ ਵਿਧਵਾਵਾਂ ਦੀ ਸਥਿਤੀ ਨੂੰ ਵੀ ਸੰਵੇਦਨਾਤਮਕ ਧਰਾਤਲ 'ਤੇ ਵਿਚਾਰਦੀ ਹੈ ਤੇ ਜਰਮਨ ਵਿਧਵਾ ਇਲਸਾ ਦੀ ਅਣਸੁਣੀ ਕਹਾਣੀ ਦੇ ਹਵਾਲੇ ਨਾਲ ਇਸ ਮਨੋਵਿਗਿਆਨਕ ਸਚਾਈ ਦਾ ਪ੍ਰਗਟਾਵਾ ਕਰਦੀ ਹੈ ਕਿ ਔਰਤ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣੇ ਬੱਚਿਆਂ ਵਿੱਚੋਂ ਹੀ ਉਸ ਨੂੰ ਵੇਖਦੀ ਹੈ ਤੇ ਬੱਚਿਆਂ ਨੂੰ ਮਾਂ ਦਾ ਪਿਆਰ ਦੇਣ ਦੇ ਨਾਲ ਪਿਤਾ ਦਾ ਪਿਆਰ ਦੇਣਾ ਵੀ ਆਪਣਾ ਫਰਜ਼ ਸਮਝਦੀ ਹੈ। ਲੇਖ 'ਆਧੁਨਿਕ ਭਾਰਤ ਵਿੱਚ ਬਿਰਧ ਆਸ਼ਰਮ' ਜਰਮਨ, ਰੂਸ ਤੇ ਜਾਪਾਨ ਵਰਗੇ ਮੁਲਕਾਂ ਦੇ ਬਿਰਧ ਆਸ਼ਰਮਾਂ ਦਾ ਨਕਸ਼ਾ ਪੇਸ਼ ਕਰਕੇ ਭਾਰਤੀ ਬਿਰਧ ਆਸ਼ਰਮਾਂ ਨੂੰ ਬਜ਼ੁਰਗਾਂ ਦੀਆਂ ਹਰ ਤਰ੍ਹਾਂ ਦੀਆਂ ਮਾਨਸਿਕ ਲੋੜਾਂ ਦੀ ਪੂਰਤੀ ਕਰਨ ਦੇ ਯੋਗ ਬਣਾਉਣਾ ਚਾਹੁੰਦਾ ਹੈ ।

ਪੁਸਤਕ ਵਿਚਲਾ ਲੇਖ 'ਜਰਮਨਾਂ ਤੇ ਹੋਰਨਾਂ ਦੀ ਸਰੀਰਕ ਭਾਸ਼ਾ' ਵੱਖ-ਵੱਖ ਮੁਲਕਾਂ ਦੇ ਲੋਕਾਂ ਦੀ ਸਰੀਰਕ ਭਾਸ਼ਾ ਦਾ ਸੂਖਮ ਭਾਵੀ ਅਧਿਐਨ ਪੇਸ਼ ਕਰਦਾ ਹੈ । ਇਸ ਅਧਿਐਨ ਦਾ ਇਕ ਸਿੱਟਾ ਇਹ ਵੀ ਹੈ ਅਨੁਸ਼ਾਸਨ ਦੀ ਘਾਟ, ਜੀਵਨ ਵਿਚਲੀ ਬੇਤਰਤੀਬੀ ਤੇ ਭ੍ਰਿਸ਼ਟ ਤੰਤਰ ਵਾਲੇ ਮੁਲਕਾਂ ਦੇ ਲੋਕਾਂ ਦੀ ਸਰੀਰਕ ਭਾਸ਼ਾ ਵਿਚ ਅਕਸਰ ਚਿੜਚਿੜਾਪਣ ਪਾਇਆ ਜਾਂਦਾ ਹੈ, ਪਰ ਜਰਮਨ, ਸਪੇਨ ਤੇ ਇਟਲੀ ਵਰਗੇ ਪੱਛਮੀ ਮੁਲਕਾਂ ਦੇ ਲੋਕਾਂ ਦੀ ਸਰੀਰਕ ਭਾਸ਼ਾ ਉਨ੍ਹਾਂ ਦੀ ਭਾਵਨਾਤਮਕ ਅਤੇ ਜ਼ਿੰਦਾਦਿਲ ਤਬੀਅਤ ਨੂੰ ਦਰਸਾਉਂਦੀ ਹੈ। ਲੇਖ 'ਪੋਲਾਈਨ ਜੁੱਤੀ ਤੋਂ ਪੰਜਾਬੀ ਖੁੱਸੇ ਤੱਕ ਦਾ ਸਫ਼ਰ' ਪੰਜਾਬੀ ਜੁੱਤੀ ਦੇ ਇਤਿਹਾਸ ਨੂੰ ਯੂਰਪ ਵਿਚ 15ਵੀਂ ਸਦੀ ਦੌਰਾਨ ਪ੍ਰਚੱਲਤ ਰਹੀ ਨੋਕਦਾਰ ਜੁੱਤੀ ਪੋਲਾਈਨ ਨਾਲ ਜੋੜਦਾ ਹੈ ਤਾਂ ਸੰਸਾਰ ਪੱਧਰੀ ਸੱਭਿਆਚਾਰਕ ਗਿਆਨ ਇਕੱਤਰ ਕਰਨ ਦੇ ਮਾਮਲੇ ਵਿਚ ਲੇਖਿਕਾ ਬਹੁਤ ਅੱਗੇ ਜਾਂਦੀ ਜਾਪਦੀ ਹੈ।

ਅੰਜੂਜੀਤ ਕੋਲ ਜਿੱਥੇ ਕਾਵਿਕ ਰੰਗਤ ਵਾਲੀ ਸੁਹਜ ਭਰਪੂਰ ਵਾਰਤਕ ਭਾਸ਼ਾ ਹੈ, ਉੱਥੇ ਉਸ ਕੋਲ ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਸੱਭਿਆਚਾਰਾਂ ਬਾਰੇ ਇਕੱਠਾ ਕੀਤਾ ਜਾਣਕਾਰੀਆਂ ਦਾ ਵਿਸ਼ਾਲ ਭੰਡਾਰ ਵੀ ਹੈ। ਉਸ ਦੀ ਪਹਿਲੀ ਹੀ ਪੁਸਤਕ ਵਾਰਤਕ ਦੇ ਖੇਤਰ ਵਿਚ ਉਸ ਦੇ ਚੰਗੇ ਭਵਿੱਖ ਦੀ ਨਿਸ਼ਾਨਦੇਹੀ ਕਰਨ ਵਿਚ ਸਫਲ ਰਹੀ ਹੈ। ਮੈਂ ਇਸ ਖੇਤਰ ਵਿਚ ਆਉਣ 'ਤੇ ਉਸ ਦਾ ਹਾਰਦਿਕ ਸਵਾਗਤ ਕਰਦਾ ਹਾਂ।

**— ਨਿਰੰਜਣ ਬੋਹਾ**

# ਪੁਸਤਕ ਰੀਵਿਊ

## ਆਪਣੇ ਆਪ ਨੂੰ ਖੋਜੋ

**ਬਲਵੰਤ ਸਿੰਘ ਮੌੜ**
ਪੰਨੇ-220, ਮੁੱਲ-395 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਬਲਵੰਤ ਸਿੰਘ ਮੌੜ ਰਚਿਤ 'ਆਪਣੇ ਆਪ ਨੂੰ ਖੋਜੋ' ਪੰਜਾਬੀ ਵਾਰਤਕ ਸਾਹਿਤ ਵਿੱਚ ਇੱਕ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਵਿੱਚ ਗਿਆਨ ਅਤੇ ਚਿੰਤਨ ਨਾਲ ਭਰਪੂਰ 46 ਨਿਬੰਧਾਂ ਦਾ ਸੰਗ੍ਰਹਿ ਹੈ, ਜੋ ਵੱਖ-ਵੱਖ ਵਿਸ਼ਿਆਂ ਨੂੰ ਛੂਹਦੇ ਹਨ। ਲੇਖਕ ਨੇ ਮਨੁੱਖ ਦੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਜੀਵਨ ਨਾਲ ਜੁੜੇ ਪ੍ਰਸ਼ਨਾਂ ਨੂੰ ਸੁਚੱਜੇ ਰੂਪ ਵਿੱਚ ਬਖੇਰਿਆ ਹੈ। ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਅਜੋਕੇ ਸਮਾਜ ਵਿੱਚ ਡਿੱਗ ਰਹੀਆਂ ਨੈਤਿਕ ਕਦਰਾਂ, ਟੁੱਟ ਰਹੇ ਸੰਬੰਧਾਂ ਅਤੇ ਮਨੁੱਖੀ ਇਖਲਾਕੀ ਸੰਕਟਾਂ ਬਾਰੇ ਗੰਭੀਰ ਸੰਦੇਸ਼ ਦਿੰਦੀ ਹੈ। ਇਹ ਕਿਤਾਬ ਪਾਠਕ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰਦੀ ਹੈ। ਲੇਖਕ ਦੇ ਵਿਚਾਰ ਇਹ ਸੰਦੇਸ਼ ਦਿੰਦੇ ਹਨ ਕਿ ਜਿਸ ਤਰ੍ਹਾਂ ਕਸਤੂਰੀ ਹਿਰਨ ਆਪਣੇ ਅੰਦਰ ਮੌਜੂਦ ਮਹਿਕ ਦੀ ਤਲਾਸ਼ ਵਿੱਚ ਭਟਕਦਾ ਰਹਿੰਦਾ ਹੈ, ਉਸੇ ਤਰ੍ਹਾਂ ਅਜੋਕਾ ਮਨੁੱਖ ਵੀ ਸੁੱਖ, ਸ਼ਾਂਤੀ ਤੇ ਖੁਸ਼ੀ ਦੀ ਭਾਲ ਵਿੱਚ ਆਪਣੇ-ਆਪ ਤੋਂ ਦੂਰ ਹੋ ਰਿਹਾ ਹੈ। ਪੁਸਤਕ ਮਨੁੱਖ ਨੂੰ ਆਤਮ-ਪਛਾਣ ਵੱਲ ਪ੍ਰੇਰਿਤ ਕਰਦੀ ਹੈ ਅਤੇ ਇਹ ਦੱਸਦੀ ਹੈ ਕਿ ਜੀਵਨ ਦੀ ਅਸਲੀ ਖੁਸ਼ੀ ਬਾਹਰੀ ਸੰਸਾਰ ਵਿੱਚ ਨਹੀਂ, ਸਗੋਂ ਆਪਣੇ ਅੰਦਰ ਹੈ। ਇਹ ਰਚਨਾ ਪਾਠਕ ਨੂੰ ਸੋਚਣ ਤੇ ਵਿਸ਼ਲੇਸ਼ਣ ਕਰਨ ਲਈ ਉਤੇਜਿਤ ਕਰਦੀ ਹੈ, ਜੋ ਕਿ ਇਸ ਦੀ ਸਭ ਤੋਂ ਵਧੀਕ ਪ੍ਰਸੰਗਿਕਤਾ ਹੈ।




ਅਜੋਕਾ ਯੁੱਗ ਵਿਸ਼ਵੀਕਰਨ ਦਾ ਦੌਰ ਹੈ। ਇਸ ਦੌਰ ਨੇ ਜਿੱਥੇ ਮਨੁੱਖ ਨੂੰ ਤਕਨੀਕੀ ਤੌਰ 'ਤੇ ਪੂਰੇ ਸੰਸਾਰ ਨਾਲ ਜੋੜ ਦਿੱਤਾ, ਉੱਥੇ ਹੀ ਉਸ ਨੂੰ ਆਪਣੇ ਅਸਲ ਮਨੁੱਖੀ ਜੁੜਾਅ ਅਤੇ ਕੁਦਰਤ ਨਾਲੋਂ ਵੀ ਦੂਰ ਕਰ ਦਿੱਤਾ ਹੈ। ਮਨੁੱਖ ਇਕੱਲਾ ਨਹੀਂ, ਸਿਰਫ ਆਪਣੇ-ਆਪ ਤੋਂ ਟੁੱਟ ਰਿਹਾ ਹੈ, ਸਗੋਂ ਆਪਣੇ ਆਸ-ਪਾਸ ਦੀ ਪ੍ਰਾਕ੍ਰਿਤੀ ਅਤੇ ਸਮਾਜ ਨਾਲੋਂ ਵੀ ਵਿਛੋੜਾ ਮਹਿਸੂਸ ਕਰ ਰਿਹਾ ਹੈ। ਇਨ੍ਹਾਂ ਵਧ ਰਹੀਆਂ ਅੰਦਰੂਨੀ ਤੇ ਬਾਹਰੀ ਸੰਘਰਸ਼ਾਂ ਨੇ ਮਨੁੱਖ ਦੇ ਜੀਵਨ ਵਿੱਚ ਅਣਗਿਣਤ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ, ਪਰ ਇਨਸਾਨ ਉਨ੍ਹਾਂ ਨੂੰ ਸੁਲਝਾਉਣ ਦੀ ਬਜਾਏ ਹੋਰ ਉਲਝਾਅ ਰਿਹਾ ਹੈ। ਇਸ ਸੰਦਰਭ ਵਿੱਚ ਬਲਵੰਤ ਸਿੰਘ ਮੌੜ ਦੀ ਪੁਸਤਕ 'ਆਪਣੇ ਆਪ ਨੂੰ ਖੋਜੋ' ਮਨੁੱਖ ਨੂੰ ਖੁਦ ਦੀ ਪਛਾਣ ਵੱਲ ਮੋੜਦੀ ਹੈ। ਪੁਸਤਕ ਵਿੱਚ ਸ਼ਾਮਲ ਨਿਬੰਧ 'ਸੰਗਤ ਅਤੇ ਕੁਸੰਗਤ', 'ਨੇਕੀ ਅਤੇ ਬਦੀ', 'ਮਨੁੱਖ ਮਨੁੱਖ ਦਾ ਵੈਰੀ ਕਿਉਂ', 'ਨਿਮਰਤਾ ਦਾ ਫਲ', 'ਚੰਗਾ ਇਨਸਾਨ' ਆਦਿ ਮਨੁੱਖੀ ਜੀਵਨ ਦੀਆਂ ਅੰਦਰੂਨੀ ਗੁੱਥੀਆਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦੇ ਹਨ। ਲੇਖਕ ਇਨ੍ਹਾਂ ਰਚਨਾਵਾਂ ਰਾਹੀਂ ਮਨੁੱਖ ਦੇ ਜੀਵਨ ਦੀ ਖੁਸ਼ਹਾਲੀ ਉਸ ਦੇ ਅੰਦਰ ਹੀ ਨਿਹਿਤ ਹੋਣ ਦਾ ਸੰਦੇਸ਼ ਦਿੰਦਾ ਹੈ ਅਤੇ ਉਹ ਖੁਦ ਦੀ ਪਛਾਣ ਰਾਹੀਂ ਇਸ ਤੱਕ ਪਹੁੰਚਣ ਲਈ ਪ੍ਰੇਰਦਾ ਹੈ। ਇਸ ਪੁਸਤਕ ਦੇ ਨਿਬੰਧ ਸਮਾਜਿਕ ਸਰੋਕਾਰਾਂ ਨਾਲ ਜੁੜਦੇ ਹੋਏ ਸਿਰਫ਼ ਵਿਅਕਤੀਗਤ ਆਤਮ-ਚਿੰਤਨ ਤੱਕ ਸੀਮਿਤ ਨਹੀਂ ਹਨ, ਸਗੋਂ ਸਮਾਜਿਕ ਜੀਵਨ ਦੀਆਂ ਵਾਸਤਵਿਕ ਗੁੱਥੀਆਂ ਨਾਲ ਵੀ ਡੂੰਘੀ ਜੁੜਤ ਬਣਾਉਂਦੇ ਹਨ। 'ਨਵਾਂ ਸਾਲ ਮੁਬਾਰਕ ਕਹਿਣ ਦੀ ਰਸਮ' ਵਰਗੇ ਨਿਬੰਧ ਸਮਾਜਿਕ ਰਿਵਾਇਤਾਂ ਦੀ ਸਮੀਖਿਆ ਕਰਦੇ ਹਨ, ਜਿੱਥੇ ਕੇਵਲ ਰਸਮਾਂ ਦੀ ਪਾਲਣਾ ਨਹੀਂ, ਸਗੋਂ ਉਹਨਾਂ ਦੇ ਅੰਦਰ ਲੁਕੇ ਸੰਦਰਭਾਂ ਤੇ ਭਾਵਨਾਵਾਂ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। 'ਬੁਢਾਪਾ ਸਭ ਸਮਿਆਂ ਨਾਲੋਂ ਕਿਵੇਂ ਚੰਗਾ ਹੈ' ਅਤੇ 'ਪਰਦੇਸਾਂ ਦੀ ਜ਼ਿੰਦਗੀ' ਵਰਗੇ ਨਿਬੰਧ ਸਮਾਜ ਦੇ ਉੱਭਰਦੇ ਮਸਲਿਆਂ ਨੂੰ ਮਨੋਵਿਗਿਆਨਕ ਅਤੇ ਸਮਾਜ ਵਿਗਿਆਨਕ ਨਜ਼ਰੀਏ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਨ। 'ਕੈਨੇਡਾ ਜਾਂ ਬਾਹਰਲੇ ਮੁਲਕਾਂ ਵਿੱਚ ਬੱਚੇ ਭੇਜ ਕੇ ਕੀ ਖੱਟਿਆ ਤੇ ਕੀ ਗਵਾਇਆ' ਵਰਗਾ ਨਿਬੰਧ, ਨਵੀਂ ਪੀੜ੍ਹੀ ਦੀਆਂ ਉਮੀਦਾਂ, ਪੁਰਾਣੀ ਪੀੜ੍ਹੀ ਦੀਆਂ ਚਿੰਤਾਵਾਂ ਅਤੇ ਪਰਵਾਰਕ ਤੰਤਰ ਦੇ ਵਿਘਟਨ ਦੀ ਗੂੜ੍ਹੀ ਚਿੱਤਰਕਾਰੀ ਕਰਦਾ ਹੈ। 'ਪਤੀ ਪਤਨੀ ਦੇ ਸੰਬੰਧ', 'ਪਿਆਰ ਕੀ ਹੈ', 'ਇਨਸਾਨ ਗਲਤੀ ਦਾ ਪੁਤਲਾ ਹੈ' ਅਤੇ 'ਕੀ ਪੁੰਨ ਤੇ ਪਾਪ ਇਨਸਾਨ ਭੁਗਤਦਾ' ਵਰਗੇ ਨਿਬੰਧ ਮਨੁੱਖੀ ਸੰਬੰਧਾਂ, ਨੈਤਿਕਤਾ ਅਤੇ ਅਧਿਆਤਮਿਕਤਾ ਬਾਰੇ ਡੂੰਘੀ ਸੋਚ ਪੇਸ਼ ਕਰਦੇ ਹਨ। 'ਹਮੇਸ਼ਾ ਚੜ੍ਹਦੀ ਕਲਾ ਵਿੱਚ ਕਿਵੇਂ ਰਹੀਏ', 'ਸਫਲ ਇਨਸਾਨ ਬਣਨ ਦੇ ਨੁਸਖੇ', 'ਔਰਤ ਦੀ ਤਾਕਤ' ਵਰਗੇ ਨਿਬੰਧ ਪ੍ਰੇਰਕ ਹਨ, ਜੋ ਵਿਅਕਤੀ ਨੂੰ ਨਾ ਸਿਰਫ਼ ਆਤਮ-ਵਿਕਾਸ ਵੱਲ ਮੋੜਦੇ ਹਨ, ਸਗੋਂ ਸਮਾਜ ਵਿੱਚ ਆਪਣੀ ਭੂਮਿਕਾ ਨੂੰ ਸਮਝਣ ਅਤੇ ਨਿਭਾਉਣ ਲਈ ਵੀ ਉਤਸ਼ਾਹਤ ਕਰਦੇ ਹਨ। ਸਮੁੱਚੀ ਪੁਸਤਕ ਵਿੱਚ ਲੇਖਕ ਨੇ ਸਮਾਜਿਕ, ਧਾਰਮਿਕ ਅਤੇ ਆਚਰਣਕ ਪੱਧਰ 'ਤੇ ਅਜੋਕੀਆਂ ਸਮੱਸਿਆਵਾਂ ਦੀ ਗੰਭੀਰ ਪੇਸ਼ਕਾਰੀ ਕੀਤੀ ਹੈ ਅਤੇ ਉਨ੍ਹਾਂ ਦੇ ਸੰਭਾਵਿਤ ਹੱਲ ਵੀ ਪਾਠਕ ਸਾਹਮਣੇ ਰੱਖੇ ਹਨ। ਇਹ ਨਿਬੰਧ ਪਾਠਕ ਨੂੰ ਆਪਣੀ ਜ਼ਿੰਦਗੀ ਤੇ ਸਮਾਜ ਬਾਰੇ ਗਹਿਰਾਈ ਨਾਲ ਸੋਚਣ ਲਈ ਮਜਬੂਰ ਕਰਦੇ ਹਨ। ਲੇਖਕ ਨੇ ਨਿਰਪੱਖ ਹੋ ਕੇ ਮਨੁੱਖੀ ਜੀਵਨ ਦੇ ਹਰ ਪੱਖ ਦੀ ਪੜਤਾਲ ਕੀਤੀ ਹੈ ਅਤੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸਲ ਵਿਕਾਸ ਬਾਹਰੀ ਸਾਧਨਾਂ ਵਿੱਚ ਨਹੀਂ, ਸਗੋਂ ਅੰਦਰਲੀ ਜਾਗਰੂਕਤਾ ਵਿੱਚ ਹੈ। 'ਆਪਣੇ ਆਪ ਨੂੰ ਖੋਜੋ' ਨਾ ਸਿਰਫ਼ ਇੱਕ ਪੁਸਤਕ ਹੈ, ਸਗੋਂ ਇੱਕ ਆਤਮਿਕ ਆਹਵਾਨ ਹੈ, ਜੋ ਪਾਠਕ ਨੂੰ ਆਪਣੇ ਅੰਦਰ ਝਾਤੀ ਮਾਰਨ, ਸੋਚਣ ਅਤੇ ਬਦਲਣ ਲਈ ਪ੍ਰੇਰਿਤ ਕਰਦੀ ਹੈ। ਇਹ ਕਿਤਾਬ ਸਮਾਜਿਕ, ਅਧਿਆਤਮਿਕ ਅਤੇ ਨੈਤਿਕ ਪੱਖੋਂ ਵਿਅਕਤੀਗਤ ਵਿਕਾਸ ਦੀ ਚਾਬੀ ਹੈ, ਜਿਸ ਰਾਹੀਂ ਅਸੀਂ ਆਪਣੀ ਜੀਵਨ ਯਾਤਰਾ ਨੂੰ ਸਹੀ ਦਿਸ਼ਾ ਵਿੱਚ ਲਿਜਾ ਸਕਦੇ ਹਾਂ।

**- ਹਰਵਿੰਦਰ ਸਿੰਘ**

## ਸੁਪਨਾ ਸੂਰਜ ਦਾ

(ਨਾਟ-ਸੰਗ੍ਰਹਿ)
**ਕੁਲਵੰਤ ਕੌਰ ਨਗਰ**
ਮੁੱਲ : 200, ਸਫ਼ੇ : 119
ਚਿੰਤਨ ਪ੍ਰਕਾਸ਼ਨ, ਲੁਧਿਆਣਾ

ਨਾਟਕ ਵਿਭਿੰਨ ਕਲਾਵਾਂ ਦੇ ਮੇਲ ਵਾਲੀ ਵਿਧਾ ਹੈ। 'ਰੰਗਮੰਚੀ' ਪੱਖ ਹੋਰਨਾਂ ਵਿਧਾਵਾਂ ਤੋਂ ਅਲਹਿਦਗੀ ਦੇ ਨਾਲ-ਨਾਲ ਵਿਸ਼ੇਸ਼ ਪਛਾਣ ਦਾ ਆਧਾਰ ਵੀ ਹੈ।ਨਾਟ-ਪਾਠ ਅਤੇ ਮੰਚ-ਪਾਠ ਦੀ ਨਿੱਗਰ ਸਾਂਝ ਵਿਚ ਨਾਟਕਕਾਰ, ਨਿਰਦੇਸ਼ਕ, ਅਦਾਕਾਰ, ਮੰਚ ਡਿਜ਼ਾਈਨਰ, ਪਰਦੇ ਪਿਛਲੇ ਨਾਟ-ਕਾਮੇ ਆਦਿ ਕਾਰਜਸ਼ੀਲ ਭੂਮਿਕਾ ਨਿਭਾਉਂਦੇ ਹਨ। ਲਿਖਤ ਦੇ ਪ੍ਰਕਾਸ਼ਨ ਪੂਰਵ ਇਸ ਦੇ ਰੂਪ-ਸਰੂਪ ਵਿਚ ਘਣਾ ਕੁਝ ਬਦਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕੁਝ ਲਿਖਤਾਂ ਸਿਰਫ਼ ਮੰਚ ਲਈ ਹੀ ਲਿਖੀਆਂ ਜਾਂਦੀਆਂ ਹਨ ਜਾਂ ਪ੍ਰਕਾਸ਼ਨ ਪ੍ਰਸੰਗ ਵਿਚ ਢੇਰ ਚਿਰ ਬਾਅਦ ਆਉਂਦੀਆਂ ਹਨ। ਇਉਂ ਕਈ ਲਿਖਤਾਂ ਲੰਮਾ ਸਮਾਂ ਮੰਚ ਉਡੀਕਦੀਆਂ ਹਨ।



ਕੁਲਵੰਤ ਕੌਰ ਨਗਰ ਦੀਆਂ ਨਾਟ-ਲਿਖਤਾਂ 'ਮੰਚ-ਮੰਗ' 'ਚੋਂ ਉਦੈ ਹੁੰਦੀਆਂ ਹਨ।'ਮਾਨਵਤਾ ਕਲਾ ਮੰਚ ਨਗਰ' ਦੇ ਬੈਨਰ ਹੇਠ ਕੀਤੀਆਂ ਜਾਣ ਵਾਲੀਆਂ ਮੰਚ-ਪੇਸ਼ਕਾਰੀਆਂ ਦਾ ਮੁੱਖ ਮਨੋਰਥ, 'ਸਮਾਜਿਕ ਚੇਤਨਾ' ਦਾ ਘੇਰਾ ਵੱਡਾ ਕਰਨਾ ਹੈ। 'ਜਾਗਦੇ ਰਹੋ' ਅਤੇ 'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਤੋਂ ਬਾਅਦ 'ਸੁਪਨਾ ਸੂਰਜ ਦਾ' ਕੁਲਵੰਤ ਕੌਰ ਨਗਰ ਵੱਲੋਂ ਲਿਖਿਆ ਤੀਜਾ ਨਾਟ-ਸੰਗ੍ਰਹਿ ਹੈ।ਇਸ ਵਿਚ ਛੇ ਨਾਟਕ ਸ਼ਾਮਲ ਹਨ। ਸੰਕੇਤਕ ਪਾਤਰ ਸ਼ੈਲੀ ਵਿਚ ਗੁੰਨਿਆ ਪੁਸਤਕ-ਸਿਰਲੇਖ ਨਾਟਕ 'ਗਾਥਾ-ਏ-ਹਨੇਰ ਨਗਰੀ' ਵੀ ਹੈ।ਸਮਾਜਿਕ ਹਲਾਤਾਂ ਨੂੰ 'ਗਿਆਨ ਅਤੇ ਸੱਤਾ' ਦੇ ਵਿਰੋਧੀ-ਜੁੱਟ 'ਚ ਪੇਸ਼ ਕਰਦੇ ਹੋਏ ਅਸਲ ਆਵਾਜ਼ ਨੂੰ ਪਛਾਨਣ 'ਤੇ ਜ਼ੋਰ ਦਿੱਤਾ ਗਿਆ ਹੈ : ਸਦੀਆਂ ਪੁਰਾਣੀ ਏ ਜੋ ਬਾਤ ਜਾਣ ਵਾਲੀ ਏ/ਤੁਸੀਂ ਕਿਉਂ ਨ੍ਹੀਂ ਉੱਠਦੇ ਕਿ ਰਾਤ ਜਾਣ ਵਾਲੀ ਏ/ ਉਠੋ! ਬਣੋ ਕਾਫ਼ਲਾ ਕਿ ਨੇਰ੍ਹਿਆਂ ਨੂੰ ਚੀਰੀਏ (ਸਫ਼ਾ/32) 'ਵਖ਼ਤ ਦੀ ਵੰਗਾਰ' ਦਾ ਨਾਟ-ਸੰਬੰਧ ਕੋਰੋਨਾ, ਕਿਸਾਨੀ ਅੰਦੋਲਨ ਨਾਲ ਜੁੜਿਆ ਹੋਇਆ ਹੈ।ਚਾਰ ਝਾਕੀਆਂ ਦੀ ਦ੍ਰਿਸ਼ਕਾਰੀ 'ਚ ਰਾਜਬੀਰ, ਬਲਜੀਤ ਕੌਰ, ਕਸ਼ਮੀਰਾ, ਕਲਪਨਾ, ਫੁੰਮਣ ਸ਼ਾਹ ਰਾਹੀਂ ਵਾਤਾਵਰਣ ਪ੍ਰਬੰਧ, ਲੋਕ ਜੀਵਨ ਦੀਆਂ ਮੁਸਕਲਾਂ ਬਨਾਮ ਲੋਕ ਤੱਕਣੀ ਸਾਹਮਣੇ ਆਉਂਦੀ ਹੈ। ਸੰਬੋਧਨੀ/ਭਾਸ਼ਣਨੁਮਾ ਸੰਵਾਦ ਸੰਦੇਸ਼ਵਾਹਕ ਹੋ ਨਿਬੜਦੇ ਹਨ।ਅੰਤਲਾ ਨਾਅਰਾ ਇਹੋ ਜਿਹਾ ਹੈ: 'ਨਿਕਲੋ ਬਾਹਰਕਾਨੋਂ ਸੇ/ਜੰਗ ਲੜੋ ਬੇਈਮਾਨੋਂ ਸੇ।' ਇਸ ਸੰਕਟਮਈ ਮਾਹੌਲ ਬਾਰੇ ਬੜਾ ਲਿਖਿਆ ਗਿਆ ਹੈ, ਪਰ ਟਿਕਿਆ ਟਿਕਾਊ ਹੈ।ਦਰਜਨ ਭਰ ਪਾਤਰਾਂ ਵਾਲਾ ਛੋਟਾ ਜਿਹਾ ਨਾਟਕ 'ਖੇਤਾਂ ਦਾ ਰਾਖਾ' ਡੂੰਘੇ ਅਰਥਾਂ ਦਾ ਧਾਰਨੀ ਹੈ। ਦਲਿਤ ਹੋਂਦ, ਹੋਣੀ ਅਤੇ ਸੰਵੇਦਨਾ ਨੂੰ ਸਰਮਾਏਦਾਰੀ ਦੇ ਸਮਵਿੱਥ ਰੱਖ ਕੇ ਵਿਚਾਰਿਆ ਗਿਆ ਹੈ।'..ਸਾਰੀ ਉਮਰ ਜੱਟਾਂ ਦੇ ਸੀਰੀ ਰਲੇ ਰਹੇ ਹੁਣ ਮਰਿਆ ਬੰਦਾ ਵੀ ਅਗਲੇ ਆਪਦੇ ਸਿਵਿਆਂ 'ਚ ਫੂਕਣ ਨ੍ਹੀ ਦਿੰਦੇ'। (ਸਫ਼ਾ/64) ਨਾਟਕ ਦਾ ਕੇਂਦਰੀ ਨੁਕਤਾ ਹੈ, ਪਰ ਅੰਤ 'ਤੇ 'ਹਾਂ ਬਾਪੂ ਤੈਨੂੰ ਅਸੀਂ ਖੇਤਾਂ ਦਾ ਰਾਖਾ ਕਿਹਾ ਕਰਾਂਗੇ' (ਸਫ਼ਾ/65) ਸਪੇਸ ਦੇ ਕੇ ਸਾਂਝੀਵਾਲ ਮਾਹੌਲ ਬਣਾਉਣ ਦੀ ਵਕਾਲਤ ਕੀਤੀ ਗਈ ਹੈ। 'ਮੁਕਤੀ ਦਾਤਾ' ਸਮਾਜ ਵਿਚ ਫੋਕੇ ਵਹਿਮਾਂ-ਭਰਮਾਂ ਸੰਬੰਧੀ ਭਰਮ-ਜਾਲ ਸਿਰਜਣ ਵਾਲੇ ਪਾਖੰਡੀ ਸਾਧਾਂ 'ਤੇ ਵਿਅੰਗ ਹੈ।ਤਾਰੋ ਵਰਗੀਆਂ ਔਰਤਾਂ ਦੀ ਗਿਆਨ-ਵਿਹੂਣੀ ਸੋਚ ਤਰਕ ਨੂੰ ਲਾਂਭੇ ਕਰਦੀਆਂ ਹਨ।ਦੀਪੀ, ਗੁਰਦੀਪ ਬਾਬਾ ਅੰਬੇਡਕਰ ਸਾਹਿਬ ਦੇ ਜੀਵਨ ਫਲਸਫ਼ੇ ਨੂੰ ਨਾਲ ਜੋੜ ਕੇ ਸੁਚੇਤ ਕਰਨ ਦੀ ਕੋਸ਼ਿਸ਼ ਕਰਦੇ ਹਨ।

'ਲਾਡੋ' ਨਾਟਕ ਧੀਆਂ ਬਿਨਾਂ ਧਰਤੀ ਨੂੰ ਬੰਜਰ ਮੰਨਦਾ ਹੈ। ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫਤ 'ਚੋਂ ਬਾਹਰ ਕੱਢਣਾ ਲਾਜ਼ਮੀ ਵੀ ਹੈ ਅਤੇ ਚੁਣੌਤੀ ਵੀ।ਸਾਹਿਤ ਰਚਨਾਵਾਂ, ਕਲਾਵਾਂ ਦੀ ਸਹਾਇਤਾ ਨਾਲ ਸਮੱਸਿਆ ਨੂੰ ਨਜਿੱਠਣ ਦੇ ਉਪਰਾਲੇ ਹੋ ਸਕਦੇ ਹਨ। 'ਹੱਲਾ ਬੋਲ !' ਖੇਤੀ ਕਾਨੂੰਨ ਬਿੱਲਾਂ ਬਾਬਤ ਸਾਂਝੇ ਸੰਘਰਸ਼ ਵਿੱਢਣ ਦਾ ਰਾਹ ਦੱਸਦਾ ਹੈ।'ਪੰਜਾਬੋ ਝੰਡੇ ਤੇ ਡੰਡੇ ਅੱਜ ਹੋ ਗਏ ਨੇ ਕਿਰਤੀ ਕਿਸਾਨ ਤੇ ਮਜ਼ਦੂਰ ਕੱਠੇ ਹੁਣ ਦੇਖਦੇ ਆਂ ਕਿਹੜਾ ਸਾਡੇ ਪੰਜਾਬ ਵੱਲ ਅੱਖ ਚੁਕਦਾ ਐ।' (ਸਫ਼ਾ/118)

ਨਾਟਕਾਂ ਦੇ ਵਿਸ਼ਾਗਤ ਸਰੋਕਾਰ ਲੋਕ ਮੁਖੀ ਹਨ। ਸੰਰਚਨਾਤਮਕ ਪੱਧਰ 'ਤੇ ਕਥਾਨਕ, ਤਣਾਅ ਆਦਿ ਪੱਖਾਂ ਵੱਲ ਧਿਆਨ ਦੀ ਲੋੜ ਹੈ। ਦੂਜੇ ਬੰਨੇ ਇਨ੍ਹਾਂ ਨੂੰ ਨੁੱਕੜ ਵਿਚ ਵੀ ਢਾਲਿਆ ਜਾ ਸਕਦਾ ਹੈ। ਤਤਕਾਲੀ ਘਟਨਾਵਾਂ ਦਾ ਫੌਰੀ ਪ੍ਰਤੀਕਰਮ ਪੈਦਾ ਕਰਨਾ ਤੇ ਪ੍ਰਭਾਵ ਨੂੰ ਲੰਮੇ ਸਮੇਂ ਤੱਕ ਜੀਵਤ ਰੱਖਣਾ ਵੱਖਰੇ-ਵੱਖਰੇ ਸਵਾਲ ਵੀ ਹਨ ਤੇ ਅੰਤਰ ਸੰਬੰਧਤ ਵੀ।

**— ਡਾ. ਚੰਦਰ ਪ੍ਰਕਾਸ਼**

# ਪੰਜਾਬੀ ਵਿੱਚ ਵਧੇਰੇ ਗਿਆਨ ਪੈਦਾ ਕਰਨ ਦੀ ਲੋੜ



ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ 37ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫ਼ਰੰਸ 'ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ : ਸਮੱਸਿਆਵਾਂ ਤੇ ਸਮਾਧਾਨ' ਵਿਸ਼ੇ 'ਤੇ ਕਰਵਾਈ ਗਈ। 'ਉਦਘਾਟਨੀ ਸੈਸ਼ਨ' ਵਿੱਚ ਕਾਨਫ਼ਰੰਸ ਦੀ ਰੂਪ-ਰੇਖਾ ਬਾਰੇ ਦੱਸਦਿਆਂ ਵਿਭਾਗ ਦੇ ਮੁਖੀ ਡਾ. ਗੁਰਸੇਵਕ ਸਿੰਘ ਲੰਬੀ ਨੇ ਕਿਹਾ ਕਿ ਯੂਨੀਵਰਸਿਟੀ ਦਾ ਇਹ ਵਿਭਾਗ ਪੰਜਾਬੀ ਭਾਸ਼ਾ ਦੇ ਸਰਬਪੱਖੀ ਵਿਕਾਸ ਲਈ ਸਥਾਪਤ ਕੀਤਾ ਗਿਆ ਹੈ। ਇਸ ਨੇ ਹੁਣ ਤੱਕ 1600 ਦੇ ਕਰੀਬ ਟਾਈਟਲ ਛਾਪੇ ਹਨ, ਜਿਨ੍ਹਾਂ ਵਿੱਚ 130 ਦੇ ਕਰੀਬ ਪੁਸਤਕਾਂ ਵਿਗਿਆਨ ਦੇ ਖੇਤਰ ਨਾਲ ਸੰਬੰਧਤ ਹਨ। ਇਸ ਤੋਂ ਬਿਨਾਂ ਵੱਡ-ਆਕਾਰੀ ਕੋਸ਼, ਰਚਨਾਵਲੀਆਂ, ਸਿਮਰਤੀ ਗ੍ਰੰਥ, ਕਾਨੂੰਨ, ਰਾਜਨੀਤੀ ਵਿਗਿਆਨ, ਸੰਗੀਤ ਖੇਤਰ ਦੀਆਂ ਅਹਿਮ ਪੁਸਤਕਾਂ ਇਸ ਵਿਭਾਗ ਵੱਲੋਂ ਛਾਪੀਆਂ ਗਈਆਂ। ਵਿਭਾਗ ਸਾਲਾਨਾ ਚਾਰ ਖੋਜ-ਪੱਤ੍ਰਿਕਾਵਾਂ 'ਸਮਾਜ ਵਿਗਿਆਨ ਪੱਤਰ', 'ਵਿਗਿਆਨ ਦੇ ਨਕਸ਼', 'ਪੰਜਾਬੀ ਯੂਨੀਵਰਸਿਟੀ ਸੱਭਿਆਚਾਰ ਪੱਤ੍ਰਿਕਾ' ਅਤੇ 'ਸਾਹਿਤਯ ਮਾਰਗ' ਦਾ ਪ੍ਰਕਾਸ਼ਨ ਵੀ ਕਰਦਾ ਹੈ। ਕਾਨਫ਼ਰੰਸ ਦੇ 'ਉਦਘਾਟਨੀ ਸੈਸ਼ਨ' ਵਿੱਚ ਡਾ. ਜਗਦੀਪ ਸਿੰਘ, ਉਪਕੁਲਪਤੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਬੋਲਦਿਆਂ ਕਿਹਾ ਯੂਨੀਵਰਸਿਟੀ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਹਮੇਸ਼ਾ ਪੱਬਾਂ ਭਾਰ ਰਹੀ ਹੈ। ਭਵਿੱਖ ਵਿੱਚ ਸਮੇਂ ਦੇ ਨਾਲ ਬਰ ਮੇਚਦੇ ਕਦਮ ਚੁੱਕੇ ਜਾਣਗੇ। ਆਧੁਨਿਕ ਦੌਰ ਵਿੱਚ ਪੰਜਾਬੀ ਭਾਸ਼ਾ ਵਿੱਚ ਵਿਗਿਆਨ ਦੇ ਵਿਸ਼ਿਆਂ ਨਾਲ ਜੋੜ ਕੇ ਕੰਮ ਕਰਨ ਦੀ ਲੋੜ ਹੈ। ਮੌਜੂਦਾ ਏ.ਆਈ. ਦੇ ਯੁੱਗ ਵਿੱਚ ਸਥਾਨਕ ਭਾਸ਼ਾਵਾਂ ਲਈ ਬਹੁਤ ਸਾਰੀਆਂ ਚੁਣੌਤੀਆਂ ਹਨ, ਜਿਸ ਲਈ ਪੰਜਾਬੀ ਭਾਸ਼ਾ ਵਿੱਚ ਕੰਮ ਕਰਨ ਦੀ ਲੋੜ ਹੈ। ਡਾ. ਬਲਬੀਰ ਸਿੰਘ, ਸਿਹਤ ਮੰਤਰੀ, ਪੰਜਾਬ ਨੇ 'ਮੁੱਖ ਮਹਿਮਾਨ' ਵਜੋਂ ਬੋਲਦਿਆਂ ਕਿਹਾ ਕਿ ਪੰਜਾਬੀ ਦੀ ਸ਼ਬਦਾਵਲੀ ਦੀ ਹਮੇਸ਼ਾ ਵਿਲੱਖਣਤਾ ਰਹੀ ਹੈ। ਉਦਾਹਰਨ ਲਈ ਪੰਜਾਬੀਆਂ ਦੀ ਪਛਾਣ ਵਜੋਂ ਜਾਣਿਆ ਜਾਂਦਾ ਸ਼ਬਦ 'ਚੜ੍ਹਦੀਕਲਾ' ਦਾ ਕਿਸੇ ਹੋਰ ਭਾਸ਼ਾ ਵਿੱਚ ਬਦਲ ਨਹੀਂ ਹੋ ਸਕਦਾ। ਇਸ ਦੌਰ ਵਿੱਚ ਸਾਨੂੰ ਪੁਸਤਕਾਂ ਨਾਲ ਜੁੜਨ ਦੀ ਲੋੜ ਹੈ। 'ਮੁੱਖ-ਸੁਰ ਭਾਸ਼ਣ' ਉੱਘੇ ਜੀਵ ਵਿਗਿਆਨੀ ਡਾ. ਮਲਕੀਅਤ ਸਿੰਘ ਸੈਣੀ ਨੇ ਦਿੱਤਾ, ਜੋ ਦੁਨੀਆ ਭਰ ਵਿੱਚ ਆਪਣੀਆਂ ਖੋਜਾਂ ਕਰਕੇ ਮਕਬੂਲ ਹਨ। ਉਹਨਾਂ ਬੋਲਦਿਆਂ ਇਸ

## ਡਾ. ਗੁਰਸੇਵਕ ਸਿੰਘ ਲੰਬੀ

ਗੱਲ 'ਤੇ ਜ਼ੋਰ ਦਿੱਤਾ ਕਿ ਵਿਗਿਆਨ ਨੂੰ ਪੰਜਾਬੀ ਵਿੱਚ ਲਿਖਣਾ ਬਹੁਤ ਜ਼ਰੂਰੀ ਹੈ। ਜੇਕਰ ਸਾਡੇ ਕੋਲ ਤਕਨੀਕੀ ਸ਼ਬਦਾਂ ਦੀ ਘਾਟ ਹੈ ਤਾਂ ਇਹਨਾਂ ਦੀ ਸਿਰਜਣਾ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਜਦੋਂ ਤੱਕ ਨਵੇਂ ਸ਼ਬਦ ਨਹੀਂ ਘੜੇ ਜਾ ਸਕਦੇ, ਉਦੋਂ ਤੱਕ ਤਤਸਮ ਰੂਪ ਵਿੱਚ ਸ਼ਬਦਾਂ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ। ਆਧੁਨਿਕ ਸਥਿਤੀ ਇਹ ਹੈ ਕਿ ਜਿਹੜੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਨਹੀਂ ਆਉਂਦੀ, ਉਹ ਵਿਗਿਆਨ ਤੋਂ ਦੂਰੀ ਬਣਾ ਲੈਂਦੇ ਹਨ। ਉੱਘੇ ਸਾਈਬਰ ਸੁਰੱਖਿਆ ਮਾਹਿਰ ਡਾ. ਜਸਵੀਰ ਸਿੰਘ ਗਿੱਲ (ਅਮਰੀਕਾ) ਨੇ ਆਰਟੀਫ਼ੀਸ਼ੀਅਲ ਇੰਟੈਲੀਜੈਂਸੀ ਦੇ ਮਹੱਤਵਪੂਰਨ ਨੁਕਤਿਆਂ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਤਕਨੀਕ ਦੇ ਇਸ ਦੌਰ ਵਿੱਚ ਸਾਈਬਰ ਕ੍ਰਾਈਮ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ, ਜੋ ਅੱਜ ਦੀ ਵੱਡੀ ਸਮੱਸਿਆ ਹੈ। ਮੈਂ ਦੁਨੀਆ ਭਰ ਵਿੱਚ ਸਾਈਬਰ ਸੁਰੱਖਿਆ ਦੇ ਹਵਾਲੇ ਨਾਲ ਪੰਜਾਬੀ ਵਿੱਚ ਕਾਰਜ ਕਰਦਾ ਹਾਂ ਤੇ ਸਾਨੂੰ ਇਸ ਖੇਤਰ ਵਿੱਚ ਪੰਜਾਬੀ ਵਿੱਚ ਕਾਰਜ ਕਰਨ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਡਾ. ਜਸਵਿੰਦਰ ਸਿੰਘ ਬਰਾੜ, ਡੀਨ ਅਕਾਦਮਿਕ ਮਾਮਲੇ ਨੇ ਕਾਨਫ਼ਰੰਸ ਦੇ ਉਦਘਾਟਨੀ ਸਮਾਗਮ ਵਿੱਚ 'ਧੰਨਵਾਦੀ ਸ਼ਬਦ' ਸਾਂਝੇ ਕੀਤੇ।

'ਉਦਘਾਟਨੀ ਸੈਸ਼ਨ' ਦੌਰਾਨ ਵਿਭਾਗ ਵੱਲੋਂ ਪਿਛਲੇ ਦਿਨੀਂ ਤਿਆਰ ਕੀਤੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਜਿਹਨਾਂ ਵਿੱਚ 'ਚੋਣਵੀਂ ਸਮਕਾਲੀ ਹਿੰਦੀ ਕਵਿਤਾ' (ਅਨੁਵਾਦਕ ਡਾ. ਭੁਪਿੰਦਰ ਕੌਰ ਪ੍ਰੀਤ, 'ਰੋਹੀਆਂ ਦੇ ਬੋਲ' (ਡਾ. ਨਾਹਰ ਸਿੰਘ), 'ਪੰਜਾਬੀ ਲੋਕ ਕਹਾਣੀਆਂ' (ਡਾ. ਜੋਗਿੰਦਰ ਕੈਰੋਂ), 'ਸਵਾਮੀ ਵਿਵੇਕਾਨੰਦ : ਦਰਸ਼ਨ ਅਤੇ ਵਿਚਾਰ' (ਅਨੁਵਾਦਕ ਹਰਮਿੰਦਰ ਸਿੰਘ ਬੇਦੀ), 'ਵਿਆਹ-ਗੀਤਾਂ ਤੇ ਰਿਸ਼ਤਿਆਂ ਦੀ ਸਤਰੰਗੀ ਪੀਂਘ' (ਮਨਜੀਤ ਕੌਰ ਸੇਖੋਂ), ਖੋਜ-ਪੱਤ੍ਰਿਕਾ 'ਵਿਗਿਆਨ ਦੇ ਨਕਸ਼-ਅੰਕ 49 ਅਤੇ 50' (ਸੰਪਾਦਕ ਡਾ. ਗੁਰਸੇਵਕ ਸਿੰਘ ਲੰਬੀ), 'ਗੁਰੂ ਤੇਗ ਬਹਾਦਰ ਸਾਹਿਬ : ਅਧਿਐਨ, ਸਰਵੇਖਣ ਅਤੇ ਮੁਲਾਂਕਣ, ਭਾਗ ਦੂਜਾ' (ਸੰਪਾਦਕ ਪ੍ਰਦੀਪ ਕੌਰ, ਡਾ. ਰੁਪਿੰਦਰ ਕੌਰ) ਪੁਸਤਕਾਂ ਸ਼ਾਮਲ ਹਨ।

ਕਾਨਫ਼ਰੰਸ ਦੀ ਪਹਿਲੀ ਅਕਾਦਮਿਕ ਬੈਠਕ ਵਿੱਚ ਵਿਗਿਆਨ ਦੇ ਵਿਸ਼ੇ ਨਾਲ ਜੁੜੇ ਹੋਏ ਪੇਪਰ ਸ਼ਾਮਲ ਕੀਤੇ ਗਏ, ਜਿਸ ਵਿੱਚ ਡਾ. ਓਂਕਾਰ ਸਿੰਘ ਵੜੈਚ ਨੇ 'ਪੰਜਾਬ ਦੀਆਂ ਜਲਗਾਹਾਂ ਅਤੇ ਉਹਨਾਂ ਦਾ ਰੱਖ-ਰਖਾਵ' ਵਿਸ਼ੇ 'ਤੇ ਪੇਪਰ ਪੇਸ਼ ਕੀਤਾ। ਉਹਨਾ ਕਿਹਾ ਕਿ ਅਸੀਂ ਆਪਣੇ ਵਾਤਾਵਰਣ ਪ੍ਰਤੀ ਆਪਣੀ ਭਾਸ਼ਾ ਨਾਲ ਸਾਂਝ ਪਾ ਕੇ ਹੀ ਜਾਗਰੂਕ ਹੋ ਸਕਦੇ ਹਾਂ। ਇਸ ਲਈ ਸਾਨੂੰ ਇਹ ਵਿਸ਼ਾ ਆਪਣੀ ਮਾਤ-ਭਾਸ਼ਾ ਵਿੱਚ ਪੜ੍ਹਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਅਸੀਂ ਉਸ ਖਿੱਤੇ ਵਿੱਚ ਵਿਚਰ ਰਹੇ ਹਾਂ। ਦੂਸਰੀ ਭਾਸ਼ਾ ਸਾਡੇ ਭੂਗੋਲ ਅਤੇ ਵਾਤਾਵਰਣ ਨੂੰ ਵਿਅਕਤ ਨਹੀਂ ਕਰ ਸਕਦੀ। ਡਾ. ਕਰਮਜੀਤ ਸਿੰਘ ਨੇ ਭੌਤਿਕ ਵਿਗਿਆਨ ਦੀ ਪੜ੍ਹਾਈ ਪੰਜਾਬੀ ਵਿੱਚ ਕਰਨ ਦੇ ਵਿਸ਼ੇ ਬਾਰੇ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਦੁਨੀਆ ਭਰ ਵਿੱਚ ਜਿੰਨੇ ਵੱਡੇ ਵਿਗਿਆਨੀ ਹੋਏ ਹਨ, ਉਹਨਾਂ ਨੇ ਆਪਣੀ ਖੋਜ ਆਪਣੀ ਮਾਤ-ਭਾਸ਼ਾ ਵਿੱਚ ਹੀ ਪ੍ਰਸਤੁਤ ਕੀਤੀ ਹੈ। ਜੇਕਰ ਭੌਤਿਕ ਵਿਗਿਆਨ ਨੂੰ ਮਾਤ-ਭਾਸ਼ਾ ਵਿੱਚ ਪੜ੍ਹਾਂਗੇ ਤਾਂ ਇਸ ਨਾਲ ਵਿਦਿਆਰਥੀਆਂ ਵਿੱਚ ਸਹਿਜਤਾ ਬਣਦੀ ਹੈ। ਉਹਨਾਂ ਫ਼ਿਕਰ ਜ਼ਾਹਰ ਕੀਤਾ ਕਿ ਦਿਨ-ਬ-ਦਿਨ ਵਿਗਿਆਨ ਦੇ ਖੇਤਰ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਡਾ. ਅਵਨੀਤਪਾਲ ਸਿੰਘ ਨੇ ਬਨਸਪਤੀ ਵਿਗਿਆਨ ਨੂੰ ਪੰਜਾਬੀ ਵਿੱਚ ਪੜ੍ਹਾਉਣ ਦੇ ਲਾਭ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਕਿ ਜਿਹੜੇ ਰੁੱਖ, ਪੌਦੇ ਸਾਡੇ ਆਸੇ-ਪਾਸੇ ਹਨ, ਅਸੀਂ ਉਹਨਾਂ ਦੇ ਨਾਂਅ ਬਚਪਨ ਤੋਂ ਸੁਣਦੇ ਹਾਂ ਤੇ ਜੇਕਰ ਉਸੇ ਹਵਾਲੇ ਨਾਲ ਹੀ ਵਿਦਿਆਰਥੀਆਂ ਨੂੰ ਬਨਸਪਤੀ ਵਿਗਿਆਨ ਪੜ੍ਹਾਇਆ ਜਾਵੇਗਾ ਤਾਂ ਉਹ ਉਸ ਨਾਲ ਇੱਕਸੁਰ ਹੋਣਗੇ। ਉਦਾਹਰਣ ਲਈ ਵਿਦਿਆਰਥੀਆਂ ਨੂੰ 'ਟਾਹਲੀ' ਸ਼ਬਦ ਵਧੇਰੇ ਸਮਝ ਆਵੇਗਾ ਬਜਾਏ 'ਸ਼ੀਸ਼ਮ' ਕਹਿਣ ਦੇ। ਉਹਨਾਂ ਕੁਝ ਦੇਸ਼ਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਉਹ ਦੇਸ਼ ਇਸ ਕਰਕੇ ਤਰੱਕੀ ਦੇ ਰਾਹ 'ਤੇ ਹਨ, ਕਿਉਂਕਿ ਉਹ ਵਿਗਿਆਨ ਨੂੰ ਆਪਣੀ ਭਾਸ਼ਾ ਵਿੱਚ ਪੜ੍ਹਾਉਂਦੇ ਹਨ। ਡਾ. ਗੁਰਸ਼ਰਨ ਬਾਂਸਲ ਨੇ ਆਪਣੇ ਪਰਚੇ ਵਿੱਚ ਕਿਹਾ ਕਿ ਇਹ ਗੱਲ ਮਹੱਤਵਪੂਰਨ ਹੈ ਕਿ ਸ਼ਬਦ ਨੂੰ ਕਿਵੇਂ, ਕਿੱਥੇ ਅਤੇ ਕਿਸ ਤਰੀਕੇ ਨਾਲ ਪ੍ਰਯੋਗ ਕਰਨਾ ਹੈ? ਮਾਤ-ਭਾਸ਼ਾ ਦੀ ਪੜ੍ਹਾਈ ਇਸ ਗੱਲ ਵਿੱਚ ਮਦਦ ਕਰਦੀ ਹੈ। ਉਦਾਹਰਣ ਲਈ 'ਡਰੱਗ' ਸ਼ਬਦ ਵਿਗਿਆਨ ਦੀ ਭਾਸ਼ਾ ਵਿੱਚ ਦਵਾਈ ਦਾ ਅਰਥ ਦਿੰਦਾ ਹੈ, ਜਦਕਿ ਪੰਜਾਬੀ ਵਿੱਚ 'ਡਰੱਗ' ਦੇ ਨਾਕਾਰਾਤਮਕ ਅਰਥ ਲਏ ਜਾਂਦੇ ਹਨ। ਇਸ ਲਈ ਤਕਨੀਕੀ ਸ਼ਬਦਾਵਲੀ ਨੂੰ ਘੜਦਿਆਂ ਬਹੁਤ ਸੁਚੇਤ ਰਹਿਣ ਦੀ ਲੋੜ ਹੈ। ਡਾ. ਰਾਜਵਿੰਦਰ ਸਿੰਘ, 'ਉਚੇਰੀ ਸਿੱਖਿਆ ਵਿੱਚ ਪੰਜਾਬੀ ਦੇ ਨੈਚੁਰਲ ਲੈਂਗੂਏਜ਼ ਪ੍ਰੋਸੈਸ (ਟੀ:ਸ਼ੀ) ਨਮੂਨਿਆਂ ਦੀ ਵਰਤੋਂ : ਸਥਿਤੀ, ਸੰਭਾਵਨਾਵਾਂ ਤੇ ਚੁਣੌਤੀਆਂ' ਵਿਸ਼ੇ 'ਤੇ ਪੇਪਰ ਪ੍ਰਸਤੁਤ ਕਰਦਿਆਂ ਦੱਸਿਆ ਕਿ ਤਕਨੀਕ ਜ਼ਿਆਦਾਤਰ ਨੈਚੁਰਲ ਲੈਂਗੂਏਜ਼ ਪ੍ਰੋਸੈਸ 'ਤੇ ਹੀ ਨਿਰਭਰ ਹੁੰਦੀ ਹੈ। ਜਿਵੇਂ ਲੋਕ-ਸਾਹਿਤ ਪੀੜ੍ਹੀ-ਦਰ-ਪੀੜ੍ਹੀ ਅੱਗੇ ਵਧਦਾ ਹੈ, ਉਵੇਂ ਏ.ਆਈ. ਆਪਣਾ ਗਿਆਨ ਮਸ਼ੀਨਾਂ ਤੋਂ ਅਗਾਂਹ ਮਸ਼ੀਨਾਂ ਤੱਕ ਪੀੜ੍ਹੀ-ਦਰ-ਪੀੜ੍ਹੀ ਪਹੁੰਚਾਉਂਦੀ ਹੈ। ਹੌਲੀ-ਹੌਲੀ ਏ.ਆਈ. ਦੇ ਸੰਦ ਬਹੁਤ ਸ਼ਕਤੀਸ਼ਾਲੀ ਹੋ ਜਾਣਗੇ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਜਸਪਾਲ ਕੌਰ ਕਾਂਗ ਨੇ ਕੀਤੀ, ਜਿਨ੍ਹਾਂ ਨੇ ਇਸ ਨੁਕਤੇ 'ਤੇ ਜ਼ੋਰ ਦਿੱਤਾ ਕਿ ਹਰ ਵਿਸ਼ੇ ਨੂੰ ਪੰਜਾਬੀ ਵਿੱਚ ਪੜ੍ਹਾਉਣ ਲਈ ਪਾਠ-ਪੁਸਤਕਾਂ ਮੁਹੱਈਆ ਕਰਵਾਉਣ ਦੀ ਲੋੜ ਹੈ। ਸਮਾਨਾਂਤਰ ਚੱਲੇ ਸੈਸ਼ਨ ਵਿੱਚ ਡਾ. ਸੰਦੀਪ ਸਿੰਘ ਨੇ 'ਨਵੀਂ ਸਿੱਖਿਆ ਨੀਤੀ ਦੌਰਾਨ ਖੇਤਰੀ ਭਾਸ਼ਾਵਾਂ', ਡਾ. ਗੁਰਮੇਲ ਸਿੰਘ ਨੇ 'ਭਾਸ਼ਾ ਵਿਸ਼ੇਸ਼ ਦੀ ਪਾਠ-ਪੁਸਤਕ ਦਾ ਨਿਰਮਾਣ', ਸ੍ਰੀ ਰਵਿੰਦਰ ਕੁਮਾਰ ਨੇ 'ਸੰਸਕ੍ਰਿਤ ਗ੍ਰੰਥਾਂ ਨੂੰ ਪੰਜਾਬੀ ਵਿੱਚ ਪੜ੍ਹਾਉਣ ਦੀਆਂ ਸਮੱਸਿਆਵਾਂ ਅਤੇ ਸਮਾਧਾਨ', ਡਾ. ਅਰਵਿੰਦਰ ਸਿੰਘ ਨੇ 'ਉਚੇਰੀ ਸਿੱਖਿਆ ਵਿੱਚ ਤਕਨੀਕ ਨਾਲ ਸੰਬੰਧਤ ਪੁਸਤਕਾਂ ਨੂੰ ਪੰਜਾਬੀ ਵਿੱਚ ਪ੍ਰਕਾਸ਼ਿਤ ਕਰਨ ਸਮੇਂ ਆਉਣ ਵਾਲੀਆਂ ਸਮੱਸਿਆਵਾਂ ਅਤੇ ਸਮਾਧਾਨ', ਡਾ. ਸਰਬਜੀਤ ਸਿੰਘ ਨੇ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ : ਉੱਚ ਸਿੱਖਿਆ ਅਤੇ ਪੰਜਾਬੀ ਭਾਸ਼ਾ ਦੀ ਸਥਿਤੀ', ਡਾ. ਗੁਰਜੰਟ ਸਿੰਘ ਨੇ 'ਪੰਜਾਬ ਦੀ ਇੰਜੀਨੀਅਰਿੰਗ ਸਿੱਖਿਆ ਵਿੱਚ ਮਾਤ-ਭਾਸ਼ਾ ਦੀ ਭੂਮਿਕਾ ਅਤੇ ਮਹੱਤਵ', ਡਾ. ਮੋਹਨ ਸਿੰਘ ਤਿਆਗੀ ਨੇ 'ਪੰਜਾਬੀ ਲੋਕਧਾਰਾ ਅਧਿਐਨ ਸੰਬੰਧੀ ਸਮੱਸਿਆਵਾਂ ਅਤੇ ਸਮਾਧਾਨ (ਪੰਜਾਬ ਦੇ ਕਬੀਲਿਆਂ ਦੇ ਵਿਸ਼ੇਸ਼ ਪ੍ਰਸੰਗ ਵਿੱਚ)' ਵਿਸ਼ਿਆਂ 'ਤੇ ਪੇਪਰ ਪ੍ਰਸਤੁਤ ਕੀਤੇ।

ਕਾਨਫ਼ਰੰਸ ਦੀ ਦੂਜੀ ਅਕਾਦਮਿਕ ਬੈਠਕ ਕਲਾ, ਸਾਹਿਤ, ਲੋਕਧਾਰਾ, ਸੱਭਿਆਚਾਰ ਉੱਤੇ ਕੇਂਦਰਤ ਸੀ, ਜਿਸ ਵਿੱਚ ਡਾ. ਕੁਲਦੀਪ ਸਿੰਘ ਦੀਪ ਨੇ 'ਸਰਕਾਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ? 'ਤੇ ਹੋ ਰਹੀ ਹੈ' ਬਾਰੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਕਿਹਾ ਕਿ ਉਚੇਰੀ ਸਿੱਖਿਆ ਦੀ ਬੁਨਿਆਦ ਸਕੂਲੀ ਸਿੱਖਿਆ ਹੈ। ਇਸ ਲਈ ਸਾਨੂੰ ਮੈਦਾਨੀ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ। ਜਦੋਂ ਵਿਦਿਆਰਥੀ ਦਸਵੀਂ ਤੋਂ ਬਾਅਦ ਗਿਆਰ੍ਹਵੀਂ ਜਾਂ ਬਾਰ੍ਹਵੀਂ ਵਿੱਚ ਵਿਗਿਆਨ ਦੇ ਖੇਤਰ ਨੂੰ ਚੁਣਦਾ ਹੈ ਤਾਂ ਉਸ ਲਈ ਅੰਗਰੇਜ਼ੀ ਭਾਸ਼ਾ ਅੜਿੱਕਾ ਬਣ ਜਾਂਦੀ ਹੈ। ਇਸ ਲਈ ਵਿਗਿਆਨ ਦੀਆਂ ਪੁਸਤਕਾਂ ਮੁਹੱਈਆ ਕਰਵਾਉਣ ਦੀ ਲੋੜ ਹੈ। ਇਹੀ ਸਥਿਤੀ ਸਮਾਜ-ਵਿਗਿਆਨ, ਕਾਨੂੰਨ ਆਦਿ ਵਿਸ਼ਿਆਂ ਦੀ ਵੀ ਹੈ। ਡਾ. ਨਿਵੇਦਿਤਾ ਸਿੰਘ ਨੇ 'ਪੰਜਾਬੀ ਭਾਸ਼ਾ ਵਿੱਚ ਸੰਗੀਤ ਦੀ ਪੜ੍ਹਾਈ ਦੇ ਮਹੱਤਵ' ਬਾਰੇ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੇ ਇਸ ਖੇਤਰ ਵਿੱਚ ਕਾਫੀ ਕੰਮ ਕੀਤਾ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਗੀਤ ਦੇ ਖੇਤਰ ਦੀਆਂ ਬਹੁਤ ਸਾਰੀਆਂ ਪੁਸਤਕਾਂ ਪੰਜਾਬੀ ਵਿੱਚ ਲਿਖਵਾਈਆਂ ਹਨ। ਜੇਕਰ ਭਾਰਤੀ ਸੰਗੀਤ ਦੀ ਪਰੰਪਰਾ ਨੂੰ ਦੇਖਿਆ ਜਾਵੇ ਤਾਂ ਬਹੁਤ ਸਾਰੇ ਰਾਗ ਪੰਜਾਬੀ ਦੀਆਂ ਤਰਜ਼ਾਂ ਨਾਲ ਮੇਲ ਖਾਂਦੇ ਹਨ। ਡਾ. ਰਾਜਵੰਤ ਕੌਰ ਪੰਜਾਬੀ ਨੇ 'ਤਕਨੀਕੀ ਯੁੱਗ ਵਿੱਚ ਉਚੇਰੀ ਸਿੱਖਿਆ ਵਿੱਚ ਲੋਕਧਾਰਾ ਦਾ ਅਧਿਆਪਨ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਸਮੇਂ ਲੋਕਧਾਰਾ ਦੇ ਅਧਿਆਪਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ, ਕਿਉਂਕਿ ਲੋਕਧਾਰਾ ਦੀ ਪੇਸ਼ਕਾਰੀ ਜੀਵੰਤ ਰੂਪ ਵਿੱਚ ਪ੍ਰਾਪਤ ਹੁੰਦੀ ਹੈ, ਜਿਸ ਨੂੰ ਸਾਂਭਣ ਦੀ ਲੋੜ ਹੈ। ਤਕਨੀਕ ਜ਼ਰੀਏ ਲੋਕਧਾਰਾ ਦੀਆਂ ਵੰਨਗੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਤਾਂ ਜਾ ਸਕਦਾ ਹੈ, ਪਰ ਉਸ ਵਿੱਚ ਭਾਵਨਾਤਮਕ ਭਾਵ ਹਲਕਾ ਰਹਿ ਜਾਂਦਾ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਡਾ. ਹਰਪਾਲ ਸਿੰਘ ਪੰਨੂ ਨੇ ਕੀਤੀ, ਜਿਹਨਾਂ ਨੇ ਪ੍ਰਧਾਨਗੀ ਭਾਸ਼ਣ ਵਿੱਚ ਲੋਕਧਾਰਾਈ ਸਮੱਗਰੀ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ। ਕਾਨਫ਼ਰੰਸ ਦੀ ਤੀਜੀ ਅਕਾਦਮਿਕ ਬੈਠਕ ਦਾ ਆਯੋਜਨ ਵਿਚਾਰ-ਚਰਚਾ ਵਜੋਂ ਕੀਤਾ ਗਿਆ, ਜਿਸ ਵਿੱਚ ਮਨਦੀਪ ਸਿੰਘ ਚਹਿਲ ਜੋ ਸਕੂਲ ਸਿੱਖਿਆ ਵਿਭਾਗ ਵਿੱਚ ਲੈਕਚਰਾਰ ਵਜੋਂ ਤਾਇਨਾਤ ਹਨ, ਨੇ 'ਕੁਆਂਟਮ ਫ਼ਿਜ਼ੀਕਸ' ਬਾਰੇ ਪੰਜਾਬੀ ਵਿੱਚ ਕਈ ਕਿਤਾਬਾਂ ਲਿਖੀਆਂ। ਉਹਨਾਂ ਨੇ ਆਪਣੀ ਪ੍ਰੇਰਨਾ ਅਤੇ ਅਨੁਭਵ ਸਾਂਝੇ ਕੀਤੇ। ਮਨਦੀਪ ਸਿੰਘ ਚਹਿਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰਬਾਣੀ ਵਿੱਚ ਬਹੁਤ ਸਾਰੀ ਸ਼ਬਦਾਵਲੀ ਉਪਲੱਬਧ ਹੈ, ਜਿਸ ਤੋਂ ਸਾਨੂੰ ਸੇਧ ਲੈਣ ਦੀ ਲੋੜ ਹੈ। ਮੈਂ ਇਹ ਖੇਤਰ ਇਸ ਕਰਕੇ ਚੁਣਿਆ, ਕਿਉਂਕਿ ਬਹੁਤ ਸਾਰੇ ਵਿਦਿਆਰਥੀਆਂ ਲਈ ਵਿਗਿਆਨ ਦੀ ਪਾਠ-ਸਮੱਗਰੀ ਪੰਜਾਬੀ ਵਿੱਚ ਉਪਲੱਬਧ ਨਹੀਂ ਹੁੰਦੀ ਸੀ। ਡਾ. ਸਤਦੀਪ ਸਿੰਘ ਗਿੱਲ ਜੋ ਪੰਜਾਬੀ ਦੇ ਹਵਾਲੇ ਨਾਲ ਵਿਕੀਪੀਡੀਆ ਲਈ ਕਾਰਜ ਕਰਦੇ ਹਨ, ਨੇ ਦੱਸਿਆ ਕਿ ਉਸ ਨੇ ਕਈ ਹਜ਼ਾਰ ਐਂਟਰੀਆਂ ਪੰਜਾਬੀ ਵਿਸ਼ੇ ਨਾਲ ਸੰਬੰਧਤ ਵਿਕੀਪੀਡੀਆ ਲਈ ਲਿਖੀਆਂ ਹਨ। ਇਹ ਉਹ ਪਲੇਟਫਾਰਮ ਹੈ, ਜੋ ਅੰਤਰਰਾਸ਼ਟਰੀ ਪੱਧਰ 'ਤੇ ਕਾਰਜ ਕਰਦਾ ਹੈ, ਜਿਸ ਨਾਲ ਤੁਸੀਂ ਪੰਜਾਬੀ ਦੇ ਗਿਆਨ ਨੂੰ ਪੂਰੀ ਦੁਨੀਆ ਵਿੱਚ ਪਹੁੰਚਾ ਸਕਦੇ ਹੋ। ਇਸ ਵਿਚਾਰ-ਚਰਚਾ ਵਿੱਚ ਸ਼ਾਮਲ ਹੋਏ ਡਾ. ਯੋਗਰਾਜ ਅੰਗਰਿਸ਼ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹਨਾਂ ਨੂੰ ਰੁਜ਼ਗਾਰ ਇਸ ਕਰਕੇ ਮਿਲਿਆ ਹੈ ਕਿ ਉਹਨਾਂ ਨੇ ਆਪਣੀ ਪੜ੍ਹਾਈ ਮਾਤ-ਭਾਸ਼ਾ ਵਿੱਚ ਕੀਤੀ ਸੀ। ਜੇਕਰ ਸਾਡੀ ਨਿਪੁੰਨਤਾ ਮਾਤ-ਭਾਸ਼ਾ ਵਿੱਚ ਹੋਵੇਗੀ ਤਾਂ ਅਸੀਂ ਦੂਸਰੀ ਭਾਸ਼ਾ ਨੂੰ ਸੌਖਿਆਂ ਸਿੱਖ ਸਕਦੇ ਹਾਂ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਉੱਘੇ ਚਿੰਤਕ ਨੇ ਕੀਤੀ। ਉਹਨਾਂ ਆਪਣੇ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਦੇ ਮਸਲੇ ਨੂੰ ਕੌਮੀ ਪੱਧਰ ਤੋਂ ਉੱਠ ਕੇ ਦੇਖਣਾ ਚਾਹੀਦਾ ਹੈ। ਦੂਜੀ ਭਾਸ਼ਾ ਸਾਨੂੰ ਪ੍ਰੋਫ਼ੈਸ਼ਨਲ ਤਾਂ ਬਣਾ ਦਿੰਦੀ ਹੈ, ਪਰ ਸਿੱਖਿਅਕ ਨਹੀਂ ਬਣਾਉਂਦੀ। ਭਾਸ਼ਾਈ ਸਾਮਰਾਜ ਕਿਸੇ ਖਿੱਤੇ ਦੇ ਅਵਚੇਤਨ ਨੂੰ ਕਾਬੂ ਵਿੱਚ ਰੱਖਣ ਦੇ ਸਮਰੱਥ ਹੁੰਦਾ ਹੈ। ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੀ ਜ਼ਰੂਰਤ ਹੈ। ਇਸ ਅਕਾਦਮਿਕ ਬੈਠਕ ਵਿੱਚ ਡਾ. ਸੁਰਜੀਤ ਸਿੰਘ ਨੇ ਚਰਚਾਕਾਰ ਦੀ ਭੂਮਿਕਾ ਨਿਭਾਈ। ਉਹਨਾਂ ਪੰਜਾਬੀ ਭਾਸ਼ਾ ਦੀ ਅਹਿਮੀਅਤ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਾਨੂੰ ਮਾਤ-ਭਾਸ਼ਾ ਵਿੱਚ ਵਧੇਰੇ ਮੌਕੇ ਪੈਦਾ ਕਰਨ ਦੀ ਲੋੜ ਹੈ। ਮੌਕਿਆਂ ਦੀ ਘਾਟ ਹੀ ਸਾਨੂੰ ਦੂਜੀ ਭਾਸ਼ਾ ਵੱਲ ਮੋੜ ਦਿੰਦੀ ਹੈ। ਕਾਨਫ਼ਰੰਸ ਦੀ ਚੌਥੀ ਅਕਾਦਮਿਕ ਬੈਠਕ ਸਮਾਜ-ਵਿਗਿਆਨ ਦੇ ਵਿਸ਼ਿਆਂ ਨਾਲ ਸੰਬੰਧਤ ਉਲੀਕੀ ਗਈ, ਜਿਸ ਵਿੱਚ ਇਹ ਜਾਨਣ ਦੀ ਕੋਸ਼ਿਸ਼ ਰਹੀ ਕਿ ਸਮਾਜ-ਵਿਗਿਆਨ ਦੇ ਵਿਸ਼ੇ ਪੰਜਾਬੀ ਵਿੱਚ ਪੜ੍ਹਾਉਣ ਸਮੇਂ ਕੀ ਸਮੱਸਿਆਵਾਂ ਆਉਂਦੀਆਂ ਹਨ ਤੇ ਉਹਨਾਂ ਦੇ ਹੱਲ ਕੀ ਲੱਭੇ ਜਾ ਸਕਦੇ ਹਨ? ਡਾ. ਸੁਖਮਿੰਦਰ ਕੌਰ ਨੇ ਕਿਹਾ ਕਿ ਮਾਤ-ਭਾਸ਼ਾ ਸਾਡੀ ਮਾਨਸਿਕਤਾ ਨੂੰ ਖ਼ੂਬਸੂਰਤੀ ਨਾਲ ਬਿਆਨ ਕਰ ਸਕਦੀ ਹੈ। ਮਾਤ-ਭਾਸ਼ਾ ਦੀ ਪੜ੍ਹਾਈ ਕਰਵਾਉਣ ਸੰਬੰਧੀ ਸਿਰਫ਼ ਵਿਦਿਆਰਥੀਆਂ ਨੂੰ ਹੀ ਨਹੀਂ, ਮਾਪਿਆਂ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ, ਜਿਸ ਬਾਰੇ ਵਰਕਸ਼ਾਪਾਂ ਦਾ ਆਯੋਜਨ ਕਰਨਾ ਬਣਦਾ ਹੈ। ਉਹਨਾਂ ਨੇ ਮਨ ਅਤੇ ਭਾਸ਼ਾ ਦੇ ਸੰਬੰਧਾਂ ਬਾਰੇ ਚੌਮਸਕੀ ਦੀਆਂ ਧਾਰਨਾਵਾਂ ਦੇ ਹਵਾਲੇ ਨਾਲ ਗੱਲ ਕੀਤੀ। ਡਾ. ਜਤਿੰਦਰ ਗਰੇਵਰ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਭਾਸ਼ਾ ਦੇ ਮਿਆਰ ਦੀ ਸਥਿਤੀ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮੇਂ ਚੰਗੀਆਂ ਕਿਤਾਬਾਂ ਦੀ ਘਾਟ ਹੈ। ਸਾਡੇ ਕੋਲ ਅਕਾਦਮਿਕ ਸ੍ਰੋਤ ਵੀ ਨਹੀਂ ਹਨ, ਜਿਸ ਬਾਰੇ ਕੰਮ ਕਰਨ ਦੀ ਲੋੜ ਹੈ। ਸਾਨੂੰ ਇਸ ਗੱਲ 'ਤੇ ਵੀ ਜ਼ੋਰ ਦੇਣਾ ਚਾਹੀਦਾ ਹੈ ਕਿ ਨੌਕਰੀਆਂ ਵਿੱਚ ਪੰਜਾਬੀ ਭਾਸ਼ਾ ਵਿੱਚ ਗਿਆਨ ਪ੍ਰਾਪਤ ਕਰਨ ਵਾਲੇ ਨੌਜੁਆਨਾਂ ਨੂੰ ਪਹਿਲਤਾ ਮਿਲੇ ਤਾਂ ਕਿ ਅੰਗਰੇਜ਼ੀ ਦਾ ਦਾਬਾ ਘਟ ਸਕੇ। ਸਾਨੂੰ ਸਾਹਿਤ ਸਭਾਵਾਂ, ਅਕਾਦਮਿਕ ਸੰਸਥਾਵਾਂ ਤੋਂ ਮਦਦ ਲੈਣ ਦੀ ਲੋੜ ਹੈ। ਪੰਜਾਬੀ ਬੋਲਦੇ ਬੱਚੇ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ ਦੀ ਲੋੜ ਹੈ। ਹਰ ਤਰ੍ਹਾਂ ਦੀ ਖੋਜ ਪੰਜਾਬੀ ਵਿੱਚ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਡਾ. ਕੁਲਦੀਪ ਸਿੰਘ ਨੇ ਆਪਣਾ ਪੇਪਰ ਮੈਕਾਲੇ ਦੀਆਂ ਧਾਰਨਾਵਾਂ ਨਾਲ ਪੇਸ਼ ਕੀਤਾ। ਇਸ ਸਮੇਂ ਸਿੱਖਿਆ ਦਾ ਬਜਟ ਬਹੁਤ ਘੱਟ ਰੱਖਿਆ ਜਾਂਦਾ ਹੈ, ਜਿਸ ਨੂੰ ਵਧਾਉਣ ਦੀ ਲੋੜ ਹੈ। ਜਿੰਨੀ ਦੇਰ ਵਿੱਦਿਅਕ ਢਾਂਚਾ ਮਜ਼ਬੂਤ ਨਹੀਂ ਹੁੰਦਾ, ਸਿੱਖਿਆ ਦੇ ਮਿਆਰ ਨੂੰ ਉੱਚਾ ਨਹੀਂ ਚੁੱਕਿਆ ਜਾ ਸਕਦਾ। ਡਿਜ਼ੀਟਲ ਐਜੂਕੇਸ਼ਨ ਦੀ ਬਜਾਇ ਸਿੱਖਿਆ ਦੀ ਗੁਰੂਕੁਲ ਪ੍ਰੰਪਰਾ ਵਧੇਰੇ ਕਾਰਗਰ ਹੈ। ਇਸ ਵੇਲੇ ਬੌਧਿਕ ਤਬਕਾ ਆਮ ਲੋਕਾਂ ਤੋਂ ਟੁੱਟ ਚੁੱਕਾ ਹੈ। ਇਹ ਰਿਸ਼ਤਾ ਦੁਬਾਰਾ ਖੜ੍ਹਾ ਕਰਨ ਦੀ ਲੋੜ ਹੈ। ਡਾ. ਸਤਬੀਰ ਸਿੰਘ ਨੇ 'ਆਰਟੀਫ਼ੀਸ਼ੀਅਲ ਇੰਟੈਲੀਜੈਂਸੀ ਦਾ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਵਿੱਚ ਪਾਸਾਰ, ਪ੍ਰਭਾਵ ਅਤੇ ਚੁਣੌਤੀਆਂ' ਵਿਸ਼ੇ 'ਤੇ ਬੋਲਦਿਆਂ ਦੱਸਿਆ ਕਿ ਇਸ ਸਮੇਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਸਮਝ ਵਧਾਉਣ ਲਈ ਅਤੇ ਭਾਸ਼ਾਈ ਸੌਖ ਪੈਦਾ ਕਰਨ ਲਈ ਕਈ ਐਪਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬੀ ਭਾਸ਼ਾ ਦੇ ਪਾਸਾਰ ਵਿੱਚ ਏ.ਆਈ. ਕਾਫੀ ਭੂਮਿਕਾ ਨਿਭਾਅ ਰਹੀ ਹੈ। ਮਸ਼ੀਨ ਸਿੱਖਿਆ ਅਤੇ ਮਾਡਲਾਂ ਨਾਲ ਬੋਲੀ ਅਤੇ ਭਾਸ਼ਾ ਦੀ ਸਹੀ ਪਛਾਣ ਹੋਣ ਲੱਗ ਪਈ ਹੈ। ਪੰਜਾਬੀ ਪਾਠਕ, ਲੇਖਕ ਅਤੇ ਬੁੱਧੀਜੀਵੀ ਇੰਟਰਨੈੱਟ 'ਤੇ ਵੱਧ ਤੋਂ ਵੱਧ ਪੰਜਾਬੀ ਵਿੱਚ ਲਿਖਣ ਤਾਂ ਕਿ ਪੰਜਾਬੀ ਵਿੱਚ ਵਧੇਰੇ ਸਮੱਗਰੀ ਪੈਦਾ ਹੋ ਸਕੇ ਤੇ ਏ.ਆਈ. ਇਸ ਦੀ ਵਰਤੋਂ ਕਰ ਸਕੇ। ਇਸ ਸੈਸ਼ਨ ਦੀ ਪ੍ਰਧਾਨਗੀ 'ਚ ਡਾ. ਸੁਮੇਲ ਸਿੰਘ ਸਿੱਧੂ ਨੇ ਕੀਤੀ। ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਪੰਜਾਬੀ ਦੇ ਨਾਂਅ 'ਤੇ ਬਣੇ ਸੂਬੇ ਵਿੱਚ ਅਸੀਂ ਉਦਾਸੀ ਦੇ ਆਲਮ ਵਿੱਚ ਹਾਂ। ਨੱਬੇਵਿਆਂ ਦੇ ਦਹਾਕੇ ਬਾਅਦ ਪੰਜਾਬ ਵਿੱਚ ਬੌਧਿਕ ਕੰਗਾਲੀ ਪੱਸਰੀ ਹੋਈ ਹੈ। ਪੰਜਾਬ ਦਾ ਬੌਧਿਕ ਮਿਆਰ ਉੱਚਾ ਚੁੱਕਣ ਦੀ ਲੋੜ ਹੈ। ਕਾਨਫ਼ਰੰਸ ਦੀ ਪੰਜਵੀਂ ਅਕਾਦਮਿਕ ਬੈਠਕ ਵਿੱਚ ਡਾ. ਜੋਗਾ ਸਿੰਘ, ਡਾ. ਬੂਟਾ ਸਿੰਘ ਬਰਾੜ, ਸ. ਜਸਵੰਤ ਸਿੰਘ ਜ਼ਫ਼ਰ, ਸ. ਸੁਖਦਰਸ਼ਨ ਸਿੰਘ, ਡਾ. ਸਿਕੰਦਰ ਸਿੰਘ, ਡਾ. ਸੀ.ਪੀ. ਕੰਬੋਜ ਨੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਡਾ. ਗੁਰਮੁਖ ਸਿੰਘ ਨੇ ਚਰਚਾਕਾਰ ਵਜੋਂ ਭੂਮਿਕਾ ਨਿਭਾਈ। ਡਾ. ਜੋਗਾ ਸਿੰਘ ਨੇ ਪੰਜਾਬੀ ਮਾਧਿਅਮ ਵਿੱਚ ਉਚੇਰੀ ਪੜ੍ਹਾਈ : ਕਿੱਥੋਂ ਤੇ ਕਿਵੇਂ ਕਰੀਏ? ਵਿਸ਼ੇ 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜਿੰਨੀ ਵਧੀਆ ਪੜ੍ਹਾਈ ਮਾਤ-ਭਾਸ਼ਾ ਵਿੱਚ ਕੀਤੀ ਜਾ ਸਕਦੀ ਹੈ, ਕਿਸੇ ਹੋਰ ਭਾਸ਼ਾ ਵਿੱਚ ਨਹੀਂ। ਸ. ਸੁਖਦਰਸ਼ਨ ਸਿੰਘ ਨੇ ਪੰਜਾਬੀ ਭਾਸ਼ਾ ਵਿੱਚ ਵਿਗਿਆਨ ਪੜ੍ਹਨ ਅਤੇ ਪੜ੍ਹਾਉਣ ਦੀਆਂ ਦਿੱਕਤਾਂ 'ਤੇ ਗੱਲ ਕੀਤੀ। ਅੰਗਰੇਜ਼ੀ ਵਿੱਚ ਪਿੰਡਾਂ ਦੇ ਵਿਦਿਆਰਥੀਆਂ ਨੂੰ ਸੰਕਲਪ ਸਮਝਣ ਵਿੱਚ ਦਿੱਕਤ ਆਉਂਦੀ ਹੈ ਜਿਸ ਕਰਕੇ ਉਹ ਵਾਰ-ਵਾਰ ਆਪਣੀ ਸਟਰੀਮ ਬਦਲ ਲੈਂਦੇ ਹਨ। ਵਰਕਸ਼ਾਪਾਂ ਰਾਹੀਂ ਅਧਿਆਪਕਾਂ ਨੂੰ ਵਿਗਿਆਨ, ਇੰਜੀਨੀਅਰਿੰਗ ਅਤੇ ਤਕਨੀਕੀ ਵਿਸ਼ਿਆਂ ਦੀ ਪੜ੍ਹਾਈ ਪੰਜਾਬੀ ਵਿੱਚ ਕਰਨ ਬਾਰੇ ਟ੍ਰੇਨਿੰਗ ਦੇਣੀ ਚਾਹੀਦੀ ਹੈ। ਡਾ. ਸੀ.ਪੀ. ਕੰਬੋਜ ਨੇ 'ਉੱਚ ਸਿੱਖਿਆ ਵਿੱਚ ਪੰਜਾਬੀ ਮਾਧਿਅਮ ਰਾਹੀਂ ਕੰਪਿਊਟਰ ਵਿਗਿਆਨ ਦੀ ਪੜ੍ਹਾਈ' ਵਿਸ਼ੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਪੂਰੀ ਦੁਨੀਆਂ ਵਿੱਚ ਕੀ ਹੋ ਰਿਹਾ ਹੈ ਤੇ ਅਸੀਂ ਕਿੱਥੇ ਖੜ੍ਹੇ ਹੋਏ ਹਾਂ? ਕੰਪਿਊਟਰ ਦੀ ਵਰਤੋਂ ਨਾਲ ਬਹੁਤ ਸਾਰੇ ਮਸਲੇ ਵੀ ਖੜ੍ਹੇ ਹੋਏ ਹਨ, ਜਿਵੇਂ ਕਿ ਇਸ ਵੇਲੇ ਸੈਂਕੜੇ ਪੰਜਾਬੀ ਫੌਂਟ ਹਨ, ਪਰ ਠੀਕ ਵਰਤੋਯੋਗ ਕਿਹੜਾ ਹੈ? ਇਹ ਵੀ ਵੱਡਾ ਮਸਲਾ ਹੈ। ਤਕਨੀਕੀ ਸ਼ਬਦਾਵਲੀ ਦੀ ਘਾਟ ਹੈ, ਜਿਸ ਬਾਰੇ ਹੱਲ ਲੱਭਣ ਦੀ ਲੋੜ ਹੈ। ਉਹਨਾਂ ਨੇ ਡਾਟਾ ਸਾਂਝ ਕੀਤਾ ਕਿ ਭਾਰਤੀ ਭਾਸ਼ਾਵਾਂ ਦੇ ਸਿਰਫ਼ 35 ਫ਼ੀਸਦੀ ਸ਼ਬਦ ਹੀ ਅਨੁਵਾਦ ਹੋਏ ਹਨ, ਸੋ ਇਹਨਾਂ ਖੇਤਰਾਂ ਵਿੱਚ ਕਾਰਜ ਕਰਨਾ ਬਣਦਾ ਹੈ। ਡਾ. ਸਿਕੰਦਰ ਸਿੰਘ ਨੇ 'ਸ਼ਬਦ ਘੜਨ ਦੀਆਂ ਮਾਨਸਿਕ ਗੁੰਝਲਾਂ' ਵਿਸ਼ੇ 'ਤੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਬੁਨਿਆਦੀ ਰੂਪ ਵਿੱਚ ਜੋ ਸ਼ਬਦ ਸਾਡੇ ਕੋਲ ਹਨ, ਉਹਨਾਂ ਦੀ ਵਰਤੋਂ ਕਰੋ ਜਾਂ ਫਿਰ ਤਤਸਮ ਰੂਪ ਵਿੱਚ ਸ਼ਬਦ ਲਵੋ। ਭਾਰਤ ਦੇ ਦੱਖਣ ਖੇਤਰ ਦੀਆਂ ਯੂਨੀਵਰਸਿਟੀਆਂ ਨੇ ਨਵੇਂ ਸ਼ਬਦ ਘੜਨ ਦੇ ਉਪਰਾਲੇ ਕੀਤੇ ਹਨ। ਇਸੇ ਤਰ੍ਹਾਂ ਚੀਨ ਅਤੇ ਜਾਪਾਨ ਵਿੱਚ ਵੀ ਕੁੱਝ ਕਾਰਜ ਹੋਇਆ ਹੈ। ਇਹ ਦੇਸ਼ ਆਪਣੀ ਮਾਤ-ਭਾਸ਼ਾ ਨੂੰ ਪਹਿਲਤਾ ਦਿੰਦੇ ਹਨ। ਵਿਦਵਾਨਾਂ ਦੀ ਮਨੋਬਿਰਤੀ ਉਸ ਪੱਧਰ ਦੀ ਨਹੀਂ ਹੈ, ਜਿਸ ਪੱਧਰ ਉੱਤੇ ਜਾ ਕੇ ਸ਼ਬਦ ਘੜੇ ਜਾ ਸਕਣ। ਨਵੇਂ ਸ਼ਬਦ ਘੜਨ ਦੀ ਵੀ ਸਮੱਸਿਆ ਹੈ ਕਿ ਪੰਜਾਬੀ ਵਿੱਚ ਰੁਜ਼ਗਾਰ ਦੀ ਘਾਟ ਹੈ। ਡਾ. ਬੂਟਾ ਸਿੰਘ ਬਰਾੜ ਨੇ 'ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ' ਵਿਸ਼ੇ 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਭਾਵੇਂ ਕਾਫੀ ਕਾਰਜ ਕੀਤਾ ਹੈ, ਪਰ ਫਿਰ ਵੀ ਹੁਣ ਤੱਕ ਦੀਆਂ ਪ੍ਰਾਪਤੀਆਂ ਤਸੱਲੀਬਖ਼ਸ਼ ਨਹੀਂ। ਉਚੇਰੀ ਸਿੱਖਿਆ ਦਾ ਅਰਥ ਵਿਦਿਆਰਥੀ ਦੀ ਬੌਧਿਕ ਸੂਝ ਨੂੰ ਵਧਾਉਣਾ ਹੈ, ਪਰ ਪਿਛਲੇ ਸਮੇਂ ਵਿੱਚ ਸਾਡਾ ਇਸ ਨਾਲ ਕੋਈ ਖ਼ਾਸ ਸਰੋਕਾਰ ਨਹੀਂ ਰਿਹਾ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਅਮਰਜੀਤ ਸਿੰਘ ਗਰੇਵਾਲ ਨੇ ਕੀਤੀ। ਉਹਨਾਂ ਨੇ ਇਸ ਕਾਨਫ਼ਰੰਸ ਦੇ ਆਯੋਜਨ ਲਈ ਪੰਜਾਬੀ ਯੂਨੀਵਰਸਿਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਧੁਨਿਕ ਤਕਨੀਕ ਦੇ ਦੌਰ ਵਿੱਚ ਭਾਸ਼ਾ ਦੀ ਸਮਰੱਥਾ ਵਧਾਉਣ ਦੀ ਲੋੜ ਹੈ। ਭਾਸ਼ਾ ਨੂੰ ਹਮੇਸ਼ਾ ਲੋਕ ਬਣਾਉਂਦੇ ਹਨ, ਵਿਦਵਾਨ ਨਹੀਂ ਬਣਾਉਂਦੇ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਦੁਨੀਆ ਵਿੱਚ ਹਰ ਸੰਤਾਲੀ ਸਕਿੰਟ ਬਾਅਦ ਨਵੀਂ ਸ਼ਬਦਾਵਲੀ ਆ ਜਾਂਦੀ ਹੈ। ਕੀ ਸਾਡੇ ਕੋਲ ਐਨੀ ਸਮਰੱਥਾ ਹੈ ਕਿ ਅਸੀਂ ਨਵੀਂ ਸ਼ਬਦਾਵਲੀ ਅਨੁਸਾਰ ਪੰਜਾਬੀ ਦੀ ਸ਼ਬਦਾਵਲੀ ਘੜ ਸਕਦੇ ਹਾਂ। ਸੁਆਲ ਇਹ ਵੀ ਹੈ ਕਿ ਕੀ ਸਭ ਕੁੱਝ ਅਨੁਵਾਦ ਕੀਤਾ ਜਾ ਸਕਦਾ ਹੈ। ਸੋ ਉਚੇਰੀ ਸਿੱਖਿਆ ਲਈ ਕੰਮ ਕਰਦਿਆਂ ਇਹ ਕੁੱਝ ਨੁਕਤੇ ਧਿਆਨ ਵਿੱਚ ਰੱਖੇ ਜਾਣੇ ਜ਼ਰੂਰੀ ਹਨ। ਡਾ. ਗੁਰਮੁਖ ਸਿੰਘ ਨੇ ਚਰਚਾਕਾਰ ਵਜੋਂ ਬੋਲਦਿਆਂ ਕਿਹਾ ਕਿ ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ ਲਈ ਸਰਕਾਰ, ਯੂਨੀਵਰਸਿਟੀਆਂ ਤੇ ਹੋਰ ਅਹਿਮ ਅਦਾਰਿਆਂ ਨੂੰ ਤੁਰੰਤ ਨੀਤੀਗਤ ਫ਼ੈਸਲਾ ਕਰਨ ਦੀ ਲੋੜ ਹੈ।

ਕਾਨਫ਼ਰੰਸ ਦੇ ਵਿਦਾਇਗੀ ਸਮਾਗਮ ਦੀ ਮੇਜ਼ਬਾਨੀ ਕਰਦਿਆਂ ਡਾ. ਗੁਰਸੇਵਕ ਸਿੰਘ ਲੰਬੀ ਮੁਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਨੇ ਕਿਹਾ ਕਿ ਤਿੰਨ ਦਿਨ ਦੀ ਚਰਚਾ ਤੋਂ ਬਾਅਦ ਮੁੱਖ ਰੂਪ ਵਿੱਚ ਇਹ ਨੁਕਤਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਬਦਲਦੀਆਂ ਤਕਨੀਕੀ ਸਥਿਤੀਆਂ ਵਿੱਚ ਵਧੇਰੇ ਭਾਸ਼ਾਈ ਨਿਪੁੰਨਤਾ ਦੀ ਲੋੜ ਹੈ। ਗਿਆਨ ਦੀ ਪ੍ਰਾਪਤੀ ਜੇਕਰ ਮਾਤ-ਭਾਸ਼ਾ ਰਾਹੀਂ ਕੀਤੀ ਜਾਵੇ ਤਾਂ ਉਸ ਦਾ ਪੱਧਰ ਬਹੁਤ ਉੱਚਾ ਹੋਵੇਗਾ। ਇਸ ਸਮਾਗਮ ਵਿੱਚ ਵਿਦਾਇਗੀ ਭਾਸ਼ਣ ਦਿੰਦਿਆਂ ਡਾ. ਸਤੀਸ਼ ਕੁਮਾਰ ਵਰਮਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਭ ਤੋਂ ਪਹਿਲਾਂ ਸਾਨੂੰ ਆਪਣੀ ਸਾਹਿਤਕ, ਸੱਭਿਆਚਾਰਕ ਅਤੇ ਅਕਾਦਮਿਕ ਵਿਰਾਸਤ ਨੂੰ ਪਛਾਨਣ ਦੀ ਲੋੜ ਹੈ। ਡਾ. ਰਵੇਲ ਸਿੰਘ, ਕਨਵੀਨਰ ਪੰਜਾਬੀ ਸਲਾਹਕਾਰ ਬੋਰਡ, ਸਾਹਿਤ ਅਕਾਦੇਮੀ ਦਿੱਲੀ ਨੇ ਵਿਸ਼ੇਸ਼ ਮਹਿਮਾਨ ਵਜੋਂ ਆਪਣੇ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਪੰਜਾਬੀ ਵਿੱਚ ਵੱਧ ਤੋਂ ਵੱਧ ਗਿਆਨ ਪੈਦਾ ਕਰੀਏ, ਜੇਕਰ ਗਿਆਨ ਵਧੇਰੇ ਹੋਵੇਗਾ ਤਾਂ ਭਾਸ਼ਾ ਆਪਣੇ ਆਪ ਬਚ ਜਾਵੇਗੀ। ਦੂਸਰਾ ਸਾਨੂੰ ਭਾਸ਼ਾਈ ਕੱਟੜਤਾ ਤੋਂ ਵੀ ਬਚਣ ਦੀ ਲੋੜ ਹੈ। ਭਾਸ਼ਾ ਕਦੇ ਵੀ ਨਿਰੋਲ ਰੂਪ ਵਿੱਚ ਨਹੀਂ ਉਸਰਦੀ। ਡਾ. ਜਗਦੀਪ ਸਿੰਘ ਉਪਕੁਲਪਤੀ ਨੇ ਆਪਣੇ 'ਪ੍ਰਧਾਨਗੀ ਭਾਸ਼ਣ' ਵਿੱਚ ਬੋਲਦਿਆਂ ਕਿਹਾ ਕਿ ਇਸ ਕਾਨਫ਼ਰੰਸ ਵਿੱਚੋਂ ਇਹ ਗੱਲ ਤਾਂ ਸਪੱਸ਼ਟ ਹੋਈ ਹੈ ਕਿ ਸਾਨੂੰ ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਰਵਾਉਣ ਲਈ ਪਾਠ-ਸਮੱਗਰੀ ਤਿਆਰ ਕਰਨੀ ਪਵੇਗੀ ਤੇ ਪੰਜਾਬੀ ਯੂਨੀਵਰਸਿਟੀ ਪਹਿਲਤਾ ਦੇ ਆਧਾਰ 'ਤੇ ਇਸ ਖੇਤਰ ਵਿੱਚ ਕਾਰਜ ਕਰੇਗੀ। ਪੰਜਾਬੀ ਯੂਨੀਵਰਸਿਟੀ ਦਾ ਇਹ ਵੀ ਉਦੇਸ਼ ਰਹੇਗਾ ਕਿ ਉੱਚ ਪੱਧਰ ਦੀ ਖੋਜ ਨੂੰ ਪੰਜਾਬੀ ਵਿੱਚ ਮੁਹੱਈਆ ਕਰਵਾਇਆ ਜਾਵੇ, ਜਿਸ ਬਾਰੇ ਆਉਣ ਵਾਲੇ ਸਮੇਂ ਵਿੱਚ ਨੀਤੀਗਤ ਫ਼ੈਸਲਾ ਲਿਆ ਜਾਵੇਗਾ।

ਕਾਨਫ਼ਰੰਸ ਦੀ ਅੰਤਲੀ ਸ਼ਾਮ ਭਾਸ਼ਾ ਵਿਭਾਗ, ਪੰਜਾਬ ਦੇ ਸਹਿਯੋਗ ਨਾਲ 'ਤ੍ਰੈ-ਭਾਸ਼ੀ ਕਵੀ ਦਰਬਾਰ' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਸਵੰਤ ਜ਼ਫ਼ਰ, ਗੁਰਤੇਜ ਕੋਹਾਰਵਾਲਾ, ਮੁਸੱਵਰ ਫ਼ਿਰੋਜ਼ਪੁਰੀ, ਜਗਜੀਤ ਕਾਫ਼ਰ, ਰੁਬੀਨਾ ਸ਼ਬਨਮ, ਦੀਪ ਇੰਦਰ, ਜਸਪ੍ਰੀਤ ਕੌਰ ਫ਼ਲਕ, ਗੁਰਸੇਵਕ ਲੰਬੀ, ਅਮਰਦੀਪ ਸਿੰਘ, ਅੰਮ੍ਰਿਤਪਾਲ ਸਿੰਘ ਸੈਦਾ, ਜਤਿੰਦਰ ਪਰਵਾਜ਼, ਪਰਵਿੰਦਰ ਸ਼ੋਖ਼, ਰਮਨ ਸੰਧੂ, ਜੋਗਿੰਦਰ ਨੂਰਮੀਤ ਅਤੇ ਹਰਮੀਤ ਵਿਦਿਆਰਥੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਦਾ ਸੰਚਾਲਨ ਪ੍ਰਸਿੱਧ ਸ਼ਾਇਰ ਸ੍ਰੀ ਹਰਮੀਤ ਵਿਦਿਆਰਥੀ ਨੇ ਕੀਤਾ।

## 'ਸ਼ਬਦ ਹੀ ਜੀਉ ਹੈ' ਅਤੇ 'ਪੰਜਾਬੀਅਤ' ਲੋਕ-ਅਰਪਿਤ



**ਕੋਟਕਪੂਰਾ**-ਕਲਾ ਅਤੇ ਸਾਹਿਤ ਨੂੰ ਸਮਰਪਿਤ ਮੰਚ 'ਸ਼ਬਦ-ਸਾਂਝ, ਕੋਟਕਪੂਰਾ' ਵੱਲੋਂ ਸਮਾਗਮ ਸਥਾਨਕ ਬੀ ਪੀ ਈ ਓ ਦਫ਼ਤਰ-ਹਾਲ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਅਮਰੀਕਾ ਵੱਸਦੇ ਪ੍ਰਵਾਸੀ ਸ਼ਾਇਰ ਸੰਤੋਖ ਮਿਨਹਾਸ ਦੀ ਕਾਵਿ-ਪੁਸਤਕ 'ਸ਼ਬਦ ਹੀ ਜੀਉ ਹੈ' ਅਤੇ ਪੰਜਾਬੀ ਮੈਗਜ਼ੀਨ 'ਪੰਜਾਬੀਅਤ' ਨੂੰ ਲੋਕ-ਅਰਪਿਤ ਕੀਤਾ ਗਿਆ। ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਕਿਤਾਬ ਉੱਪਰ ਪਰਚਾ ਡਾ. ਸਰਦੂਲ ਸਿੰਘ ਔਜਲਾ ਨੇ ਪੜ੍ਹਿਆ। ਚਿੰਤਕ ਅਤੇ ਉੱਘੇ ਕਵੀ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਇਸ ਕਿਤਾਬ ਅਤੇ ਸੰਤੋਖ ਮਿਨਹਾਸ ਹੁਰਾਂ ਦੀ ਸ਼ਖ਼ਸੀਅਤ ਬਾਰੇ ਵਿਚਾਰ-ਚਰਚਾ ਕੀਤੀ। ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਸ਼ਾਇਰ ਕੁਲਵਿੰਦਰ ਵਿਰਕ ਨੇ ਬਾਖ਼ੂਬੀ ਨਿਭਾਈ। ਸਮਾਗਮ ਦੀ ਪ੍ਰਧਾਨਗੀ ਨਾਵਲਕਾਰ ਜੀਤ ਸਿੰਘ ਸੰਧੂ ਅਤੇ ਕਹਾਣੀਕਾਰ ਹਰਜਿੰਦਰ ਸਿੰਘ ਸੂਰੇਵਾਲੀਆ ਨੇ ਕੀਤੀ। ਸਮਾਗਮ ਦੇ ਦੂਜੇ ਪੜਾਅ ਦੌਰਾਨ ਇੱਕ ਵਿਸ਼ਾਲ ਕਵੀ ਦਰਬਾਰ ਆਯੋਜਿਤ ਕੀਤਾ ਗਿਆ।

## 'ਵੋ ਅਫਸਾਨਾ' ਨਾਟਕ ਖੇਡਿਆ ਗਿਆ

**ਲੁਧਿਆਣਾ**-ਐੱਸ ਸੀ ਡੀ ਸਰਕਾਰੀ ਕਾਲਜ, ਲੁਧਿਆਣਾ ਵਿਖੇ ਐਲੂਮਨੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ 'ਤੇ ਅਧਾਰਤ 'ਰਾਬਤਾ ਗਰੁੱਪ' ਵੱਲੋਂ ਇੱਕ ਨਾਟਕ 'ਵੋ ਅਫਸਾਨਾ' ਪੇਸ਼ ਕੀਤਾ ਗਿਆ। ਡਾ. ਜੈਸ੍ਰੀ ਸੇਠੀ ਨੇ ਅੰਮ੍ਰਿਤਾ ਪ੍ਰੀਤਮ ਦੀ ਭੂਮਿਕਾ ਨਿਭਾਈ, ਜਦੋਂ ਕਿ ਸ਼ਮੀਰ ਖਾਨ ਨੇ ਸਾਹਿਰ ਲੁਧਿਆਣਵੀ ਦੀ ਭੂਮਿਕਾ ਨਿਭਾਈ। ਮੁੱਖ ਕਲਾਕਾਰਾਂ ਦੁਆਰਾ ਨਾਟਕ ਦੇ ਬਿਰਤਾਂਤ ਦੀ ਸਕ੍ਰਿਪਟ ਨਾਲ ਸੰਬੰਧਤ, ਸ਼੍ਰੇਆ ਅਤੇ ਰਾਜੇਸ਼ ਕੁਮਾਰ ਨੇ ਸਾਹਿਰ ਲੁਧਿਆਣਵੀ ਦੇ ਸੁਰੀਲੇ ਗੀਤ ਗਾ ਕੇ ਉਨ੍ਹਾਂ ਦਾ ਸਮਰਥਨ ਕੀਤਾ।



## ਪਰਮਜੀਤ ਮਾਨ ਦੀ ਕਹਾਣੀ 'ਕੰਬਦਾ ਹੱਥ' ਉੱਪਰ ਹੋਈ ਗੰਭੀਰ ਵਿਚਾਰ-ਚਰਚਾ

**ਚੰਡੀਗੜ੍ਹ**-ਚੰਡੀਗੜ੍ਹ ਅਤੇ ਆਸ-ਪਾਸ ਦੇ ਕੁਝ ਕਹਾਣੀਕਾਰ ਸਾਥੀਆਂ ਨੇ ਮਿਲ ਕੇ 'ਕਹਾਣੀ ਸੰਗਤ' ਨਾਂਅ ਦਾ ਨਵਾਂ ਮੰਚ ਤਿਆਰ ਕੀਤਾ ਹੈ। 'ਕਹਾਣੀ ਸੰਗਤ' ਨਾਂਅ ਦੇ ਇਸ ਮੰਚ ਦੇ ਮੈਂਬਰਾਂ ਦੀ ਪਲੇਠੀ ਮੀਟਿੰਗ ਲਾਜਪਤ ਰਾਏ ਭਵਨ, ਸੈਕਟਰ 15 ਬੀ, ਚੰਡੀਗੜ੍ਹ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਯਤਿੰਦਰ ਕੌਰ ਮਾਹਲ ਨੇ ਕੀਤੀ। ਡਾ. ਲਾਭ ਸਿੰਘ ਖੀਵਾ ਅਤੇ ਡਾ. ਅਵਤਾਰ ਸਿੰਘ ਪਤੰਗ ਨੇ ਆਪਣੇ ਕੀਮਤੀ ਵਿਚਾਰ ਪੇਸ਼ ਕਰਦਿਆਂ ਅੱਗੇ 'ਕਹਾਣੀ ਸੰਗਤ' ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। 'ਕਹਾਣੀ ਸੰਗਤ' ਦੀ ਪਲੇਠੀ ਇਕੱਤਰਤਾ ਵਿੱਚ ਪਰਮਜੀਤ ਮਾਨ ਦੀ ਕਹਾਣੀ 'ਕੰਬਦਾ ਹੱਥ' ਉੱਪਰ ਵਿਚਾਰ-ਚਰਚਾ ਹੋਈ, ਜਿਸ ਵਿੱਚ ਹਾਜ਼ਰ ਮੈਂਬਰਾਂ ਨੇ ਆਪਣੇ-ਆਪਣੇ ਨਜ਼ਰੀਏ ਤੋਂ ਖੁੱਲ੍ਹ ਕੇ ਰਾਇ ਦਿੱਤੀ। 'ਕਹਾਣੀ ਸੰਗਤ' ਦੀ ਚੇਅਰਪਰਸਨ ਦੀਪਤੀ ਬਬੂਟਾ ਨੇ ਆਪਣੇ ਵਿਚਾਰ ਜ਼ਾਹਰ ਕਰਦਿਆਂ ਦੱਸਿਆ ਕਿ ਹਰ ਮੀਟਿੰਗ ਵਿੱਚ ਕਿਸੇ ਨਵੀਂ ਕਹਾਣੀ ਉੱਪਰ ਚਰਚਾ ਹੋਇਆ ਕਰੇਗੀ। ਹੋਰਨਾਂ ਤੋਂ ਇਲਾਵਾ ਕਹਾਣੀਕਾਰ ਸਰੂਪ ਸਿਆਲਵੀ, ਗੁਰਮੀਤ ਸਿੰਗਲ, ਸਿੰਮੀਪ੍ਰੀਤ ਕੌਰ, ਗੁਰਮੀਤ ਮਹੌਣ, ਇੰਦਰਜੀਤ ਪ੍ਰੇਮੀ, ਸੁਰਜੀਤ ਸੁਮਨ, ਗੁਰਮੀਤ ਪਨਾਗ, ਹਰਪ੍ਰੀਤ ਸਿੰਘ ਚੰਨੂੰ, ਸਤਨਾਮ ਸਿੰਘ ਸ਼ੋਕਰ ਅਤੇ ਸੱਚਪ੍ਰੀਤ ਕੌਰ ਨੇ ਵੀ ਕਹਾਣੀ ਚਰਚਾ ਵਿੱਚ ਹਿੱਸਾ ਲਿਆ ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਨਵੇਂ ਮੰਚ 'ਕਹਾਣੀ ਸੰਗਤ' ਲਈ ਸ਼ੁੱਭ ਕਾਮਨਾਵਾਂ ਵੀ ਦਿੱਤੀਆਂ।



# ਪਾਠਕਾਂ ਦੇ ਝਰੋਖੇ 'ਚੋਂ

## ਰਾਇ ਅਜ਼ੀਜ਼ਉਲਾ ਖਾਨ ਨਾਲ ਮੁਲਾਕਾਤ

22 ਫਰਵਰੀ ਦੇ 'ਐਤਵਾਰਤਾ' ਵਿਚ ਰਾਇ ਅਜ਼ੀਜ਼ਉਲਾ ਖਾਨ ਨਾਲ ਭਗਵੰਤ ਰਸੂਲਪੁਰੀ ਦੀ ਮੁਲਾਕਾਤ ਦੀ ਦੂਸਰੀ ਕਿਸ਼ਤ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਸਤਿਕਾਰਤ ਗੰਗਾ ਸਾਗਰ ਦਾ ਜ਼ਿਕਰ ਪੜ੍ਹਿਆ। ਗੁਰੂ ਜੀ ਦੀ ਇਸ ਪਾਵਨ ਨਿਸ਼ਾਨੀ ਪੰਜਾਬ ਵਿਚ ਕਈ ਥਾਂਵਾਂ 'ਤੇ ਸ਼ਰਧਾਲੂਆਂ ਨੇ ਦਰਸ਼ਨ ਕੀਤੇ। ਗੰਗਾ ਸਾਗਰ ਦਾ ਪੂਰਾ ਇਤਿਹਾਸ ਵੀ ਦੇਣ ਦੀ ਕਿਰਪਾਲਤਾ ਕਰੋ ਜੀ। ਅਜ਼ੀਜ਼ਉਲਾ ਜੀ ਨੇ ਗੁਰੂ ਜੀ ਦੀ ਇਸ ਨਿਸ਼ਾਨੀ ਨੂੰ ਪੂਰੇ ਮਾਣ-ਸਤਿਕਾਰ ਨਾਲ ਸੰਭਾਲਿਆ। ਇਹ ਬਹੁਤ ਮਾਣ ਵਾਲੀ ਗੱਲ ਹੈ। ਖੁਸ਼ੀ ਹੈ ਕਿ ਅਜ਼ੀਜ਼ਉਲਾ ਜੀ ਇਸ ਵੇਲੇ ਮੈਂਬਰ ਪਾਰਲੀਮੈਂਟ ਹਨ। ਉਹ ਸਿੱਖ ਇਤਿਹਾਸ ਦੇ ਗਵਾਹ ਹਨ ਤੇ ਗੁਰੂ ਜੀ ਦੇ ਅਨਿਨ ਸਿੱਖ ਹਨ। ਗੁਰਬਿੰਦਰ ਮਾਣਕ ਨੇ ਜ਼ਿੰਦਗੀ ਵਿਚ ਹੌਸਲੇ ਤੇ ਹਿੰਮਤ ਦਾ ਜ਼ਿਕਰ ਕੀਤਾ ਹੈ। ਹਿੰਮਤ ਹਰੇਕ ਲਈ ਜ਼ਰੂਰੀ ਹੈ। ਸਮਾਜਿਕ ਤੌਰ 'ਤੇ ਵੀ ਇਹ ਜ਼ਰੂਰੀ ਹੈ। ਪੈਰ-ਪੈਰ 'ਤੇ ਹਿੰਮਤ ਦੀ ਲੋੜ ਹੈ, ਤਾਂ ਹੀ ਕਿਹਾ ਗਿਆ ਹੈ ਕਿ ਹਿੰਮਤ ਅੱਗੇ ਲਛਮੀ, ਪੱਖੇ ਅੱਗੇ ਪੌਣ। ਸੁਰਜੀਤ ਸੁਮਨ ਨੇ ਪੁਰਾਣੇ ਗੀਤਾਂ ਨੂੰ ਯਾਦ ਕੀਤਾ ਹੈ। ਮੁਹੰਮਦ ਸਦੀਕ ਅੱਜ ਵੀ ਉਸੇ ਤਰ੍ਹਾਂ ਸੁਣਿਆ ਜਾਂਦਾ ਹੈ।ਨਾਲ ਹੀ ਅਮਰ ਨੂਰੀ, ਕਰਮਜੀਤ ਧੂਰੀ, ਸੁਰਿੰਦਰ ਕੌਰ ਯਮਲਾ ਜੱਟ, ਨਰਿੰਦਰ ਬੀਬਾ ਨੂੰ ਵੀ ਲੋਕ ਫਰਮਾਇਸ਼ਾਂ ਪਾ ਕੇ ਸੁਣਦੇ ਹਨ। 'ਦ੍ਰਿਸ਼ਟੀਕੋਣ' ਦਾ ਮੁਫਤ ਯੋਜਨਾਵਾਂ ਬਾਰੇ ਠੀਕ ਤਰਕ ਹੈ। ਇਹ ਮੁਫਤ ਦੀਆਂ ਰਿਉੜੀਆਂ ਬਾਰੇ ਮਾਨਯੋਗ ਅਦਾਲਤਾਂ ਵੀ ਸਖਤ ਟਿੱਪਣੀਆਂ ਕਰ ਚੁੱਕੀਆਂ ਹਨ, ਪਰ ਕੋਈ ਸੁਣ ਨਹੀਂ ਰਿਹਾ। ਸਿਆਸੀ ਪਾਰਟੀਆਂ ਇਕ-ਦੂਸਰੇ ਤੋਂ ਵਧ ਕੇ ਮੁਫਤ ਦੇ ਲਾਲਚ ਦੇ ਰਹੀਆਂ ਹਨ।ਲੇਖਕ ਨੇ ਠੀਕ ਤਰਕ ਪੇਸ਼ ਕੀਤਾ ਹੈ। ਗਰੀਬ ਤੇ ਬੇਰੁਜ਼ਗਾਰ ਲੋਕ ਤਾਂ ਚਲੋ ਹੱਕਦਾਰ ਹਨ।ਚੰਗੀਆਂ-ਮੋਟੀਆਂ ਤਨਖਾਹਾਂ ਲੈਣ ਵਾਲੇ, ਕਮਾਈ ਕਰਨ ਵਾਲੇ ਲੋਕ ਖਾਸ ਕਰਕੇ ਔਰਤਾਂ ਮੁਫਤ ਸਫਰ ਕਰਨ ਤਾਂ ਕੀ ਕਿਹਾ ਜਾ ਸਕਦੈ।

ਚੋਣ ਕਮਿਸ਼ਨ ਵੀ ਇਸ ਹਾਲਤ ਤੋਂ ਸੁਚੇਤ ਹੋਵੇ। ਇਸ ਨੂੰ ਕੋਈ ਵੀ ਤਮਾਸ਼ਾ ਨਾ ਬਣਾਵੇ।ਡਾ. ਦਰਸ਼ਨ ਸਿੰਘ ਆਸ਼ਟ ਨੇ ਪੰਜਾਬੀ 'ਤੇ ਛਾਏ ਸੰਕਟਾਂ ਦਾ ਚੰਗਾ ਜ਼ਿਕਰ ਕੀਤਾ ਹੈ। ਸਭ ਤੋਂ ਵੱਡਾ ਸੰਕਟ ਕੇਂਦਰੀ ਬੋਰਡ ਦੇ ਪੰਜਾਬ ਵਿਚ ਸਥਿਤ ਸਕੂਲਾਂ ਵਿਚ ਪੰਜਾਬੀ ਦੀ ਅਣਦੇਖੀ ਦਾ ਸੰਕਟ ਹੈ, ਕਿਉਂ ਨਹੀਂ ਇਹ ਸਕੂਲ ਪੰਜਾਬੀ ਦੀ ਸਿੱਖਿਆ ਨਰਸਰੀ ਤੋਂ ਸ਼ੁਰੂ ਕਰਦੇ? ਅੰਗਰੇਜ਼ੀ, ਹਿੰਦੀ ਕਿਉਂ? ਪੰਜਾਬ ਵਿਚ ਸਿੱਖਿਆ ਦਾ ਮੁੱਢ ਹੀ ਗੈਰ ਪੰਜਾਬੀ ਭਾਸ਼ਾ ਤੋਂ ਹੈ, ਨਾ ਕਿ ਹਨੇਰ? ਸਰਕਾਰ ਧਿਆਨ ਦੇਵੇ। ਕਿਤਾਬਾਂ ਦੇ ਰੀਵਿਊ ਤੇ ਸਾਹਿਤਕ ਸਰਗਰਮੀਆਂ ਸ਼ਿੱਦਤ ਨਾਲ ਪੜ੍ਹੇ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਭਗਤ ਪੂਰਨ ਸਿੰਘ, ਗੁਰਪ੍ਰੀਤ ਤੇ ਰੌਲ਼ਿਆਂ ਵੇਲੇ : ਬਲਬੀਰ ਪਰਵਾਨਾ

ਮੁਹੱਬਤ ਦੇ ਗਵਾਹ ਹਰਿਆਣਾ ਦੇ ਮਕਬਰੇ ਤੇ ਸਮਾਰਕ : ਇਕਬਾਲ ਸਿੰਘ ਹਮਜਾਪੁਰ

'ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ' : ਸੰਪਾ.ਗੁਰਮੀਤ ਕੱਲਰ ਮਾਜਰੀ (ਫੋਕਸ) ਡਾ. ਅਰਵਿੰਦਰ ਕੌਰ ਕਾਕੜਾ

ਰਣਜੀਤ ਆਜ਼ਾਦ ਕਾਂਝਲਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਪਰਵਾਸ : ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ 'ਤੇ ਵਿਸ਼ੇਸ਼



ਪਰਵਾਸ ਦਾ ਨਵਾਂ ਅੰਕ ਜਨਵਰੀ-ਮਾਰਚ,2026 'ਚ ਕੈਨੇਡਾ ਦੇ ਲੇਖਕ ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ 'ਤੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਸੰਪਾਦਕੀ 'ਪਰਵਾਸੀ ਪੰਜਾਬੀ ਸਾਹਿਤ ਵਿਚ ਖੜੋਤ' ਉੱਤੇ ਲਿਖੀ ਗਈ ਹੈ। ਸੰਪਾਦਕ ਨੂੰ ਡਰ ਹੈ ਕਿ 'ਰਚਨਾਤਮ ਪੱਧਰ ਉੱਪਰ ਇਹ ਖੜੋਤ ਕਈ ਪ੍ਰਸ਼ਾਨ ਚਿੰਨ੍ਹ ਪੈਦਾ ਕਰਦੀ ਹੈ। ਬਹੁ ਗਿਣਤੀ ਕਿਰਤਾਂ ਉਹ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਹ ਮਹਿਸੂਸ ਹੀ ਨਹੀਂ ਹੁੰਦਾ ਕਿ ਇਹ ਪੰਜਾਬੀ ਤੋਂ ਬਾਹਰ ਲਿਖੀਆਂ ਗਈਆਂ ਹਨ।' ਚਿੱਤਰਕਾਰ ਅਤੇ ਅੱਖਰਕਾਰੀ ਦੇ ਸਿਰਜਕ ਰੁਪਿੰਦਰ ਸਿੰਘ ਔਲਖ ਵੱਲੋਂ ਡਾ. ਲਖਵਿੰਦਰ ਸਿੰਘ ਜੌਹਲ ਹੁਰਾਂ ਨੇ ਮੁਲਾਕਾਤ ਕੀਤੀ ਹੈ। ਬੁੱਧੀਜੀਵੀ ਤੇ ਚਿੰਤਕ ਸੁਖਵੰਤ ਹੁੰਦਲ ਨਾਲ ਸ਼ਾਇਰ ਮੋਹਨ ਗਿੱਲ ਵੱਲੋਂ ਕੀਤੀ, ਕਈ ਮੁੱਦਿਆਂ ਨੂੰ ਉਭਾਰਨ ਵਾਲੀ ਲੰਮੀ ਮੁਲਾਕਾਤ ਛਪੀ ਹੈ। 23 ਪੰਨਿਆਂ 'ਤੇ ਫੈਲੀ ਇਸ ਮੁਲਾਕਾਤ ਵਿੱਚ ਹੁੰਦਲ ਹੁਰਾਂ ਦੇ ਜੀਵਨ ਕਾਰਜ ਬਾਰੇ ਖੁੱਲ੍ਹ ਕੇ ਗੱਲਾਂ ਹੋਈਆਂ ਹਨ। ਉਪਰੰਤ ਸੁਖਵੰਤ ਹੁੰਦਲ ਦਾ 'ਪੂੰਜੀਵਾਦ ਅਤੇ ਵਾਤਾਵਰਨ ਦਾ ਸੰਕਟ' ਵਿਸ਼ੇ ਤੇ ਮਹੱਤਵਪੂਰਨ ਲੇਖ ਪੜ੍ਹਨ ਨੂੰ ਮਿਲਦਾ ਹੈ। ਜਿਸ ਵਿੱਚ ਉਨ੍ਹਾਂ ਉਤਪਾਦਨ ਦੇ ਪੂੰਜੀਵਾਦੀ ਪ੍ਰਬੰਧ ਵਿੱਚ ਜਿਣਸਾਂ ਦੇ ਉਤਪਾਦਨ ਦਾ ਮੁੱਖ ਮਕਸਦ ਮੁਨਾਫਾ ਕਮਾਉਣ ਤੇ ਸਰਮਾਏਦਾਰੀ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਮੋਹਨ ਗਿੱਲ ਨੇ ਦੂਜੀ ਮੁਲਾਕਾਤ ਸਾਧੂ ਬਿਨਿੰਗ ਦੀ ਕੀਤੀ ਹੈ। ਮੁਲਾਕਾਤ ਵਿੱਚ ਪਰਵਾਸ ਦੇ ਮਸਲੇ, ਪਰਵਾਸੀਆਂ ਦੇ ਮੁੱਢਲੇ ਕੰਮ, ਪੰਜਾਬੀ ਭਾਸ਼ਾ ਨਾਲ ਸਬੰਧਤ ਸੁਸਾਇਟੀ, ਪੱਤਰਕਾਰੀ ਤੇ ਸਾਹਿਤਕਾਰੀ ਬਾਰੇ ਗੱਲਾਂ ਕੀਤੀਆਂ ਹਨ। ਅੰਕ ਵਿੱਚ ਸਾਧੂ ਬਿਨਿੰਗ ਦੀ ਇਕ ਕਹਾਣੀ 'ਕਮੀਜ਼ ਤੇ ਲੇਖਕ' ਵੀ ਪੜ੍ਹਨ ਨੂੰ ਮਿਲਦੀ ਹੈ। 'ਸਾਧੂ ਬਿਨਿੰਗ ਦਾ ਰਚਨਾ ਸੰਸਾਰ-ਵਸਤੂ, ਦ੍ਰਿਸ਼ਟੀ ਤੇ ਚਿੰਤਨ' ਬਾਰੇ ਡਾ. ਅਕਾਲ ਅੰਮ੍ਰਿਤ ਕੌਰ ਦਾ ਲੇਖ ਹੈ। ਅਗਲੇ ਸਫ਼ਿਆ ਤੇ ਰਵਿੰਦਰ ਰਵੀ, ਜਸਵਿੰਦਰ, ਰਵਿੰਦਰ ਸਹਿਰਾਅ, ਨਕਸ਼ਦੀਪ ਪੰਜਕੋਹਾ, ਗੁਰਚਰਨ ਸੱਗੂ, ਅਮਰਦੀਪ ਸੰਧਾਵਾਲੀਆ, ਸੁਰਿੰਦਰ ਸਿੰਘ ਜੱਬਲ, ਮਲਕੀਅਤ ਸਿੰਘ ਹਠੂਰੀਆ, ਜਸਤੇਜ ਸਿੱਧੂ ਦੀ ਸ਼ਾਇਰੀ ਛਪੀ ਹੈ। ਤ੍ਰੈਲੋਚਨ ਲੋਚੀ ਵੱਲੋਂ ਕਲਮੀ ਰਮਜਾਂ, ਜਸਵੰਤ ਵਾਗਲਾ ਵੱਲੋਂ ਉਹ ਪਹਿਲੀ ਮੁਹੱਬਤ ਕਿਤਾਬਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸੰਤੋਖ ਭੁੱਲਰ ਨੇ ਡਾ. ਪ੍ਰੀਤਮ ਸਿੰਘ ਕੈਂਬੋ ਨੂੰ ਚੇਤੇ ਕੀਤੀ ਹੈ। ਅੰਤਲੇ ਸਫ਼ਿਆ ਉੱਤੇ ਸਰਗਰਮੀਆਂ ਛਪੀਆਂ ਹਨ।

ਪਰਵਾਸ ਦੇ ਸਫ਼ੇ :136, ਮੁੱਖ ਸੰਪਾਦਕ: ਡਾ. ਸ. ਪ. ਸਿੰਘ e-mail: sp.singh@ggnkcl.com, ਸੰਪਾਦਕ : ਡਾ. ਤੇਜਿੰਦਰ ਕੌਰ, ਪ੍ਰੋ. ਸ਼ਰਨਜੀਤ ਕੌਰ e-mail: sharanjit.kaur@ggnkcl.com

## ਅਨੁਤਾਸ਼ : ਵਿਸ਼ੇਸ਼ ਗੁਰੂ ਨਾਨਕ ਜੀ ਦੀਆਂ ਨਿਸ਼ਾਨੀਆਂ ਤੇ ਮਾਝਾ



'ਅਨੁਤਾਸ਼'-5 ( ਜਨਵਰੀ-ਜੂਨ, 2026) ਛਪ ਕੇ ਆਇਆ ਹੈ। ਅੰਕ ਵਿੱਚ ਜਤਿੰਦਰ ਸਿੰਘ ਔਲਖ ਦਾ ਮਹੱਤਵਪੂਰਨ ਤੇ ਖੋਜ ਭਰਪੂਰ ਲੇਖ 'ਗੁਰੂ ਨਾਨਕ ਦੇਵ ਜੀ ਦੀਆਂ ਨਿਸ਼ਾਨੀਆਂ ਅਤੇ ਮਾਝਾ' ਪ੍ਰਕਾਸ਼ਤ ਹੋਇਆ ਹੈ। ਤਸਵੀਰਾਂ ਸਮੇਤ ਛਪਿਆ ਲੇਖ ਔਲਖ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ। ਲੇਖਕ ਨੇ ਗੁਰੂ ਨਾਨਕ ਦੇਵ ਜੀ ਦੀਆਂ ਮਿਟ ਰਹੀਆਂ ਨਿਸ਼ਾਨੀਆਂ ਨੂੰ ਪਾਠਕ ਸਾਹਵੇ ਕੀਤਾ ਹੈ। ਸੰਪਾਦਕੀ ਦੀ ਥਾਂ ਕਮਲ ਗਿੱਲ ਨੇ ਰੂਸੀ ਸ਼ਾਇਰ ਅਲੈਕਜ਼ਾਂਦਰ ਪੁਸ਼ਕਿਨ ਤੇ ਗਵਰੀਲ ਦਿਰਯਾਵਿਨ ਨੂੰ ਪੇਸ਼ ਕੀਤਾ ਹੈ। ਸੰਤੋਖ ਸਿੰਘ ਧੀਰ ਦੀ ਸ਼ਾਇਰੀ ਨਾਲ ਉਹਨੂੰ ਚੇਤੇ ਕੀਤਾ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ, ਬੀਬਾ ਬਲਵੰਤ, ਮਨਜੀਤ ਇੰਦਰਾ, ਪਾਲ ਕੌਰ, ਰੁਸ਼ਿਕਾ ਗਿੱਲ, ਰਿਤੂ ਵਾਸੂਦੇਵ ਆਦਿ ਦੀਆਂ ਕਵਿਤਾਵਾਂ ਨਵਾਂ ਕਾਵਿ ਮੁਹਾਵਰਾ ਸਿਰਜਦੀਆਂ ਹਨ। ਗੁਰਮੀਤ ਪਨਾਗ ਦੀ ਮਹੱਤਵਪੂਰਨ ਕਹਾਣੀ 'ਆਈ ਐਮ ਓਕ' ਛਪੀ ਹੈ। ਖ਼ਾਲਿਦ ਹੁਸੈਨ ਦੀ ਕਹਾਣੀ 'ਸ਼ਾਦਾਂ ਬਿੱਲੀ ਜੰਮੂ ਵਾਲੀ' ਦਾ ਆਪਣਾ ਲੁਤਫ਼ ਹੈ। ਉਨ੍ਹਾਂ ਦੇ ਨਾਲ ਨਵੇਂ ਕਥਾਕਾਰ ਰੋਜ਼ੀ ਸਿੰਘ 'ਉਡੀਕ' ਤੇ ਗੁਰਬਰਿੰਦਰ ਕੌਰ ਬਰਾੜ ਦੀ 'ਜਿਥੇ ਮੇਰੀ ਰੂਹ ਵਸਦੀ' ਦੋ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਸ਼ੇਖ ਫ਼ਰੀਦ ਕਾਵਿ ਕਲਾ ਤੇ ਡਾ. ਬਰਬਜੀਤ ਕੌਰ ਨੇ ਲਿਖਿਆ ਹੈ। ਦੂਜੀ ਸੰਸਾਰ ਜੰਗ ਦੌਰਾਨ ਨਾਜ਼ੀਵਾਦ ਦੀ ਫੈਸਲਾਕੁੰਨ ਹਾਰ 'ਚ ਔਰਤਾਂ ਦਾ ਸ਼ਾਨਾਮੱਤਾ ਯੋਗਦਾਨ' ਲੇਖ ਹੈ। ਅੰਤਲੇ ਪੰਨਿਆਂ ਉੱਤੇ ਡਾ. ਸਰਬਜੀਤ ਸਿੰਘ ਨੇ 'ਮਨ ਕਸੁੰਭਾ' ਦੀ ਪੁਸਤਕ ਪੜਚੋਲ ਸਮੇਤ ਕੁਝ ਕਿਤਾਬਾਂ ਉੱਤੇ ਟਿੱਪਣੀਆਂ ਕੀਤੀਆਂ ਗਈਆਂ ਹਨ।


ਇਸ ਅੰਕ ਦੇ ਸਫ਼ੇ : 100 ਅਤੇ ਮੁੱਲ: 120 ਰੁਪਏ ਹੈ। ਸੰਪਰਕ : ਸੰਪਾਦਕ-ਅਨੁਤਾਸ਼, 9 ਫਤਹਿਗੜ੍ਹ ਚੂੜੀਆਂ ਰੋਡ, ਨੇੜੇ ਭਾਟੀਆ ਓਪਟੀਕਲਜ਼, ਅੰਮ੍ਰਿਤਸਰ, ਪਰਚੇ ਦੇ ਸੰਪਾਦਕ : ਕਮਲ ਗਿੱਲ, (ਸੰਪਰਕ 98154-33166)ਰਚਨਾਵਾਂ ਭੇਜਣ ਲਈ email: taashjoy@gmail.com

## ਸਤਿਯੁਗ : 1-15 ਫਰਵਰੀ,2026



ਸਤਿਯੁਗ ਦੀ ਸੰਪਾਦਕੀ 'ਰੁੱਤ ਚੱਕਰ' ਨੂੰ ਗੁਰਬਾਣੀ ਦੇ ਪ੍ਰਸੰਗ ਵਿੱਚ ਬਿਆਨ ਕਰਦੀ ਹੈ। ਅੰਕ ਵਿੱਚ ਐਫ. ਮੈਕਸਮਲਰ, ਅਨੁ. ਡਾ. ਤਾਰਨ ਸਿੰਘ ਦੇ ਲੇਖ 'ਅਸੀਮ ਦਾ ਅਨੁਭਵ' ਚੰਗਾ ਹੈ। ਮਨਜੀਤ ਸਿੰਘ (ਸਮਾਜਿਕ ਜੀਵਨ ਸੰਦਰਭ), ਮਨਪ੍ਰੀਤ ਕੌਰ (ਗੁਰਬਾਣੀ ਇਸ ਜਗ ਮਹਿ ਚਾਨਣ), ਪ੍ਰੀਤਮ ਸਿੰਘ ਕਵੀ (ਬੀਤੇ ਦੀਆਂ ਪੈੜਾਂ), ਸੁਵਰਨ ਸਿੰਘ ਵਿਰਕ (ਅੱਖੀਂ ਡਿੱਠਾ ਕਿੱਸਾ ਕੀਤਾ-ਜਥੇਦਾਰ ਗੁਰਮੁਖ ਸਿੰਘ ਝੱਬਰ), ਨਰਜੀਤ ਕੌਰ ਪਨੇਸਰ (ਏ ਗਰਲ ਚਾਈਲਡ), ਹਰਬੰਸ ਕੌਰ (ਏ ਮੈਸੇਜ਼ ਟੂ ਦ ਨਾਮਧਾਰੀ ਯੂਥ), ਡਾ. ਗੁਰਦੇਵ ਸਿੰਘ ਸਿੱਧੂ ਆਦਿ ਦੇ ਲੇਖ ਹਨ। ਕਾਵਿ ਕਿਆਰੀ, ਬੱਚਿਆਂ ਦਾ ਪੰਨਾ, ਸੁੱਚੇ ਮੋਤੀ ਤੇ ਖ਼ਬਰਨਾਮਾ ਵਿੱਚ ਮੈਟਰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਪਰਚੇ ਦੇ ਪੰਨੇ: 42, ਮੁੱਲ: 10 ਰੁਪਏ, ਸੰਪਰਕ: ਸੰਪਾਦਕ: ਗੁਰਲਾਲ ਸਿੰਘ, ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਲੁਧਿਆਣਾ (97800-97898)

## ਸੁਰਖ਼ ਲੀਹ : ਜਨਵਰੀ-ਫਰਵਰੀ,2026



ਮੁੱਖ ਧਾਰਾ ਦੇ ਮੀਡੀਏ ਦੇ ਬਦਲ ਵਜੋਂ 'ਸੁਰਖ ਲੀਹ' ਦੀਆਂ ਲਿਖਤਾਂ ਪੜ੍ਹੀਆਂ ਜਾ ਸਕਦੀਆਂ ਹਨ। ਹੱਥਲੇ ਅੰਕ ਵਿੱਚ ਮੋਦੀ ਹਕੂਮਤ ਦੇ ਲੋਕ ਦੋਖੀ ਕਦਮ, ਮਗਨਰੇਗਾ ਤੋਂ ਜੀ ਰਾਮ ਜੀ, ਜਨ ਵਿਸ਼ਵਾਸ ਬਿੱਲ, ਪ੍ਰਮਾਣੂ ਊਰਜਾ, ਚੇਰਨੋਬਿਲ ਦੁਖਾਂਤ, ਬੀਜ ਬਿੱਲ,2025, ਨਵੇਂ ਲੇਬਰ ਕੋਡ, ਭਾਰਤੀ ਪਾਰਲੀਮੈਂਟ, ਕੌਮੀ ਸੂਹੀਆ ਗਰਿੱਡ-ਕੌਮੀ ਆਬਾਦੀ ਰਜਿਸਟਰ, ਨਿੱਜੀਕਰਨ ਦੀ ਨੀਤੀ, ਵੈਨਜ਼ੁਏਲਾ ਦੀ ਘੇਰਾਬੰਦੀ, ਆਦਿਵਾਸੀ ਖੇਤਰ-ਸੰਗਰਾਮ, ਅਰਾਵਲੀ ਪਰਬਤ, ਰਾਜਸਥਾਨ ਦੀ ਈਥਾਨੋਲ ਫੈਕਟਰੀ ਅੰਦੋਲਨ ਆਦਿ ਮਸਲਿਆਂ ਨੂੰ ਪੇਸ਼ ਕਰਦੀਆਂ ਲਿੱਖਤਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। 'ਸੁਰਖ਼ ਲੀਹ' ਸੰਸਾਰ-ਭਾਰਤ ਤੇ ਪੰਜਾਬ ਦੇ ਪੀੜਤ ਲੋਕਾਂ ਦੀ ਗੱਲ ਤੱਥਾਂ ਨਾਲ ਕਰ ਰਿਹਾ ਹੈ। ਸੁਰਖ਼ ਲੀਹ ਦੇ ਮੁੱਖ ਸੰਪਾਦਕ ਜਸਪਾਲ ਜੱਸੀ ਤੇ ਸੰਪਾਦਕ : ਪਵੇਲ ਹਨ। ਚਿੱਠੀ ਪੱਤਰ ਲਈ-ਸੁਰਖ਼ ਲੀਹ, ਨਕਈ ਵਾਲੀ ਪਹੀ, ਪੁੱਡਾ ਕਲੋਨੀ, ਗਾਂਧੀ ਨਗਰ, ਰਾਮਪੁਰਾ ਫੂਲ, ਬਠਿੰਡਾ-3, ਰਚਨਾਵਾਂ ਭੇਜਣ ਲਈ email: surkhleeh@gmail.com



ਕਵੀ ਪ੍ਰਸ਼ੋਤਮ ਪੱਤੋ ਨੇ 'ਮੈਂ ਸੋਚਦਾ' (2001), 'ਸੱਜਰੀ ਸਵੇਰ' (2007), 'ਸੂਖਮ ਪਰਤਾਂ' (2011), 'ਚਾਨਣ ਦੇ ਰਾਹੀ' (2017), 'ਮੈਂ ਸੋਚਦੀ ਹਾਂ' (2019), 'ਪੀੜ ਦਰ ਪੀੜ' (2025) ਤੱਕ ਛੇ ਪੁਸਤਕਾਂ ਪੰਜਾਬੀ ਕਵਿਤਾ ਨੂੰ ਦੇ ਦਿੱਤੀਆਂ ਹਨ। ਉਸ ਦੀਆਂ ਪੁਸਤਕਾਂ ਦੇ ਨਾਂਅ ਅਤੇ ਕਵਿਤਾਵਾਂ ਅੰਦਰ ਹਨੇਰ ਅਤੇ ਚਾਨਣ ਦੇ ਵਿਰੋਧੀ ਜੁੱਟ ਦੀਆਂ ਸੂਖਮ ਪਰਤਾਂ ਦਾ ਪ੍ਰਸੰਗ ਆਮ ਪਾਠਕ ਨੂੰ ਪਹਿਲੀ ਨਜ਼ਰ ਹੀ ਪਛਾਣ ਵਿੱਚ ਆ ਸਕਦਾ ਹੈ। ਇਸ ਪਛਾਣ ਵਿੱਚ ਸੱਚ ਤੇ ਝੂਠ, ਚੰਗੇ ਤੇ ਮਾੜੇ, ਵਧੀਆ ਤੇ ਘਟੀਆ, ਆਸ਼ਾ ਤੇ ਨਿਰਾਸ਼ਾ, ਸਮੱਸਿਆ ਤੇ ਹੱਲ ਆਦਿ ਤੱਥ ਉੱਭਰਵੇਂ ਸਰੂਪ ਵਿੱਚ ਨਜ਼ਰ ਆਉਣਗੇ। ਪ੍ਰਸ਼ੋਤਮ ਪੱਤੋ ਦੇ ਇਸ ਕਾਵਿ-ਬਿਰਤਾਂਤ ਵਿੱਚ ਕਵੀ ਦੀ ਬਿਰਤਾਂਤ-ਦ੍ਰਿਸ਼ਟੀ ਮਨੁੱਖੀ ਜੀਵਨ ਦੇ ਰਹੱਸ ਦੀ ਪਛਾਣ ਕਰਵਾਉਂਦੀ ਹੈ। ਇਸ ਵਿੱਚ ਅਸਲੀਅਤ ਅਤੇ ਆਦਰਸ਼ ਦਾ ਤਨਾਓ ਵੀ ਹੈ। ਅਜਿਹੀ ਸਥਿਤੀ ਦੇ ਅੰਦਰ ਕਾਵਿ-ਪਾਤਰ ਦੀ ਇੱਛਾ ਤੇ ਸੁਪਨਾ ਤਾਂ ਕਵੀ ਦੀ ਬਿਰਤਾਂਤ-ਦ੍ਰਿਸ਼ਟੀ ਬਣ ਮੈਂ-ਮੂਲਕ ਬਿਰਤਾਂਤਕਾਰ ਚਰਿੱਤਰ ਜ਼ਰੀਏ ਹਾਜ਼ਰ ਹੁੰਦਾ ਹੈ, ਜਿਸ ਰਾਹੀਂ ਕਾਵਿ-ਪਾਤਰ ਦੇ ਇਰਾਦੇ, ਚਾਹਤ ਤੇ ਨਿਰਾਸ਼ਤਾ ਅਤੇ ਆਧੁਨਿਕ ਮਨੁੱਖ ਦੇ ਚਿਹਰੇ ਜੋ ਵਰਤਮਾਨ ਸਮੇਂ ਨੂੰ ਵੇਖਦੇ-ਵੇਖਦੇ ਭਵਿੱਖ ਦੇ ਸਮੇਂ ਨੂੰ ਵੀ ਨਿਹਾਰਦੇ ਹਨ। ਇਸ ਤਰ੍ਹਾਂ ਕਵੀ ਪ੍ਰਸ਼ੋਤਮ ਪੱਤੋ ਆਪਣੇ ਵੱਲੋਂ ਪ੍ਰਾਪਤ ਗਿਆਨ ਜ਼ਰੀਏ ਕਰੂਰ ਯਥਾਰਥ ਤੋਂ ਸੰਭਾਵਨਾ-ਭਰਪੂਰ ਯਥਾਰਥ ਵਾਲਾ ਕਾਵਿ-ਬਿੰਬ ਬਣਾਉਂਦਾ ਹੈ। ਇਹ ਕਵੀ ਪ੍ਰਸ਼ੋਤਮ ਪੱਤੋ ਦੀ ਕਾਵਿ-ਕਲਾ ਹੈ। ਇਹ ਪ੍ਰਕਿਰਿਆ ਖਾਸ ਪਾਠਕ ਨੂੰ ਨਜ਼ਰ ਆ ਸਕਦੀ ਹੈ।ਉਪਰੋਕਤ ਪ੍ਰਸੰਗ ਦੀ ਪ੍ਰਤੀਨਿਧਤਾ ਕਰਦੀਆਂ ਕਵੀ ਪ੍ਰਸ਼ੋਤਮ ਪੱਤੋ ਦੀਆਂ ਕੁਝ ਕੁ ਕਵਿਤਾਵਾਂ ਇੱਕ ਨਮੂਨੇ ਵਜੋਂ ਪੇਸ਼ ਹਨ।

— ਜਸਬੀਰ ਕਲਸੀ ਧਰਮਕੋਟ

# ਪ੍ਰਸ਼ੋਤਮ ਪੱਤੋ ਦੀਆਂ ਕਵਿਤਾਵਾਂ

## ਪੱਕੇ ਇਰਾਦੇ

ਲਹਿਰਾਂ ਸੰਗ ਮੈਂ ਤੁਰਨਾ ਸਿੱਖਿਆ।
ਠੇਡੇ ਖਾ ਨਾ ਪਿੱਛੇ ਮੁੜਨਾ ਸਿੱਖਿਆ।
ਰਾਹੀਂ ਕੰਡੇ ਤੂੰ ਭਾਵੇਂ ਲੱਖ ਵਿਛਾਏ,
ਜਗਮਗ ਕਰਦੇ ਦੀਪ ਬੁਝਾਏ।
ਮੇਰੇ ਵਸਦੇ ਘਰ ਨੂੰ ਲਾਂਬੂ ਲਾਏ,
ਪਰਬਤ ਹਾਂ ਨਾ ਖੁਰਨਾ ਸਿੱਖਿਆ।
ਮੰਜ਼ਲ ਤੋਂ ਭਟਕਾ ਨਹੀਂ ਸਕਦੇ,
ਸੋਚ ਮੇਰੀ ਝਟਕਾ ਨਹੀਂ ਸਕਦੇ।
ਮੇਰੀ ਹੋਂਦ ਕਦੇ ਮਿਟਾ ਨਾ ਸਕਦੇ,
ਤੁਸੀਂ ਤਾਂ ਮੇਰੇ 'ਤੇ ਝੁਰਨਾ ਸਿੱਖਿਆ।
ਕਦ ਤੱਕ ਸੱਚ ਦਾ ਪਿੱਛਾ ਕਰੋਗੇ,
ਗ਼ਲਤ ਸੋਚ ਨਾਲ ਡੁੱਬ ਮਰੋਗੇ।
ਝੂਠ ਨਾਲ ਖੜ੍ਹ ਕੇ ਤੁਸੀਂ ਹਰੋਗੇ,
ਲੋਕਾਂ ਦੇ ਨਾਲ ਮੈਂ ਜੁੜਨਾ ਸਿੱਖਿਆ।
'ਪੱਤੋ' ਨੂੰ ਤੁਸੀਂ ਹਰਾ ਨਹੀਂ ਸਕਦੇ,
ਧੱਕੇ ਨਾਲ ਕਦੇ ਝੁਕਾ ਨਾ ਸਕਦੇ।
ਭਾਈਆਂ ਨਾਲ ਲੜਾ ਨਹੀਂ ਸਕਦੇ,
ਮੈਂ ਥੋਡੇ ਵਾਂਗ ਨਾ ਕੁੜਨਾ ਸਿੱਖਿਆ।

## ਨਿਰਾਸ਼ਤਾ

ਕੀ ਮੇਰੀ ਅਰਦਾਸ ਜੋ ਧੁਰ ਨੀ ਪਹੁੰਚੀ।
ਇਕ ਵੀ ਚਿਣਗ, ਖ਼ੁਦ ਘਰ ਨੀ ਪਹੁੰਚੀ।
'ਹਉਮੈ ਨੂੰ ਮਾਰੋ' ਉਹ ਕਹਿੰਦੇ ਰਹਿੰਦੇ,
ਅਰਥਾਂ ਦੀ ਕ੍ਰਿਪਾ, ਮਨ ਤੱਕ ਨੀ ਪਹੁੰਚੀ।
ਲੋਕਾਂ ਜਾਨ ਵਾਰੀ ਦੇਸ਼ ਆਜ਼ਾਦ ਲਈ,
ਖੁਸ਼ਹਾਲੀ ਮੁੜ ਕੇ ਘਰ ਤੱਕ ਨੀ ਪਹੁੰਚੀ।
ਅਜ਼ਾਦੀ ਪਿੱਛੋਂ, ਉਨ੍ਹਾਂ ਕੁਰਸੀ ਨਾ ਛੱਡੀ,
ਤੇ ਸਾਡੀ ਮੁਸਕਾਨ ਬਾਹਰ ਨੀ ਪਹੁੰਚੀ।
ਲੁੱਟ ਲੁੱਟ ਕੇ ਲੋਕਾਂ ਨੂੰ, ਲੋਟੂ ਨਾ ਥੱਕੇ,
ਲਾਲਸਾ ਸਬਰ ਤੱਕ ਫਿਰ ਨੀ ਪਹੁੰਚੀ।
ਹਰ ਚੀਜ਼ ਵਿਚ ਹੀ ਮਿਲਾਵਟ ਹੈ ਯਾਰੋ,
ਤਾਂ ਹੀ ਉਮਰ, ਆਖ਼ਰ ਤੱਕ ਨੀ ਪਹੁੰਚੀ।
ਕੀ ਤੇਰੀ ਰਹਿਮਤ, ਕੀ ਮੇਰੀ ਹਸਰਤ,
ਮੁਹੱਬਤ ਵੀ ਜਿਗਰ ਤੱਕ ਨੀ ਪਹੁੰਚੀ।
ਗਰੀਬ ਕਵੀ ਦੀ ਐਸੀ ਹਾਲਤ ਹੈ ਲੋਕੋ,
ਮਾਣ ਭੇਂਟ ਵੀ ਕਦਰ ਤੱਕ ਨੀ ਪਹੁੰਚੀ।

## ਆਧੁਨਿਕ ਮਨੁੱਖ

ਹਰ ਵੇਲੇ ਹਰ ਘੜੀ ਹੀ
ਫ਼ਿਕਰ ਵਿਚ ਜਿੰਦ ਜਾਨ
ਸੜਕਾਂ ਬਾਜ਼ਾਰ ਰਾਹਾਂ 'ਤੇ
ਦੌੜ ਰਿਹਾ ਹੈ ਇਨਸਾਨ।
ਗੁੱਸਾ ਤਣਾਓ ਅੰਗਾਂ ਉੱਤੇ
ਮਨ ਵਿਚ ਡੂੰਘੇਰੀ ਚੁੱਪ
ਮਸ਼ੀਨਾਂ ਦੇ ਹਵਾਲੇ ਹੋਏ
ਹੱਥ ਪੈਰ ਸੋਚਾਂ ਤੇ ਮੁੱਖ।
ਅੰਬਰ ਨੂੰ ਭਰੇ ਕਲਾਵੇ
ਬ੍ਰਹਿਮੰਡ ਰਿਹਾ ਹੈ ਖੋਜ
ਆਪਣੇ ਆਪ ਤੋਂ ਦੂਰੀਆਂ
ਵਧ ਰਹੀਆਂ ਹਰ ਰੋਜ਼।
ਨਾ 'ਹਿਸਾਸ ਨ ਜਜ਼ਬਾਤ
ਨਾ ਵਿਸ਼ਵਾਸ ਨਾ ਯਕੀਨ
ਅੱਜ ਦਾ ਮਨੁੱਖ ਹੋ ਗਿਆ
ਜਿਉਂ ਲੋਹੇ ਦੀ ਮਸ਼ੀਨ।

## ਚਾਹੁੰਦਾ ਹਾਂ ਕਿ

ਚਾਹੁੰਦਾ ਹਾਂ ਕਿ
ਸਿਫ਼ਰ ਤੋਂ ਉੱਠ ਕੇ
ਗਿਣਤੀ ਦਾ ਹਿੰਦਸਾ ਬਣ ਜਾਵਾਂ
ਹਰ ਵੇਲੇ ਜਮ੍ਹਾਂ ਹੀ ਹੋਵਾਂ
ਮਨਫੀ ਹੋਣ ਤੋਂ ਘਬਰਾਵਾਂ।
ਚਾਹੁੰਦਾ ਹਾਂ ਕਿ
ਕਿਣਮਿਣ ਹੋ ਕੇ
ਤਪਦੀ ਧਰਤੀ 'ਤੇ ਵਰ੍ਹ ਜਾਵਾਂ
ਹਰ ਪੱਤੇ ਹਰ ਟਾਹਣੀ ਦੀ ਤ੍ਰੇਹ ਬੁਝਾਵਾਂ।
ਚਾਹੁੰਦਾ ਹਾਂ ਕਿ
ਕੋਈ ਹੋਵੇ ਮੇਰਾ ਸੁਪਨਾ
ਜਾਂ ਮੈਂ ਕਿਸੇ ਦਾ ਸੁਪਨਾ ਹੋ ਜਾਵਾਂ
ਜ਼ਿੰਦਗੀ ਦੇ ਸਵੇਰੇ ਨੂੰ
ਜੀਅ ਭਰ ਹੰਢਾਵਾਂ।
ਚਾਹੁੰਦਾ ਹਾਂ ਕਿ
ਪੰਖ ਪੰਖੇਰੂ ਹੋ ਕੇ
ਅੰਬਰੀਂ ਭਰਾਂ ਉਡਾਣਾਂ
ਨਾ ਕੋਈ ਮੈਨੂੰ ਬੰਦਿਸ਼ ਰੋਕੇ
ਨਾ ਰੋਕਣ ਸੀਮਾਵਾਂ।
ਚਾਹੁੰਦਾ ਹਾਂ ਕਿ
ਬੀਤੀ ਜ਼ਿੰਦਗੀ ਦੇ
ਇਤਿਹਾਸਕ ਪੰਨੇ ਖੋਲ੍ਹਾਂ
ਪਲਟਾ ਇੱਕ ਇੱਕ ਕਰਕੇ
ਆਪਣੇ ਆਪ ਨੂੰ ਟੋਲਾਂ।

## ਸੋਚ ਹੀ ਧਰਮ

ਮੇਰਾ ਸਰੂਪ ਮੇਰੀ
ਸੋਚ ਦਾ ਪ੍ਰਤੀਬਿੰਬ ਹੈ
ਮੇਰੇ ਬੋਲ, ਰੋਸੇ ਸ਼ਿਕਵੇ
ਰੋਣੇ ਹਾਸੇ, ਮੋਹ ਦੀਆਂ ਤੰਦਾਂ
ਸਾਰੇ ਦੇ ਸਾਰੇ ਮੇਰੀਆਂ
ਸੋਚਾਂ ਦੀ ਹੀ ਉਪਜ ਹਨ।
ਜਿਵੇਂ ਸੋਚਦਾ ਹਾਂ
ਉਵੇਂ ਦੇਖਦਾ ਹਾਂ
ਅੱਖਾਂ ਤਾਂ ਮਾਧਿਅਮ ਹਨ
ਮਾਂ, ਭੈਣ, ਧੀ, ਪਤਨੀ ਰਿਸ਼ਤੇ ਸੰਬੰਧ
ਸੋਚਾਂ ਦੇ ਹੀ ਰੰਗ
ਮੇਰੀ ਸਿਆਣਪ
ਮੇਰੀ ਮੂਰਖਤਾਈ
ਮੇਰੀ ਚਾਲਾਕੀ ਮੇਰੀ ਚਤੁਰਾਈ
ਮੇਰਾ ਕਿਰਦਾਰ ਮੇਰਾ ਵਿਵਹਾਰ
ਮੇਰੀਆਂ ਸੋਚਾਂ ਦਾ
ਬਾਹਰੀ ਪ੍ਰਗਟਾਵਾ ਹਨ।
ਸੋਚ ਹੀ ਮੇਰੀ ਮਰਿਯਾਦਾ
ਸੋਚ ਹੀ ਧਰਮ
ਸੋਚ ਹੀ ਮੇਰਾ ਵਜੂਦ
ਸੋਚ ਹੀ ਕਰਮ।
ਪਹਿਲੀ ਸੋਚ ਜੋ
ਮਾਂ ਨੇ ਦਿੱਤੀ
ਜ਼ਿੰਦਗੀ ਦੀ ਕਾਨਵੈਂਸ 'ਤੇ
ਇਸ ਤੋਂ ਹੀ ਮੇਰਾ
ਜੀਵਨ ਮੌਲਣ ਲੱਗਾ
ਸੋਚਾਂ ਮੈਨੂੰ ਤੋਰਨ ਲੱਗੀਆਂ
ਜੰਗਲੀ ਰਾਹ ਤੋਂ
ਮੋੜਨ ਲੱਗੀਆਂ
ਸੋਚਾਂ ਹੀ ਮੇਰੀ ਪਹਿਚਾਣ ਸਨ
ਮੇਰਾ ਆਦਰ-ਮਾਣ ਸਨ।

## ਚਿਹਰਾ

ਸ਼ੀਸ਼ੇ ਵਿੱਚ ਨਿਹਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਪੜ੍ਹਿਆ ਨਾ ਵਿਚਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਲੋਕੀਂ ਰੋਜ਼ ਹੀ ਚਿਹਰੇ 'ਤੇ ਚਿਹਰਾ ਲਾ ਲੈਂਦੇ ਨੇ,
ਸਾਨੂੰ ਇਕ ਹੀ ਧਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਹਰ ਚਿਹਰੇ ਵਿੱਚ ਹੁਣ ਤਾਂ ਤੇਰਾ ਚਿਹਰਾ ਦਿਸਦਾ ਏ,
ਸਾਨੂੰ ਇਹ ਸਵੀਕਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਹੁਣ ਤਾਂ ਆਪਣੇ ਚਿਹਰੇ ਦੀ ਵੀ ਆਉਂਦੀ ਨਹੀਂ ਪਹਿਚਾਣ,
ਯਾਰਾਂ ਅੱਗੇ ਹਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਕਾਲੇ ਧੌਲੇ ਵਿੱਚ ਨਾ ਹੁਣ ਰਿਹਾ ਫ਼ਰਕ ਬਈ ਕੋਈ,
ਆਪਣੀ ਦਿੱਖ ਸੰਵਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।
ਜੇ ਮੈਂ ਖ਼ੁਦ ਨੂੰ ਮਿਲਿਆ ਤਾਂ ਕਿੱਦਾਂ ਪਹਿਚਾਣਾਂਗਾ,
ਸੁਪਨਿਆਂ ਵਿੱਚੋਂ ਵਿਸਾਰਿਆ ਚਿਹਰਾ ਮੁੱਦਤਾਂ ਬੀਤ ਗਈਆਂ।

ਸੰਪਰਕ-98550-38775

# ਬਾਬਾ ਫਕੀਰੀਆ

ਮੇਰੇ ਪਿੰਡ ਦਾ ਆਣ ਲਿਖਿਆ ਇਤਿਹਾਸ ਹੈ ਬਾਬਾ ਫਕੀਰੀਆ। ਬਾਬਾ ਫਕੀਰੀਆ ਜਿੰਨਾ ਹੱਡਾਂ-ਪੈਰਾਂ ਦਾ ਖੁੱਲ੍ਹਾ ਸੀ, ਓਨਾ ਹੀ ਉਹ ਵਿਚਾਰਾਂ ਵਿੱਚ ਅਸਮਾਨੀਂ ਉਡਾਰੀਆਂ ਭਰਨ ਦੀ ਸਮਰੱਥਾ ਰੱਖਦਾ ਸੀ। ਗੌਲਿਆਂ ਵੇਲੇ ਉਹ ਭਰ ਜਵਾਨ ਸੀ। ਨੇੜਲੇ ਪਿੰਡ ਗੁੱਲਪੁਰ ਮਾਸਟਰ ਗੁਰਦੇਵ ਸਿੰਘ ਹੁਰਾਂ ਦੀ ਵੱਡੀ ਭੈਣ ਨੇ ਬਾਬਾ ਜੀ ਦੇ ਜੀਵਨ ਵਿਚ ਆ ਕੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ।ਰਾਣੇ ਮੂਲ੍ਹੇ ਦੀ ਬੇਰੀ ਹੇਠਾਂ ਲੱਗਦੀ ਸਿਆਲਾਂ ਦੇ ਦਿਨੀਂ ਦੇਰ ਰਾਤ ਤੱਕ ਮਘਦੀ ਧੂਣੀ ਮੇਰੇ ਪਿੰਡ ਦੀ ਵਿਧਾਨ ਸਭਾ ਹੋਇਆ ਕਰਦੀ ਸੀ।ਚਰਨੇ ਤਰਖਾਣ ਦੀਆਂ ਮਿੱਠੀਆਂ-ਮਿੱਠੀਆਂ ਟਕੋਰਾਂ ਸਣ ਅਤੇ ਸਨੁੱਕੜੇ ਦੀਆਂ ਭੰਨੀਆਂ ਜਾਂਦੀਆਂ ਛਿਟੀਆਂ ਧੂਣੀ ਦਾ ਖਾਜਾ ਬਣਦੀਆਂ, ਸਰੀਰਾਂ ਨੂੰ ਨਿੱਘ ਦਿੰਦੀਆਂ, ਉਥੇ ਬਾਬਾ ਫਕੀਰੀਆ ਦੀਆਂ ਦਿਮਾਗ ਨੂੰ ਤਰੋਤਾਜ਼ਾ ਕਰਦੀਆਂ ਡੂੰਘੀਆਂ ਗੱਲਾਂ ਹਾਜ਼ਰੀਨ ਨੂੰ ਕੁਝ ਕਰ ਗੁਜ਼ਰਨ ਲਈ ਵੀ ਵੰਗਾਰਦੀਆਂ ਸਨ। ਪਿੰਡ ਦੇ ਹਰ ਤਰ੍ਹਾਂ ਦੇ ਮਸਲੇ ਅਕਸਰ ਹੀ ਇਸ ਧੂਣੀ 'ਤੇ ਹੀ ਵਿਚਾਰੇ ਜਾਂਦੇ ਸਨ। ਪਿੰਡ ਵਿੱਚ ਚਾਨਣਾ ਦਾ ਛੱਟਾ ਦਿੰਦੇ ਜੁਗਿੰਦਰ ਬਾਹਰਲਾ ਅਤੇ ਨਰਿੰਦਰ ਦੁਸਾਂਝ ਵੱਲੋਂ ਪੇਸ਼ ਕੀਤੇ ਜਾਂਦੇ ਹਾੜ੍ਹੀਆਂ ਸੌਣੀਆਂ ਜਿਹੇ ਨਾਟਕ ਅਤੇ ਪਾਰਟੀ ਦੇ ਪ੍ਰੋਗਰਾਮ ਅਕਸਰ ਬਾਬੇ ਫਕੀਰੀਏ ਦੀ ਪ੍ਰਧਾਨਗੀ ਹੇਠ ਹੀ ਅਕਸਰ ਹੋਇਆ ਕਰਦੇ ਸਨ।

ਬਾਬਾ ਵਿਖਿਆਨ ਕਰਦਾ, ਪਿੰਡ ਦੀ ਲਹਿੰਦੀ ਗੁੱਠ 'ਚ ਵਸਿਆ ਚਣਕੋਆ, ਪੱਛੋਂ ਦੀ ਬਾਹੀ ਚਣਕੋਈ, ਦੱਖਣ ਦੀ ਗੁੱਠ 'ਚ ਵਸੇ ਪਿੰਡ ਰੁੜਕੀ ਕਲਾਂ ਅਤੇ ਘਮੌਰ, ਮੁਸਲਮਾਨ ਆਬਾਦੀ ਵਾਲੇ ਪਿੰਡ ਸਨ। ਇਹਨਾਂ ਪਿੰਡਾਂ ਵਿੱਚ ਖੜੀਆਂ ਮਸਜਿਦਾਂ/ਮਸੀਤਾਂ, ਮੁਸਲਮਾਨ ਭਾਈਚਾਰੇ ਦੀਆਂ ਇਬਾਦਤਗਾਹਾਂ, ਉਹਨਾਂ ਪਿੰਡਾਂ ਵਿੱਚ ਮੁਸਲਮਾਨ ਆਬਾਦੀ ਦੀ ਬਹੁਤਾਤ ਦਾ ਅੱਜ ਵੀ ਹੁੰਗਾਰਾ ਭਰਦੀਆਂ ਹਨ। ਸੰਤਾਲੀ ਦੇ ਸੰਤਾਪ ਬਾਰੇ ਬਾਬਾ ਆਖਿਆ ਕਰਦਾ ਸੀ-ਪੰਜਾਬ ਨੇ ਕਦੀ ਵੀ ਕਿਸੇ ਦੀ ਈਨ ਨਹੀਂ ਮੰਨੀ ।ਸਦੀਆਂ ਪਿਛਾਂਹ ਨੂੰ ਨਜ਼ਰ ਮਾਰ ਲਵੋ। ਪੋਰਸ ਦੇ ਵਾਰਸਾਂ ਨਾਨਕ ਦੀ ਅਗਵਾਈ ਵਿੱਚ ਅਜਿਹੀ ਲਹਿਰ ਖੜੀ ਕਰਤੀ ਕਿ ਦੁਨੀਆ ਹਿਲਾ ਕੇ ਰਖਤੀ ਸੀ ਇਕ ਵਾਰ ਤਾਂ ——।ਜਾਬਰ ਬਾਬਰ ਆਇਆ, ਬਾਬੇ ਨੇ ਉਸ ਨੂੰ ਪਾਪ ਦੀ ਜੰਞ ਲੈ ਕਾਬਲੋਂ ਧਾਇਆ ——ਆਖ ਕੇ ਲਲਕਾਰਿਆ। ਬਾਬੇ ਨੇ ਸਦੀਆਂ ਵਿੱਚ ਖਿੱਲਰੀ ਪਈ ਮਾਨਵਤਾਵਾਦੀ ਸੋਚ ਨੂੰ ਇਕੱਠਿਆਂ ਕੀਤਾ। ਪੰਜਵੇਂ ਨਾਨਕ ਨੇ ਉਸ ਨੂੰ ਸੰਗ੍ਰਹਿਤ ਕੀਤਾ। ਜਹਾਂਗੀਰ ਤੜਪ ਉੱਠਿਆ । ਬਾਬਾ ਆਖਿਆ ਕਰਦਾ ਸੀ ਕਿ ਸਾਡੇ ਢੰਡੋਰਚੀ ਆਖੀ ਜਾਂਦੇ ਹਨ ਕਿ 'ਅਖੇ ਚੰਦੂ ਦੀ ਕੁੜੀ ਦਾ ਸਾਕ ਨਹੀਂ ਸੀ ਲਿਆ। ਤਾਂ ਇਹ ਭਾਣਾ ਵਰਤਿਆ', 'ਓਏ ਭਲਿਓ ਲੋਕੋ ! ਹਾਕਮ ਆਪਣੇ ਢੰਡੋਰਚੀਆਂ ਰਾਹੀਂ ਆਪਣੇ ਕੀਤੇ ਨੂੰ ਸਹੀ ਦਰਸਾਉਣ ਲਈ ਹਰ ਹੀਲਾ ਵਰਤਦੇ ਹਨ। ਉਹਨਾਂ ਵਰਤਿਆ। ਪੰਜਵੇਂ ਨਾਨਕ ਦਾ ਜਹਾਂਗੀਰ ਦੀਆਂ ਨਜ਼ਰਾਂ 'ਚ ਨਾ ਮੁਆਫੀਯੋਗ ਕਸੂਰ ਸੀ, ਪੋਥੀ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਸੰਪਾਦਨਾ।'

ਭਲਿਓ ਲੋਕੋ ! ਤੁਸੀਂ ਹੀ ਤਾਂ ਜਾਣਾ ਹੁੰਦਾ ਹੈ ਗੱਲ ਦੀ ਤਹਿ ਤੱਕ। ਨਵੀਂ ਪੀੜ੍ਹੀ ਨੂੰ ਮੰਥਨ ਕਰਨਾ ਪਵੇਗਾ, ਬੀਤੇ ਦੀਆਂ ਹੋਈਆਂ, ਕੀਤੀਆਂ, ਕਤਰੀਆਂ ਦਾ। ਨੌਵੇਂ ਨਾਨਕ ਅਤੇ ਉਸ ਦੇ ਪੈਰੋਕਾਰਾਂ ਦੀਆਂ ਲਾਸਾਨੀ ਸ਼ਹਾਦਤਾਂ ਨੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪੰਜਾਬ ਦੇ ਜਾਇਆਂ ਨੂੰ ਬਗ਼ਾਵਤ ਦੇ ਰਾਹ ਤੁਰਨ ਲਈ ਮਜਬੂਰ ਕਰਤਾ ਸੀ। ਛੇਵੇਂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਖ਼ਾਲਸੇ ਨੂੰ ਹਥਿਆਰਬੰਦ ਘੋਲ ਲਈ ਤਿਆਰ ਕਰਨਾ, ਆਪਣੇ ਹਜ਼ਾਰਾਂ ਸਿੰਘਾਂ, ਆਪਣੀ ਮਾਤਾ, ਲਾਡਲੇ ਪੁੱਤਰਾਂ ਦੀਆਂ ਸ਼ਹਾਦਤਾਂ ਨੇ ਬਲਦੀ 'ਤੇ ਤੇਲ ਪਾਇਆ।

ਵਕਤ ਪਾ ਕੇ ਪੰਜਾਬ ਨੇ ਵਿਚਾਰਾਂ ਦੀ ਸਾਣ 'ਤੇ ਲੱਗੀ ਹੋਈ ਆਪਣੀ ਸੋਚ ਸਦਕਾ ਇੱਕ ਹੱਥ ਹਲ ਦੀ ਮੁੰਨੀ 'ਤੇ ਅਤੇ ਇੱਕ ਹੱਥ ਤਲਵਾਰ ਦੀ ਮੁੱਠ 'ਤੇ ਕਰ ਲਿਆ ਸੀ। ਬੰਦੇ ਨੇ ਪੰਜਾਬ ਹੀ ਨਹੀਂ, ਉੱਤਰ ਪੂਰਵ ਗਾਹ ਮਾਰਿਆ। ਉਹ ਦਿੱਲੀ ਕਨੀਓਂ ਜਿੱਤ ਦੇ ਨਗਾਰੇ ਵਜਾਉਂਦਾ ਪੰਜਾਬ ਵੱਲ ਵਧਿਆ ਸੀ, ਇਕ ਸੂਝਵਾਨ ਜਰਨੈਲ ਦੀ ਤਰ੍ਹਾਂ।

ਬਾਬਾ ਆਖਦਾ ਲੋਹਗੜ੍ਹ ਨੂੰ ਰਾਜਧਾਨੀ ਬਣਾ ਕੇ, ਪੰਜਾਬ ਦੀ ਧਰਤੀ 'ਤੇ ਨਾਨਕ ਦੇ ਫਲਸਫੇ ਨੂੰ ਪ੍ਰਵਾਨਗੀ ਦਿੰਦਾ ਰਾਜ ਸਥਾਪਤ ਕਰਤਾ ਸੀ ਉਹਨੇ। ਦਹਾਕਿਆਂਬੱਧੀ ਜੰਗਲਾਂ ਦਾ ਵਾਸ ਕਰਦਿਆਂ ਪੰਜਾਬ ਦੇ ਧੀਆਂ-ਪੁੱਤਰਾਂ ਨੇ ਕਿਸੇ ਰਾਜੇ-ਮਹਾਰਾਜੇ ਦੀ ਧੌਂਸ ਨਹੀਂ ਸੀ ਝੱਲੀ। ਅਠਾਰ੍ਹਵੀਂ ਸਦੀ ਦੇ ਅੱਧ ਦੁਆਲੇ ਘੋੜਿਆਂ ਦੀਆਂ ਕਾਠੀਆਂ ਨੂੰ ਘਰ ਬਣਾ ਕੇ ਜੰਗਲਾਂ 'ਚ ਵਾਸ ਕਰਦਿਆਂ ਪਹਿਲਾਂ 64 ਜਥਿਆਂ, ਸਮੇਂ ਦੀ ਨਜ਼ਾਕਤ ਦੇਖਦਿਆਂ 24 ਅਤੇ ਫ਼ਿਰ 12 ਜਥਿਆਂ 'ਚ ਜਥੇਬੰਦ ਕਰਦਿਆਂ ਇਕ ਸੂਝਵਾਨ ਰਾਜ ਪ੍ਰਬੰਧ ਲਈ ਜ਼ਰੂਰੀ ਰਿਕਾਰਡ ਰੱਖਣਾ ਸ਼ੁਰੂ ਕਰਦਿਆਂ ਬਾਰਾਂ ਮਿਸਲਾਂ ਦਾ ਰੂਪ ਧਾਰ, ਆਪਣੇ ਅਜ਼ਾਦ ਰਾਜ ਸਥਾਪਤ ਕਰਕੇ ਪੰਜਾਬ ਦੇ ਲੋਕਾਂ ਨੂੰ ਮੁਗਲ ਸ਼ਾਹੀ ਦੀ ਗੁਲਾਮੀ ਤੋਂ ਛੁਟਕਾਰਾ ਦਿਵਾ ਦਿੱਤਾ ਸੀ। ਅਬਾਦੀ ਦੇ ਪੱਖੋਂ ਪੰਜ ਪ੍ਰਤੀਸ਼ਤ ਲੋਕਾਂ ਕੋਲ ਅਜਿਹਾ ਕੀ ਸੀ ਕਿ ਸਾਰਾ ਪੰਜਾਬ ਉਹਨਾਂ ਦੀ ਪਿੱਠ 'ਤੇ ਆਣ ਖੜ੍ਹਿਆ ਸੀ ? ਉਹ ਸੀ ਨਾਨਕ ਦਾ ਮਾਨਵਤਾਵਾਦੀ ਫ਼ਲਸਫ਼ਾ। ਆ ਗਏ ਨਿਹੰਗ ਬੂਹਾ ਖੋਲ੍ਹ ਦਿਓ ਨਿਸੰਗ — ਜਹੀਆਂ ਲੋਕ ਬੋਲੀਆਂ/ਲੋਕ ਧਾਰਨਾਵਾਂ ਹੋਂਦ ਵਿੱਚ ਐਵੇਂ ਨਹੀਂ ਸੀ ਆ ਗਈਆਂ।

ਬਾਬਾ ਤਰਕ ਦਿੰਦਾ ਆਖਦਾ ਸੀ ਕਿ ਰਣਜੀਤ ਸਿੰਘ ਦੇ ਰਾਜ ਨੂੰ ਨਾਨਕ ਫਲਸਫੇ ਦਾ ਸਿਖਰ ਮੰਨਣ ਵਾਲਿਆਂ ਨੂੰ ਸੋਚਣਾ ਪਵੇਗਾ ਕਿ ਬਾਬਾ ਨਾਨਕ ਅਜਿਹਾ ਰਾਜ ਚਾਹੁੰਦਾ ਸੀ ? ਨਹੀਂ। ਜਗੀਰਦਾਰੀਆਂ, ਦੂਸਰੀਆਂ ਮੁਗਲ ਹਕੂਮਤਾਂ ਦੀ ਨਿਆਈਂ ਛੋਟੇ-ਛੋਟੇ ਸੂਬੇਦਾਰ ਹੀ ਤਾਂ ਸਨ, ਉਸ ਦੇ ਬਣਾਏ ਹੋਏ ਆਪਣੇ ਰਾਜ ਦੇ ਥੰਮ੍ਹ, ਪਰ ਬਾਬੇ ਦੇ ਰਾਜ ਦਾ ਫਲਸਫਾ ਸੀ ਸਮੁੱਚੀ ਲੋਕਾਈ, ਇੱਕੋ ਜਿਹੀ ਹੋਵੇਗੀ। ਗੁਰੂ ਆਸ਼ੇ ਅਨੁਸਾਰ ਪੰਚ ਪ੍ਰਧਾਨੀ ਦਾ

ਸ਼ਬਦ-ਚਿੱਤਰ

**ਦੀਦਾਰ ਸਿੰਘ ਸ਼ੇਤਰਾ**

ਰਾਜ। ਲੋਕਾਂ ਦਾ ਆਪਣਾ ਰਾਜ।ਨਾ ਕਿ ਕਿਸੇ ਰਾਜੇ ਮਹਾਰਾਜੇ ਦਾ ਰਾਜ।ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ —। ਉਸ ਦੇ ਬੀਜੇ ਕੰਡਿਆਂ ਦੀ ਹੀ ਤਾਂ ਸਜ਼ਾ ਭੁਗਤ ਰਹੇ ਹਾਂ ਅੱਜ ਤੱਕ।

ਬਾਬੇ ਨਾਨਕ ਦੀ ਸੋਚ ਉਡਾਰੀ ਨੂੰ, ਤੁਣਕੇ ਮਾਰ-ਮਾਰ ਥੱਲੇ ਲਾਹ ਲਿਆ ਗਿਆ, ਆਪਣੀਆਂ ਰੀਝਾਂ, ਖਾਹਿਸ਼ਾਂ ਅਨੁਸਾਰ ਢਾਲ ਲਿਆ, ਲੋਕ ਹਿੱਤੂ ਸਿੱਖ ਫਲਸਫੇ ਨੂੰ।ਇਹੋ ਕਾਰਨ ਸੀ ਕਿ ਸਿੱਖ ਮਿਸਲਾਂ ਦਾ ਰਾਜ ਖਤਮ ਕਰਕੇ ਰਣਜੀਤ ਸਿੰਘ ਨੇ ਏਕਾ-ਅਧਿਕਾਰ ਰਾਜ ਸਥਾਪਤ ਕਰ ਲਿਆ। ਗੁਰੂ ਦੀ ਪੰਚ ਪ੍ਰਧਾਨੀ ਨੂੰ ਪਿੱਠ ਦੇ ਦਿੱਤੀ ਸੀ। ਕੂਕਿਆਂ ਦੀ ਬਗ਼ਾਵਤ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦਾ ਪਗੜੀ ਸੰਭਾਲ ਜੱਟਾ ਦਾ ਕਿਸਾਨੀ ਘੋਲ਼,



ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ ਦੇ ਕਿੱਸੇ ਬੜੇ ਮਾਣ ਨਾਲ ਸਾਂਝੇ ਕਰਦਾ ਹੈ। ਆਪਣੇ ਪਿੰਡ ਦੇ ਹੀ ਦੋਹਤੇ-ਭਾਣਜੇ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਉਸ ਦੇ ਸਾਥੀਆਂ ਬੱਬਰਾਂ ਅੰਗਰੇਜ਼ੀ ਰਾਜ ਲਈ ਮੁਖਬਰੀ ਕਰਨ ਵਾਲੇ ਪਿੰਡ ਦੇ ਲੰਬੜਾਂ ਰਲ੍ਹਾ ਅਤੇ ਦਿੱਤੂ ਦੇ ਦਿਨ ਦਿਹਾੜੇ ਢੋਲਕੀਆਂ ਛੈਣੇ, ਚਿਮਟਿਆਂ ਦੇ ਸੰਗੀਤ 'ਚ ਸ਼ਬਦ ਪੜ੍ਹਦਿਆਂ ਕਿਵੇਂ ਪਾਰ ਬੁਲਾਏ ਸਨ, ਬੜੇ ਮਾਣ ਨਾਲ ਸੁਣਾਉਂਦਾ।ਸ. ਭਗਤ ਸਿੰਹੁ ਦੀ ਇੰਡੀਅਨ ਨੈਸ਼ਨਲ ਆਰਮੀ ਨੌਜਵਾਨ ਭਾਰਤ ਸਭਾ ਦਾ ਗਠਨ ਦੇ ਰੋਹ ਭਰੇ ਕਿੱਸੇ ਸੁਣਾਉਂਦਾ ਬਾਬਾ ਫਕੀਰੀਆ ਕਾਂਗਰਸ ਪਾਰਟੀ ਦੇ ਅੰਗਰੇਜ਼ੀ ਰਾਜ ਨਾਲ਼ ਅੰਦਰਖਾਤੇ ਕੀਤੀ ਗੰਢ-ਤੁੱਪ ਸਦਕਾ ਸੰਤਾਲੀ 'ਚ ਸੱਤਾ ਦੀ ਤਬਦੀਲੀ ਵੇਲੇ ਪੰਜਾਬ ਵਿੱਚ ਵਰਤੇ ਅਨਰਥਾਂ ਦੀ ਬਾਤ ਪਾਉਂਦਾ-ਪਾਉਂਦਾ ਭਾਵੁਕ ਹੋ ਜਾਂਦਾ ਹੈ।

'47 ਦੇ ਦੁਖਾਂਤ ਦੀ ਗੱਲ ਕਰਦਿਆਂ ਕਈ ਵਾਰ ਮਨ ਭਰ ਆਉਂਦਾ ਸੀ ਬਾਬਾ ਫਕੀਰੀਆ। ਆਪਣੇ ਪਿੰਡ ਦੇ ਤੇਲੀਆਂ ਦਾ ਟੱਬਰ, ਆਪਣੀ ਜੰਮਣ ਭੋਇੰ ਨੂੰ ਛੱਡ ਕੇ ਜਾਣਾ ਨਹੀਂ ਸੀ ਚਾਹੁੰਦਾ, ਪਰ ਸਾਡੇ ਕੁਝ ਲੱਠ ਮਾਰਾਂ, ਉਹਨਾਂ ਦੀਆਂ ਧੀਆਂ 'ਤੇ ਅੱਖ ਰੱਖ ਲਈ ਸੀ । ਉਹ ਵਿਚਾਰੇ ਚਲੇ ਗਏ ਸੀ।

ਚਣਕੋਆ ਮੁਸਲਮਾਨ ਵਸੋਂ ਵਾਲਾ ਵੱਡਾ ਪਿੰਡ ਸੀ। ਚਣਕੋਆ ਵਿਖੇ ਆਸ-ਪਾਸ ਦੇ ਪਿੰਡਾਂ ਦੇ ਮੁਸਲਮਾਨ ਇਕੱਠੇ ਹੋ ਗਏ ਸਨ ਰੌਲਿਆਂ ਵੇਲੇ।ਬੀਰੋਵਾਲ ਦੇ ਸਾਧ ਦੇ ਲਫਟੈਣਾਂ ਨੇ ਕੁਝ ਨਾ ਵਿਚਾਰਿਆ। ਸਿੱਖੀ ਸੋਚ ਨੂੰ ਤਿਲਾਂਜਲੀ ਦੇ ਦਿੱਤੀ। ਸਿੰਬਲ ਮਜਾਰਾ ਦਾ ਚੁਸ਼ਮਿਆਂ ਤੱਕ ਫੈਲਿਆ ਹੋਇਆ ਅੰਬਾਂ ਦਾ ਬਾਗ । ਕਹਿੰਦੇ ਹੁੰਦੇ ਸਨ ਕਿ ਵੀਰੋਵਾਲੀਏ ਸਾਧ ਕੋਲ ਮਸ਼ੀਨ ਗਨ ਹੈ।ਬਾਗ਼ 'ਚ ਇਕੱਠ ਕਰਕੇ ਆ ਹਮਲਾਵਰ ਹੋਏ ਚਣਕੋਆ 'ਤੇ। ਬਲਾਚੌਰ-ਗੜ੍ਹਸ਼ੰਕਰ ਸੜਕ 'ਤੇ ਬਾਹਰਲੀ ਕੋਠੀ ਬੈਠਾ ਰਹਿਮੇ ਖਾਂ। ਇਲਾਕੇ 'ਚ ਸਭ ਦਾ ਸਤਿਕਾਰਤ ਨਾਂਅ ਸੀ।ਬਿਨਾਂ ਕਿਸੇ ਕਾਰਨ ਕਤਲ ਕਰ ਦਿੱਤਾ।ਲੁੱਟ-ਖੋਹ ਨੂੰ ਪਰਣਾਏ ਉਸ ਦੇ ਨਾਲ ਤੁਰੀ ਹੋਈ ਲਗੌੜ ਨੇ, ਚਣਕੋਆ ਘੇਰ ਲਿਆ ਸੀ ।ਮਸੀਤ ਵਾਲੀ ਖੂਹੀ ਵਿੱਚ ਮੁਸਲਮਾਨ ਔਰਤਾਂ ਨੇ ਛਾਲਾਂ ਮਾਰ ਦਿੱਤੀਆਂ।ਪੁੱਤਰੋ ਪੁੱਛੋ ਕੁਝ ਨਾ, ਜਿਹੜੀ ਉਹਨਾਂ ਵਿਚਾਰੀਆਂ ਨਾਲ ਹੋਈ।

ਪੁੱਤਰੋ ਦੇਸ਼ ਨਹੀਂ ਸੀ ਵੰਡਿਆ ਗਿਆ। '47 ਵਿਚ ਪੰਜਾਬ ਵੰਡਿਆ ਗਿਆ ਸੀ ਅਤੇ ਬੰਗਾਲ। ਇਹਨਾਂ ਦੋਵਾਂ ਸੂਬਿਆਂ ਨੇ ਕਦੀ ਵੀ ਕਿਸੇ ਵੀ ਹਾਕਮ ਦੀ ਗੁਲਾਮੀ ਨਹੀਂ ਸੀ ਕਬੂਲੀ। ਨਾਬਰੀ ਸੁਭਾਅ ਦੇ ਪੰਜਾਬੀ ਗੋਰੇ ਦੀ ਅੱਖ 'ਚ ਰੜਕਦੇ ਸਨ। ਪੰਜਾਬ ਪੰਜਾਬੀਆਂ ਦਾ ਸੀ, ਪੰਜਾਬ ਪੰਜਾਬੀਆਂ ਦਾ ਹੈ, ਇਹ ਕਿਸੇ ਸਿੱਖ, ਹਿੰਦੂ ਜਾਂ ਮੁਸਲਮਾਨ ਦੀ ਜਗੀਰ ਨਹੀਂ । ਸਦੀਆਂ ਤੋਂ ਸੁੱਖੀ ਵਸ ਰਹੇ ਹਮਸਾਏ। ਗੋਰਾਸ਼ਾਹੀ ਦੀਆਂ ਚਾਲਾਂ ਨੇ ਦੁਸ਼ਮਣ ਬਣਾ ਧਰੇ। ਇਕੱਠੇ ਪੜ੍ਹਦੇ, ਕਬੱਡੀਆਂ ਖੇਡਦੇ, ਢੋਲੇ ਦੀਆਂ ਲਾਉਂਦੇ ਮੇਲੇ ਦੇਖਦੇ ਇਲਮਦੀਨ ਅਤੇ ਧਰਮ ਸਿਉਂ ਹੋਰੀਂ ਇੱਕ ਦੂਸਰੇ ਦੇ ਖੂਨ ਦੇ ਪਿਆਸੇ ਹੋ ਗਏ ਸਨ।

ਕਿੱਥੇ ਗਿਆ ਬਾਬੇ ਨਾਨਕ ਦਾ ਫਲਸਫਾ। ਉਹ ਫਲਸਫਾ ਜਿਸ ਦੇ ਅਧਾਰ 'ਤੇ ਪੀਰ ਬੁੱਧੂ ਸ਼ਾਹ ਹੋਰੀਂ ਗੁਰੂ ਦੀਆਂ ਫੌਜਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਭੰਗਾਣੀ ਦੇ ਯੁੱਧ ਚ ਹਾਕਮਾਂ ਨਾਲ ਭਿੜੇ ਸਨ । ਸਿੱਖ ਗੁਰੂਆਂ ਦੀ ਸਦੀਆਂ ਦੀ ਘਾਲ੍ਹੀ ਘਾਲਣਾ ਅਤੇ ਉਹਨਾਂ ਦੇ ਵਾਰਸਾਂ ਦੀਆਂ ਘਾਲੀਆਂ ਘਾਲਨਾਵਾਂ ਕੁੱਝ ਹੀ ਪਲਾਂ ਵਿੱਚ ਵਿਸਰ ਗਈਆਂ ਸਨ। ਸਿੱਖ ਕਿਸੇ ਅਬਲਾ, ਕਿਸੇ ਨਿਹੱਥੇ 'ਤੇ ਵਾਰ ਨਹੀਂ ਕਰਦਾ ।ਵੈਰੀ ਦੇ ਹੱਥੋਂ ਹਥਿਆਰ ਡਿੱਗ ਪੈਣ 'ਤੇ ਰੁਕ ਜਾਂਦਾ ਸੀ, ਉਸ ਦੇ ਮੁੜ ਹਥਿਆਰ ਚੁੱਕ ਲੈਣ ਤੱਕ, ਪਰ ਐਤਕੀਂ ਕੀ ਕੀਤਾ ਇਹਨਾਂ ।ਬਾਬਾ ਗਚ ਭਰ ਆਉਂਦਾ।

ਬਾਬਾ ਦੱਸਦਾ, ਸੰਤਾਲੀ ਤੋਂ ਬਾਅਦ ਵੀ ਪੰਜਾਬੀਆਂ ਹਥਿਆਰ ਭੁੰਜੇ ਨਹੀਂ ਸੀ ਡਿੱਗਣ ਦਿੱਤਾ।ਉਹ ਲਾਲ ਪਾਰਟੀ ਦੇ ਰੂਪ ਵਿੱਚ ਅਤੇ ਪੈਪਸੂ ਦੇ ਮੁਜ਼ਾਰਾ ਘੋਲ, ਬੋਲੀ ਦੇ ਅਧਾਰ 'ਤੇ ਦੇਸ਼ ਦੇ ਦੂਸਰੇ ਸੂਬਿਆਂ ਦੇ ਅਧਾਰ 'ਤੇ ਪੰਜਾਬ ਦਾ ਪੁਨਰਗਠਨ। ਪੰਜਾਬੀ ਬੋਲਦੇ ਇਲਾਕੇ, ਸਾਡੇ ਡੈਮ, ਸਾਡਾ ਪਾਣੀ, ਸਾਡੀ ਰਾਜਧਾਨੀ ਸਾਥੋਂ ਹਥਿਆ ਲਈ।ਨਕਸਲਬਾੜੀ ਤੱਕ ਆ ਜਾਵੋ, ਪੁੱਤਰੋ ਪੰਜਾਬੀ ਟਿਕ ਕੇ ਨਹੀਂ ਬੈਠੇ। ਬੀਬੀ ਨੇ ਐਮਰਜੈਂਸੀ ਲਾਤੀ। ਦੇਸ਼ ਦੇ ਲੋਕ ਸਹਿਮ ਗਏ ਸਨ। ਪੰਜਾਬ ਫਿਰ ਅੜ ਗਿਆ ਸੀ।ਇੰਦਰਾ ਨੇ ਨਵਾਂ ਪੱਤਾ ਖੇਡਿਆ। ਪੰਜਾਬੀਆਂ ਨੂੰ ਕੁੱਟਣ-ਲੁੱਟਣ ਲਈ ਨਵੀਆਂ ਘੁਣਤਰ ਬਾਜ਼ੀਆਂ ਖੇਡੀਆਂ। ਪੰਜਾਬ ਦੀਆਂ ਉਪਰੋਕਤ ਜਾਇਜ਼ ਮੰਗਾਂ ਮੰਨਣ ਦੀ ਥਾਂ ਹਾਲਾਤ ਨੂੰ ਵਿਗਾੜਨ ਲਈ ਹਰ ਹਥਿਆਰ ਵਰਤਿਆ। ਪੰਜਾਬ ਦੇ ਪਾਣੀਆਂ ਦੀ ਲੁੱਟ ਲਈ ਕੱਢੀ ਜਾਣ ਲੱਗਾ ਸਤਲੁਜ ਬਿਆਸ ਲਿੰਕ ਨਹਿਰ ਦੀ ਖੁਦਾਈ ਰੋਕਣ ਲਈ ਪੰਜਾਬੀਆਂ ਕਪੂਰੀ ਝੰਡੇ ਗੱਡ ਤੇ ਸਨ। ਸਰਦਾਰੀ ਅਕਾਲੀ ਦਲ ਅਤੇ ਸਾਡੀ ਪਾਰਟੀ ਦੇ ਹੱਥ ਸੀ।ਇੰਦਰਾ ਡਰੀ ਹੋਈ ਸੀ।ਉਸ ਪੱਤਾ ਖੇਡਿਆ। ਪੰਜਾਬ ਦੇ ਲੋਕਾਂ ਵੱਲੋਂ ਲਾਇਆ ਗਿਆ ਲੋਕ ਮੋਰਚਾ ਧਰਮ ਯੁੱਧ ਮੋਰਚਾ ਬਣਾ ਦਿੱਤਾ ਗਿਆ। ਪੰਜਾਬ ਪੱਬਾਂ ਭਾਰ ਹੋਇਆ ਪਿਆ ਸੀ। ਰਵਾਇਤੀ ਅਕਾਲੀਆਂ ਹੱਥੋਂ ਡੋਰ ਖਿਸਕਦੀ-ਖਿਸਕਦੀ ਗਰਮ ਦਲੀਆਂ ਦੇ ਹੱਥ ਚਲੀ ਗਈ ਸੀ।ਉਸ ਤੂਫ਼ਾਨ ਵਿਚ ਹੀ ਸਾਡਾ ਗੁਰਦੇਵ ਸਿੰਹੁ (ਬਾਬਾ ਫਕੀਰੀਆ ਦੇ ਬਚਿਆਂ ਦਾ ਛੋਟਾ ਮਾਮਾ ਅਧਿਆਪਕ ਲਹਿਰ ਦਾ ਸਿਰਕੱਢ ਆਗੂ) ਵੀ ਮਜਾਰੀ ਬੱਸ ਅੱਡੇ 'ਤੇ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਮਾਸਟਰ ਪਰਮਜੀਤ ਦੇਹਲ ਦਾ ਕੁਦਰਤੀ ਬਚਾਅ ਹੋ ਗਿਆ ਸੀ।ਗੋਲੀ ਕੰਨ ਲਾਗਿਓਂ ਲੰਘ ਗਈ ਸੀ। ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਪਾਸ਼, ਜੈਮਲ ਪੱਡਾ ਅਤੇ ਆਪਣੇ ਸਹਾਪੁਰੀਏ ਮਾਹਟਰ ਗਿਆਨ ਸਿੰਹੁ ਵਰਗੇ ਸੈਂਕੜੇ ਹੀਰੇ ਨਿਗਲ ਲਏ ਸਨ ਏਕੇ ਸੰਤਾਲੀ ਨੇ।ਪੰਜਾਬ ਦੇ ਸਰਬਸਾਂਝੇ ਅਸਥਾਨ ਸ੍ਰੀ ਦਰਬਾਰ ਸਾਹਿਬ 'ਤੇ ਇਕ ਵਿਸ਼ੇਸ਼ ਦਿਨ 'ਤੇ ਜਿਸ ਦਿਨ ਦੁਨੀਆ ਭਰ ਦੀ ਸਿੱਖ ਸੰਗਤਾਂ ਨਤਮਸਤਕ ਹੋਣ ਆਈ ਹੋਈ ਸੀ, ਪੰਜਾਬ ਭਰ ਵਿੱਚ ਕਰਫਿਊ ਲਾ ਕੇ ਫ਼ੌਜ ਚਾੜ੍ਹਤੀ। ਸ੍ਰੀ ਅਕਾਲ ਤਖਤ ਸਾਹਿਬ ਢਹਿ-ਢੇਰੀ ਕਰਤਾ। ਸਿੱਖ ਹਿਰਦੇ ਵਲੂੰਧਰੇ ਗਏ। ਮੱਸੇ ਦਾ ਸਿਰ ਲਾਹੁਣ ਵਾਲੇ ਸਿੰਘਾਂ ਅਤੇ ਊਧਮ ਸਿੰਘ ਸੁਨਾਮ ਦੇ ਵਾਰਸਾਂ ਉਲਾਂਭਾ ਲਾਹ ਦਿੱਤਾ। ਦਿੱਲੀ ਕਤਲੇਆਮ ਨੇ ਪੁੱਤਰੋ ਹੋਰ ਹਜ਼ਾਰਾਂ ਪੰਜਾਬੀਆਂ ਦੇ ਘਾਣ ਕਰਨ ਸਮੇਂ ਸਾਡੇ ਲੰਬੜਾਂ ਦੇ ਮਹਿੰਦਰ ਨੂੰ ਵੀ ਗਲ 'ਚ ਟਾਇਰ ਪਾ ਕੇ ਕਾਇਰਾਂ ਸਾੜ ਦਿੱਤਾ ਸੀ। ਪੁੱਤਰੋ ਸੱਚ ਪੁੱਛੋ, ਅਸੀਂ ਕਾਮਰੇਡ ਵੀ ਕਿਧਰੇ ਟਪਲਾ ਖਾ ਗਏ ਲਗਦੇ ਸੀ। ਹਸ਼ਰ ਤੁਹਾਡੇ ਸਾਹਮਣੇ ਹੈ।

## ਸਫ਼ਾ 1 ਦੀ ਬਾਕੀ

## ਲੋਲਿਤਾ ਐਕਸਪ੍ਰੈਸ 'ਤੇ ਸਵਾਰ ਐਪਸਟੀਨ...

(ਨਾਇਕ ਨਹੀਂ, ਖਲਨਾਇਕ) ਹੰਬਰਟ, ਜੋ 12 ਸਾਲ ਦੀ ਕੁੜੀ ਹੇਜ਼ ((ਲੋਲਿਤਾ) ਨਾਲ ਰੇਪ ਕਰਦਾ ਹੈ ਅਤੇ ਇਸ ਨਾਵਲ ਵਿਚ ਆਪਣੀ ਕਹਾਣੀ ਸੁਣਾਉਂਦਾ ਹੈ। ਹੁਣ ਜੇ ਅਪਰਾਧੀ ਆਪਣੀ ਕਹਾਣੀ ਸੁਣਾਏਗਾ ਤਾਂ ਆਪਣੇ ਗੁਨਾਹਾਂ ਨੂੰ ਸ਼ਬਦਾਂ ਦੇ ਲਿਬਾਸ ਹੇਠਾਂ ਲੁਕਾਏਗਾ। ਇਸ ਲਈ ਹੰਬਰਟ ਆਪਣੀ ਹਿੰਸਾ ਨੂੰ 'ਪਿਆਰ', 'ਕਿਸਮਤ', 'ਸੌਂਦਰਯ' ਕਹਿ ਕੇ ਪੇਸ਼ ਕਰਦਾ ਹੈ। ਕਹਾਣੀ ਹੰਬਰਟ ਦੁਆਰਾ ਵਰਤੀ ਭਾਸ਼ਾ ਦੇ ਜਾਦੂ ਨਾਲ ਭਰੀ ਹੋਈ ਹੈ ਪਰ ਇਸ ਨਾਵਲ ਵਿਚ ਲੋਲਿਟਾ ਦੀ ਆਪਣੀ ਆਵਾਜ਼ ਲੱਗਭੱਗ ਗਾਇਬ ਹੈ।

ਲੇਖਕ ਕਹਿਣਾ ਕੀ ਚਾਹੁੰਦਾ ਹੈ ?

ਉਹ ਨਾਵਲ ਰਾਹੀਂ ਕਹਿਣਾ ਚਾਹੁੰਦਾ ਹੈ ਕਿ ਜੇਕਰ ਦੋਸ਼ੀ ਆਪਣੀ ਕਹਾਣੀ ਖ਼ੁਦ ਸੁਣਾਏਗਾ ਤਾਂ ਉਸ ਦੱਸਣ ਤੋਂ ਵੱਧ ਛੁਪਾਏਗਾ। ਜਿਵੇਂ ਇਸ ਨਾਵਲ ਵਿਚ ਹੰਬਰਟ ਲੋਲਿਤਾ ਦੀ ਪੀੜ ਨੂੰ ਖਾਰਜ ਕਰ ਦਿੰਦਾ ਹੈ। ਇਸੇ ਤਰ੍ਹਾਂ ਇਸ ਕਾਂਡ ਨਾਲ ਵੀ ਵਾਪਰਿਆ। ਵੱਡੇ ਦਿਓ ਦੀ ਪਿੱਠ ਪਿੱਛੇ ਲੁਕੇ ਨਿੱਕੇ ਦਿਓ ਜਿਨ੍ਹਾਂ ਦਾ ਨਾਂਅ ਇਹਨਾਂ ਫਾਈਲਾਂ ਰਾਹੀਂ ਸਾਹਮਣੇ ਆਏ ਕੁਕਰਮ ਵਿਚ ਬੋਲਦਾ ਹੈ, ਉਹਨਾਂ ਨੇ ਇਸ ਕਾਂਡ ਨੂੰ ਰੋਕਣ ਅਤੇ ਇਸ ਦੀ ਦਿਸ਼ਾ ਬਦਲਣ ਲਈ ਜਾਂ ਇਸ ਵਿੱਚੋਂ ਆਪਣੇ ਆਪ ਨੂੰ 'ਦੁੱਧ ਧੋਤਾ' ਸਾਬਤ ਕਰਨ ਲਈ ਇਸ ਨੂੰ ਦਬਾਉਣ, ਦਫ਼ਨਾਉਣ ਅਤੇ ਇਸ ਨੂੰ ਸ਼ਬਦਾਂ ਦੇ ਮੱਕੜਜਾਲ ਰਾਹੀਂ ਜਸਟੀਫਾਈ ਕਰਨ ਦੀਆਂ ਅਥਾਹ ਕੋਸ਼ਿਸ਼ਾਂ ਕੀਤੀਆਂ।

**ਕੋਈ ਹਰਿਆ ਬੂਟ ਰਹੀਓ ਰੀ...**

ਇਸ ਸਮੁੱਚੇ ਘਿਣਾਉਣੇ ਕਾਂਡ ਦੇ ਸਮਿਆਂ ਵਿਚ ਇਕ ਚਿਹਰਾ ਨਾਇਕ ਬਣ ਕੇ ਉੱਭਰਿਆ ਹੈ। ਉਹ ਹੈ-ਜੂਲੀ ਕੇ ਬਰਾਉਨ (Julie K. Brown)। ਸਦਕੇ ਜਾਈਏ ਇਸ 'ਸਿੰਗਲ ਮਦਰ' ਜੂਲੀ ਕੇ ਬਰਾਉਨ ਦੇ, ਜਿਸ ਨੇ ਐਪਸਟੀਨ ਕਾਂਡ ਨੂੰ ਸਾਜ਼ਿਸ਼ਾਂ ਦੀ ਕਬਰ 'ਚੋਂ ਬਾਹਰ ਕੱਢ ਕੇ ਦੁਨੀਆ ਦੇ ਸਾਹਮਣੇ ਲਿਆਂਦਾ। ਇਹ ਔਰਤ 'ਮਿਆਮੀ ਹੈਰਾਲਡ' (Miami Herald) ਨਾਂਅ ਦੇ ਇਕ ਸਥਾਨਕ ਅਖ਼ਬਾਰ ਦੀ ਰਿਪੋਰਟਰ ਸੀ ਅਤੇ ਇਸ ਦਾ ਕਰਾਈਮ ਕਹਾਣੀਆਂ ਦੀ ਰਿਪੋਰਟਰ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਪਰ ਇਸ ਪੇਸ਼ੇ ਨਾਲ ਜੁੜੇ ਬਹੁਤ ਸਾਰੇ ਲੋਕ ਉਸ ਨੂੰ ਕਹਿੰਦੇ ਸਨ ਪੱਤਰਕਾਰੀ ਵਿਚ ਹੁਣ ਇਹ 'ਆਉਟਡੇਟਿਡ ਵਰਕ' ਹੈ, ਇਸ ਲਈ ਉਸ ਨੂੰ 'ਮਰੀਆਂ ਹੋਈਆਂ ਕਹਾਣੀਆਂ ਦਾ ਪਿੱਛਾ ਕਰਨ ਵਾਲੀ ਰਿਪੋਰਟਰ' ਕਹਿ ਕੇ ਨਕਾਰਿਆ ਜਾਂਦਾ ਸੀ, ਪਰ ਆਖਰ ਮਰੀਆਂ ਹੋਈਆਂ ਕਹਾਣੀਆਂ ਦੀ ਇਸੇ ਰਿਪੋਰਟਰ ਨੇ ਹੀ ਦੁਨੀਆ ਦਾ ਇਸ ਹਾਈ-ਪਰੋਫਾਈਲ ਮਾਫੀਆ ਸਾਮਰਾਜ ਨੂੰ ਕਬਰ ਵਿੱਚੋਂ ਕੱਢ ਲਿਆਂਦਾ। 2018 ਵਿੱਚ ਉਸ ਦੀ Perversion of Justice" ਲੜੀ ਨੇ ਜੈਫ਼ਰੀ ਐਪਸਟੀਨ ਨੂੰ ਮਿਲੀ ਪੁਰਾਣੀ 'ਰਹਿਮਦਿਲ' ਸੌਦੇਬਾਜ਼ੀ ਨੂੰ ਬੇਨਕਾਬ ਕੀਤਾ। ਇਸ ਲੜੀ ਨੇ ਹੀ ਦਰਜਨਾਂ ਪੀੜਤਾਂ ਦੀਆਂ ਦਰਦਨਾਕ ਕਹਾਣੀਆਂ ਦੇ ਪੰਨੇ ਇਕ-ਇਕ ਕਰਕੇ ਵਿਸ਼ਵ ਦੇ ਸਾਮ੍ਹਣੇ ਖੋਲ੍ਹੇ ਤੇ ਅਨੇਕ ਚਿਟਕਪੜੀਆਂ ਦੇ ਚਿਹਰਿਆਂ ਤੋਂ ਨਕਾਬ ਉਤਾਰ ਦਿੱਤੇ। ਇਸ ਰਿਪੋਰਟਿੰਗ ਕਰਕੇ ਹੀ ਐਪਸਟੀਨ ਕਾਂਡ ਨੇ ਫਿਰ ਤੋਂ ਕੌਮੀ ਤੇ ਅੰਤਰਰਾਸ਼ਟਰੀ ਧਿਆਨ ਖਿੱਚਿਆ ਅਤੇ ਏਨਾ ਦਬਾਅ ਬਣ ਗਿਆ ਕਿ ਐਪਸਟੀਨ ਨਿਊਯਾਰਕ ਵਿੱਚ ਗ੍ਰਿਫ਼ਤਾਰ ਹੋਇਆ ਅਤੇ ਬਾਅਦ ਵਿਚ ਜੇਲ੍ਹ ਵਿੱਚ ਉਸ ਦੀ ਮੌਤ ਦਾ ਸਮਾਚਾਰ ਮਿਲਿਆ। ਇਹ ਮੌਤ ਹੈ ਜਾਂ ਖ਼ੁਦਕੁਸ਼ੀ ਹੈ ਜਾਂ ਕਤਲ ਹੈ ਜਾਂ ਕੀ ਹੈ? ਇਹ ਅਨੇਕ ਸਵਾਲ ਅਜੇ ਜੁਆਬ ਦੀ ਉਡੀਕ ਵਿਚ ਹਨ।

13 ਫਰਵਰੀ 2026 ਦੀ 'ਨਿਊਯਾਰਕ ਪੋਸਟ' ਦੀ ਇਕ ਰਿਪੋਰਟ ਮੁਤਾਬਕ ਪ੍ਰਸਿੱਧ ਫੋਰੈਂਸਿਕ ਪੈਥੋਲੋਜਿਸਟ Dr. Michael Baden ਜੋ ਜੈਫ਼ਰੀ ਐਪਸਟੀਨ ਦੀ ਪੋਸਟਮਾਰਟਮ ਜਾਂਚ ਵੇਲੇ ਮੌਜੂਦ ਸੀ, ਨੇ ਮੁੜ ਜਾਂਚ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਹਾਲ ਹੀ ਵਿੱਚ ਜਾਰੀ ਹੋਈ ਨਵੀਂ ਜਾਣਕਾਰੀ ਉਸ ਦੇ ਇਸ ਯਕੀਨ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਇਹ ਕੇਸ ਆਤਮਹੱਤਿਆ ਦਾ ਨਹੀਂ, ਸਗੋਂ ਕਤਲ ਦਾ ਹੈ।

Dr. Michael Baden, ਜੋ 1970 ਦੇ ਦਹਾਕੇ ਵਿੱਚ ਨਿਊਯਾਰਕ ਸਿਟੀ ਦਾ ਮੁੱਖ ਮੈਡੀਕਲ ਏਗਜ਼ਾਮੀਨਰ ਰਹਿ ਚੁੱਕਾ ਹੈ, ਅਗਸਤ 2019 ਵਿੱਚ ਕੀਤੀ ਗਈ ਪੋਸਟਮਾਰਟਮ ਜਾਂਚ ਦੌਰਾਨ ਦੇਖੀਆਂ ਗਈਆਂ ਗੱਲਾਂ ਤੋਂ ਇੰਨਾ ਚਿੰਤਿਤ ਹੋ ਗਿਆ ਸੀ ਕਿ ਉਸ ਨੇ ਜਨਤਕ ਤੌਰ 'ਤੇ ਕਿਹਾ ਸੀ, ਸਬੂਤ ਆਤਮਹੱਤਿਆ ਨਾਲੋਂ ਕਤਲ ਵੱਲ ਵਧੇਰੇ ਇਸ਼ਾਰਾ ਕਰਦੇ ਹਨ। ਉਸ ਨੇ ਟੈਲੀਗ੍ਰਾਫ਼ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, ਉਸ ਸਮੇਂ ਵੀ ਮੇਰੀ ਇਹੀ ਰਾਏ ਸੀ ਅਤੇ ਅੱਜ ਵੀ ਮੈਂ ਉਸ 'ਤੇ ਕਾਇਮ ਹਾਂ। ਡਾ. ਬੇਡਨ ਮੁਤਾਬਕ, ਪੋਸਟਮਾਰਟਮ ਦੇ ਨਤੀਜੇ ਫਾਂਸੀ ਲਗਾ ਕੇ ਕੀਤੀ ਖ਼ੁਦਕੁਸ਼ੀ ਨਾਲੋਂ ਵਧੇਰੇ ਉਸ ਕਿਸਮ ਦੀ ਚੋਟ ਨਾਲ ਮੇਲ ਖਾਂਦੇ ਹਨ, ਜੋ ਕਤਲ ਦੌਰਾਨ ਗਲਾ ਘੁੱਟਣ ਨਾਲ ਹੋ ਸਕਦੀ ਹੈ। ਇਹ ਬਿਆਨ ਇੱਕ ਵਾਰ ਫਿਰ ਐਪਸਟੀਨ ਦੀ ਮੌਤ ਨੂੰ ਲੈ ਕੇ ਚੱਲ ਰਹੇ ਸਵਾਲਾਂ ਅਤੇ ਸ਼ੱਕ ਨੂੰ ਹੋਰ ਗਹਿਰਾ ਕਰ ਦਿੰਦਾ ਹੈ।

ਅਜੇ 35 ਲੱਖ ਫਾਈਲਾਂ ਦੇ ਰਾਜ ਖੁੱਲ੍ਹਣੇ ਹਨ। ਫੇਰ ਪਤਾ ਲੱਗੇਗਾ ਕਿ ਪਾਪ ਦੀ ਇਸ ਨਦੀ ਵਿਚ ਕਿਸ-ਕਿਸ ਨੇ ਹੱਥ ਧੋਤੇ ਹਨ? ਸੱਤਾ, ਦੌਲਤ ਤੇ ਹਵਸ ਦੇ ਇਸ ਦਰਿੰਦਗੀ ਭਰਪੂਰ ਹਮਾਮ ਵਿਚ ਕੌਣ-ਕੌਣ ਨੰਗੇ ਹਨ? ਹੋ ਸਕਦਾ ਹੈ ਕਿ ਸਾਰੇ ਨੰਗੇ ਕਿਸੇ ਮਹਾਂ ਨੰਗੇ ਦੀ ਅਗਵਾਈ ਵਿਚ ਇਕੱਠੇ ਹੋ ਜਾਣ ਤੇ ਹਮਾਮ ਦਾ ਨਾਮੋਨਿਸ਼ਾਨ ਮਿਟਾ ਦੇਣ। ਹੋ ਸਕਦਾ ਹੈ ਇਹ ਵੀ ਤੇ ਹੋਰ ਵੀ ਕਈ ਕੁਝ ਸਾਡੇ ਸੋਚਣ ਤੋਂ ਵੀ ਬਾਹਰ ਹੋ ਸਕਦਾ ਹੈ। ਕਿਹਾ ਜਾਂਦਾ ਹੈ ਕਿ ਐਪਸਟੀਨ ਨੇ ਜੇਲ੍ਹ ਵਿਚ ਜਾਣ ਤੋਂ ਬਾਅਦ ਆਪਣੀ ਡਾਇਰੀ ਵਿਚ ਲਿਖਿਆ ਸੀ ਕਿ ਮੁਜਰਮ ਤਾਂ ਉਹ ਵੀ ਨੇ, ਜਿਹੜੇ ਮੁਲਕ 'ਤੇ ਰਾਜ ਕਰ ਰਹੇ ਨੇ, ਪਰ ਮੈਂ ਸਲਾਖਾਂ ਦੇ ਪਿੱਛੇ ਹਾਂ।

ਇਹ ਮਸਲਾ ਸਿਰਫ਼ ਵਿਅਕਤੀਗਤ ਨਾਵਾਂ ਤੱਕ ਸੀਮਿਤ ਨਹੀਂ ਹੈ। ਇਹ ਕਾਨੂੰਨੀ ਪ੍ਰਣਾਲੀਆਂ ਵਿੱਚ ਪਾਰਦਰਸ਼ਤਾ, ਸੰਵਿਧਾਨਕ ਸੰਸਥਾਵਾਂ ਦੀ ਜ਼ਿੰਮੇਵਾਰੀ ਅਤੇ ਇਸ ਧਾਰਨਾ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ ਕਿ ਕੀ ਦੌਲਤ ਅਤੇ ਰੁਤਬਾ ਲੋਕਾਂ ਨੂੰ ਜਾਂਚ ਤੋਂ ਬਚਾ ਸਕਦੇ ਹਨ?

ਇਸ ਲਈ ਉਪਰੋਕਤ ਸਮੁੱਚੇ ਸੰਦਰਭ ਵਿਚ ਇਹ ਸਮਝਣਾ ਜ਼ਰੂਰੀ ਹੈ ਕਿ ਐਪਸਟੀਨ ਸਕੈਂਡਲ ਕਿਸੇ ਇਕ ਵਿਅਕਤੀ ਦਾ ਕਾਰਨਾਮਾ ਨਹੀਂ ਹੈ, ਨਾ ਕਿਸੇ ਧਰਮ ਦਾ ਹੈ ਤੇ ਨਾ ਪੂਰਬ ਜਾਂ ਪੱਛਮ ਦੇ ਰੂਪ ਵਿਚ ਕਿਸੇ ਇਕ ਖਿੱਤੇ ਦਾ...ਬਲਕਿ ਇਹ ਤਾਕਤ, ਹਵਸ ਅਤੇ ਦੌਲਤ ਵਿਚ ਲਿਪਤ ਦਰਿੰਦਿਆਂ ਦਾ ਸਕੈਂਡਲ ਹੈ। ਸਮੇਂ ਅਤੇ ਸਥਾਨ ਤੋਂ ਪਾਰ ਜਿੱਥੇ ਕਿਤੇ ਵੀ ਦੌਲਤ, ਹਵਸ ਅਤੇ ਸਿਆਸੀ-ਸਮਾਜਿਕ ਤਾਕਤ ਇਕ ਜਾਂ ਕੁਝ ਹੱਥਾਂ ਵਿਚ ਇਕੱਠੀ ਹੁੰਦੀ, ਉੱਥੇ ਕਾਨੂੰਨ, ਇਖ਼ਲਾਕ ਅਤੇ ਇਨਸਾਨੀਅਤ ਨੂੰ ਕੂੜੇਦਾਨ ਵਿੱਚ ਸੁੱਟ ਦਿੱਤਾ ਜਾਂਦਾ ਹੈ। ਦੇਵਦਾਸੀਆਂ ਤੋਂ ਲੈ ਕੇ ਐਪਸਟੀਨ ਕਾਂਡ ਤੱਕ ਦਾ ਇਹੋ ਸੱਚ ਹੈ।

ਸੰਪਰਕ : 98768-20600

## ਸਫ਼ਾ 3 ਦੀ ਬਾਕੀ

## ਸੰਵੇਦਨਸ਼ੀਲ ਮਨ ਦੀਆਂ ਮਨੋਬਿਰਤੀਆਂ ...

ਖ਼ਤਮ ਕਰ ਦੇਣਾ ਹੁੰਦਾ
ਬੇਹੱਦ ਕਾਲ਼ੀਆਂ ਰਾਤਾਂ ਨੂੰ ।

ਪੰਜਾਬ ਅੰਦਰ ਚਲੰਤ ਮਸਲਿਆਂ ਵਿੱਚ ਪਾਣੀ ਦਾ ਮਸਲਾ ਬੜਾ ਗੰਭੀਰ ਹੈ, ਜੋ ਪੰਜਾਬ ਲਈ ਸੰਕਟ ਬਣਦਾ ਜਾ ਰਿਹਾ ਹੈ।ਇਹ ਸੰਕਟ ਉਪਲੱਬਧਤਾ ਦੇ ਸੰਕਟ ਨਾਲੋਂ ਪਾਣੀ ਦੀ ਸਾਂਭ-ਸੰਭਾਲ ਅਤੇ ਪ੍ਰਬੰਧਨ ਦਾ ਸੰਕਟ ਜ਼ਿਆਦਾ ਹੈ। ਇਹ ਸੰਕਟ ਦੀ ਮੁੱਖ ਵਜ੍ਹਾ ਮੌਜੂਦਾ ਸਮਾਜਿਕ, ਸਿਆਸੀ ਪ੍ਰਬੰਧ, ਸਰਮਾਏਦਾਰੀ ਦਿਸ਼ਾ ਨਿਰਦੇਸ਼ਤ ਨੀਅਤ ਅਤੇ ਨੀਤੀਆਂ ਹਨ, ਜਿਸ ਤਹਿਤ ਮੁਨਾਫ਼ੇ ਦੀ ਅੰਨ੍ਹੀ ਹਵਸ ਅਤੇ ਖੋਟੀਆਂ ਨੀਯਤਾਂ ਅਤੇ ਨੀਤੀਆਂ ਨੇ ਜੀਵਨ ਦੇ ਇਸ ਅਨਮੋਲ ਕੁਦਰਤੀ ਸੋਮੇ ਦੀ ਬੇਲੋੜੀ ਵਰਤੋਂ ਅਤੇ ਬੇ-ਲਿਹਾਜ਼ਾ ਲੁੱਟ ਕਰ ਇਸ ਨੂੰ ਸੰਕਟਮਈ ਅਵਸਥਾ ਤੱਕ ਲਿਆਂਦਾ ਹੈ ।ਕਵੀ ਦੀ ਚੇਤਨਾ ਉਸ ਨੂੰ ਹਲੂਣਦੀ ਹੈ ਤੇ ਉਹ ਲਿਖਦਾ ਹੈ :

ਜੇ ਜ਼ਹਿਰਾਂ ਵਿੱਚ ਤਬਦੀਲ ਹੋ ਗਿਆ ਸਾਡਾ ਪਾਣੀ
ਫਿਰ ਪੰਜਾਬ ਦੀ ਖ਼ਤਮ ਕਹਾਣੀ
ਕਿੱਥੋਂ ਬੀਜ ਲਵਾਂਗੇ ਫਸਲਾਂ
ਕਿੱਥੋਂ ਸਾਂਭ ਲਵਾਂਗੇ ਨਸਲਾਂ
ਪਿਆਸੇ ਹੀ ਅਸੀਂ ਮਰ ਜਾਣਾ
ਮਾਰੂਥਲ ਵਿੱਚ ਸੜ ਜਾਣਾ
ਅਤੀਤ ਦੀਆਂ ਗੱਲਾਂ ਹੋ ਜਾਣੀਆਂ
ਸਤਲੁਜ, ਬਿਆਸ ਦੀਆਂ ਛੱਲਾਂ ਕਿਧਰੇ ਖੋ ਜਾਣੀਆਂ।

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਅੱਜ ਦਾ ਮਨੁੱਖ ਭਟਕਣ ਵਿੱਚ ਹੈ। ਉਸ ਦੇ ਅੰਦਰਲੇ ਵਲਵਲੇ, ਭਾਵਨਾਵਾਂ, ਜਜ਼ਬਾਤ, ਪਿਆਰ ਆਪਸੀ ਨਿੱਘ ਕਿਧਰੇ ਦੂਰ ਵਿਸਰ ਗਏ ਹਨ। ਮਸ਼ੀਨੀਕਰਨ ਨੇ ਮਨੁੱਖੀ ਸੰਵੇਦਨਾ ਨੂੰ ਤਾਰੋ-ਪੀੜ ਕਰ ਦਿੱਤਾ ਹੈ। ਇਸੇ ਕਾਰਨ ਮਨੁੱਖੀ ਅਸਥਿਤ ਆਪਣੇ ਇਨਸਾਨੀ ਖ਼ਾਸੇ ਤੋਂ ਵਿੱਥ ਥਾਪਣ ਲੱਗੀ ਹੈ ।ਕਵੀ ਇਸ ਇਸ ਵਰਤਾਰੇ ਨੂੰ ਸ਼ਿੱਦਤ ਨਾਲ਼ ਮਹਿਸੂਸ ਕਰਦਾ ਹੈ ਅਤੇ ਮਨੁੱਖੀ ਮਨ ਦੀ ਸਾਤਵਿਕਤਾ 'ਤੇ ਪੈ ਚੁੱਕੇ ਕਾਲ਼ੇ ਧੱਬੇ ਨੂੰ ਸੱਪ ਦੇ ਮੈਟਾਫਰ ਰਾਹੀਂ ਪੇਸ਼ ਕਰਦਾ ਹੈ :

ਸੱਪ ਜਹੇ
ਹੋ ਗਏ ਲੋਕ
ਚਮਕੀਲੀ ਚਮੜੀ
ਪਰ ਅੰਦਰ ਜ਼ਹਿਰਾਂ
ਮੂੰਹ 'ਤੇ ਮਾਸੂਮੀਅਤ
ਅੰਦਰ ਨਫ਼ਰਤ ਦੀਆਂ ਲਹਿਰਾਂ

ਕਵੀ ਦੀ ਕਵਿਤਾ ਮਨੁੱਖ ਅਤੇ ਉਸ ਦੀ ਮੈਂ ਦੇ ਦਰਮਿਆਨ ਸੰਵਾਦ ਸਿਰਜਦੀ ਹੈ, ਜਿਸ ਵਿੱਚ 'ਮੈਂ' ਪਾਤਰ ਅੰਤਰ-ਦਵੰਦਾਂ ਵਿੱਚ ਘਿਰਿਆ ਹੋਇਆ ਹੈ ਅਤੇ ਆਪਣੇ-ਆਪ 'ਤੇ ਸਵੈ ਕਟਾਖਸ਼ ਕਰਦਾ ਹੈ। 'ਮੈਂ' ਪਾਤਰ ਸਮਾਜਿਕ, ਰਾਜਨੀਤਕ ਝਮੇਲਿਆਂ ਵਿੱਚ ਫਸਿਆ ਹੋਇਆ ਹੈ, ਜੋ ਇਨ੍ਹਾਂ ਤੋਂ ਪਾਰ ਹੋਣਾ ਲੋਚਦਾ ਹੈ।ਇਥੇ ਕਵੀ ਦਾ ਕਾਵਿ ਥੀਮ ਸਮਾਜ ਦੇ ਡੂੰਘੇ ਹਨੇਰਿਆਂ ਤੋਂ ਪਾਰ ਵਿਚਰਦਾ ਹੈ। 'ਮੈਂ' ਪਾਤਰ ਇਹਨਾਂ ਝਮੇਲਿਆਂ ਤੋਂ ਮੁਕਤੀ ਦਾ ਅਭਿਆਸੀ ਹੈ। ਉਹ ਇਸ ਮੁਕਤੀ ਮਾਰਗ ਦੀ ਤਲਾਸ਼ ਕਿਧਰੇ ਅਧਿਆਤਮਕ ਫ਼ਲਸਫ਼ੇ ਵਿੱਚੋਂ ਨਹੀਂ, ਸਗੋਂ ਆਪਣੇ ਮੂਲ ਦੇ ਸਮੁੱਚ ਆਪਣੀ ਮਾਂ ਦੀ ਮਮਤਾਮਈ ਛਾਂ 'ਚੋਂ ਤਲਾਸ਼ ਕਰਦਾ ਹੈ ।ਇਸੇ ਲਈ ਉਹ ਲਿਖਦਾ ਹੈ :

ਮੇਰੇ ਪਿੰਡ ਦੀ ਮਿੱਟੀ ਜਦੋਂ ਵੀ
ਮੇਰੇ ਪੈਰਾਂ ਦੀਆਂ ਤਲੀਆਂ ਨੂੰ ਛੂੰਹਦੀ ਹੈ ਤਾਂ
ਮੈਨੂੰ ਮੇਰੀ ਮਾਂ ਦੀ ਬੁੱਕਲ ਵਾਲ਼ੀ
ਮਮਤਾ ਦਾ ਅਹਿਸਾਸ ਹੁੰਦੈ
ਉਹ ਪਲ ਮੇਰੇ ਲਈ ਬੇਹੱਦ ਖ਼ਾਸ ਹੁੰਦੈ।

ਕਵੀ ਦਾ ਤਸੱਵਰ ਵੱਡਾ ਹੈ, ਉਹ ਸੰਘਰਸ਼ ਨੂੰ ਜੀਵਨ ਦਾ ਮੂਲ ਸੱਚ ਮੰਨਦਾ ਹੈ । ਉਹ ਜਾਣਦਾ ਹੈ ਕਿ ਸਦੀਆਂ ਤੋਂ ਸੰਘਰਸ਼ ਦੇ ਰਾਹ ਤੁਰਿਆ ਮਨੁੱਖ ਦੁਨਿਆਵੀ ਬ੍ਰਹਿਮੰਡ ਵਿੱਚ ਆਪਣੀ ਅੱਜ ਦੀ ਹੋਂਦ ਦਰਸਾ ਰਿਹਾ ਹੈ। ਸਦੀਆਂ ਦੇ ਸੰਘਰਸ਼ ਨੂੰ ਆਪਣਾ ਹਾਸਲ ਮੰਨੀ ਬੈਠਾ ਮਨੁੱਖ, ਅਨੇਕਾਂ ਕਠਿਨਾਈਆਂ, ਔਕੜਾਂ ਨੂੰ ਪਾਰ ਕਰਦਿਆਂ, ਦੁਸ਼ਵਾਰੀਆਂ ਝੱਲਦਿਆਂ ਇਹ ਨਹੀਂ ਭੁੱਲਿਆ ਕਿ ਇਨ੍ਹਾਂ ਤੋਂ ਪਾਰ ਨਿੱਕਲ ਜ਼ਿੰਦਗੀ ਦੇ ਕਸੀਦੇ ਕੁਝ ਅਜਿਹੇ ਪਲ ਵੀ ਹਨ, ਜੋ ਰੂਹ ਨੂੰ ਸਕੂਨ ਦੇਣਗੇ, ਉਹ ਆਪਣੀ ਕਵਿਤਾ ਵਿੱਚ ਲਿਖਦਾ ਹੈ :

ਔਖੇ ਸਮੇਂ ਨਾਲ਼ ਲੜਨਾ ਪੈਣਾ
ਮੁਸ਼ਕਲਾਂ ਅੱਗੇ ਖੜਨਾ ਪੈਣਾ
ਜੇ ਤੂੰ ਬਣਨਾ ਕੁੰਦਨ ਬੰਦਿਆ
ਭੱਠੀ ਦੇ ਵਿੱਚ ਸੜਨਾ ਪੈਣਾ

ਕਵੀ ਦੀ ਕਵਿਤਾ ਦਾ ਇਹ ਮਹੱਤਵਪੂਰਨ ਪੱਖ ਵੀ ਵਿਚਾਰਨ ਵਾਲ਼ਾ ਹੈ ਕਿ ਦਿਨ ਪ੍ਰਤੀ ਦਿਨ ਗ਼ਰੀਬ ਵਰਗ ਦੇ ਲੋਕਾਂ ਕੋਲੋਂ ਜ਼ਿੰਦਗੀ ਜਿਉਣ ਦੇ ਸੁਪਨੇ ਖੋਹੇ ਜਾ ਰਹੇ ਹਨ। ਸਾਡੇ ਸਮਾਜ ਵਿੱਚ ਜਾਤੀ ਆਧਾਰਤ ਵੰਡ ਨੇ ਇੱਕ ਅਜਿਹਾ ਵਰਤਾਰਾ ਸਿਰਜਿਆ ਹੈ, ਜਿਸ ਅਧੀਨ ਨਿਮਨ ਵਰਗ ਨਾਲ਼ ਸੰਬੰਧਤ ਲੋਕ ਅਮਾਨਵੀ ਜੀਵਨ ਜਿਉਣ ਲਈ ਮਜਬੂਰ ਹਨ। ਇਹ ਪੁਸਤਕ ਵਿੱਚ ਕਵੀ ਨੇ ਆਪਣੀ ਕਾਵਿ ਚੇਤਨਾ ਅਤੇ ਕਾਵਿ ਸੰਵੇਦਨਾ ਰਾਹੀਂ ਨਿਮਨ ਵਰਗ ਦੀ ਸਥਿਤੀ ਨੂੰ ਕਈ ਕਵਿਤਾਵਾਂ ਵਿੱਚ ਬੜੇ ਭਾਵਮਈ ਰੂਪ ਵਿੱਚ ਪੇਸ਼ ਕੀਤਾ ਹੈ :

ਕੱਚੇ ਸਾਡੇ ਚੁੱਲ੍ਹੇ
ਡਰਾਉਂਦੇ ਹਵਾ ਦੇ ਬੁੱਲੇ
ਕੱਚੇ ਸਾਡੇ ਰਾਹ
ਲੱਭਦੀ ਨਾ ਦੁੱਖਾਂ ਦੀ ਦਵਾ
ਕੱਚੇ ਸਾਡੇ ਘਰ
ਮੀਂਹ-ਕਣੀ ਦਾ ਡਰ
ਕੱਢੇ ਸਾਡੇ ਸਾਹ
ਰਹਿੰਦਾ ਗ਼ਰੀਬੀ ਨਾਲ਼ ਵਾਹ।

ਸੋ ਇਸ ਤਰ੍ਹਾਂ ਕਵੀ ਲਾਭ ਸਿੰਘ ਉਗੋਕੇ ਨੇ ਆਪਣੀ ਕਾਵਿ ਪੁਸਤਕ 'ਤੂੰ ਇੱਕ ਦੀਵਾ ਬਣ' ਵਿੱਚ ਜੀਵਨ ਨਾਲ਼ ਸੰਬੰਧਤ ਵਿਭਿੰਨ ਮਸਲਿਆਂ ਨੂੰ ਯਥਾਰਤਮਈ ਰੂਪ ਵਿੱਚ ਪਕੜਨ ਅਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਾਵਿਕ ਪ੍ਰਪੱਕਤਾ ਅਤੇ ਕਾਵਿਕ ਸਮਝ ਦੀ ਅਣਹੋਂਦ ਦੇ ਬਾਵਜੂਦ ਇਹ ਪੁਸਤਕ ਬਹੁਤ ਸਾਰੀਆਂ ਕਾਵਿਕ ਸੰਭਾਵਨਾਵਾਂ ਨੂੰ ਆਪਣੇ ਅੰਦਰ ਸਾਂਭੀ ਬੈਠੀ ਹੈ।

ਆਸ ਰੱਖਦੇ ਹਾਂ ਕਿ ਕਵੀ ਲਾਭ ਸਿੰਘ ਉਗੋਕੇ ਆਪਣੇ ਇਸ ਕਾਵਿ ਸਫ਼ਰ ਨੂੰ ਨਿਰੰਤਰ ਜਾਰੀ ਰੱਖੇਗਾ। ਕਾਵਿਕ ਬਰੀਕੀਆਂ ਪ੍ਰਤੀ ਆਪਣੀ ਸਮਝ ਨੂੰ ਹੋਰ ਪਰਪੱਕ ਕਰੇਗਾ। ਇਸ ਆਸ ਤੇ ਉਮੀਦ ਨਾਲ਼ ਉਗੋਕੇ ਦੀ ਪਲੇਠੀ ਪੁਸਤਕ ਨੂੰ ਜੀ ਆਇਆਂ।

ਸੰਪਰਕ 99148-86310

# 25ਵੀਂ ਸੂਬਾ ਕਾਨਫਰੰਸ ਦੀ ਗੱਲ ਕਰਦਿਆਂ

**ਸੂਬਾ ਕਾਨਫਰੰਸ 'ਚ ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਸਕੱਤਰੇਤ ਮੈਂਬਰ ਡਾ. ਗਰੀਸ਼ ਸ਼ਰਮਾ ਅਤੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਪੰਜਾਬ ਦੇ ਸਿਆਸੀ, ਸਮਾਜੀ ਅਤੇ ਆਰਥਿਕ ਹਾਲਤਾਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਇਨ੍ਹਾਂ ਆਗੂਆਂ ਨੇ ਸੀ ਪੀ ਆਈ ਦੀਆਂ ਬ੍ਰਾਂਚਾਂ ਤੱਕ ਮਜ਼ਬੂਤੀ ਤੋਂ ਇਲਾਵਾ ਖੱਬੀਆਂ ਧਿਰਾਂ ਦੀ ਏਕਤਾ ਨੂੰ ਅਣਸਰਦੀ ਲੋੜ ਦੱਸਿਆ**











8-9 ਸਤੰਬਰ 2022 ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕਾਨਫਰੰਸ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਈ ਸੀ। ਇਹ 24ਵੀਂ ਸੂਬਾ ਕਾਨਫਰੰਸ ਸੀ। 25ਵੀਂ ਸੂਬਾ ਕਾਨਫਰੰਸ ਵੀ ਇਸੇ ਹਾਲ ਵਿੱਚ 17 ਅਤੇ 18 ਫਰਵਰੀ 2026 ਨੂੰ ਹੋਈ।

ਇੱਕ ਤਰ੍ਹਾਂ ਇਹ ਕਾਨਫਰੰਸ 16 ਫਰਵਰੀ ਦੀ ਡੂੰਘੀ ਸ਼ਾਮ ਨੂੰ ਹੀ ਸ਼ੁਰੂ ਸਮਝ ਲੈਣੀ ਚਾਹੀਦੀ ਹੈ। ਉਸ ਸ਼ਾਮ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਦੀ ਅਗਵਾਈ ਵਿੱਚ ਇੱਕ ਛੋਟਾ ਕਾਫਲਾ ਰੇਲਵੇ ਸਟੇਸ਼ਨ ਜਲੰਧਰ ਕੈਂਟ ਪਹੁੰਚਿਆ, ਜਿੱਥੇ ਸੀ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਤੇ ਸਕੱਤਰੇਤ ਮੈਂਬਰ ਡਾ. ਗਰੀਸ਼ ਸ਼ਰਮਾ ਨੇ ਵੰਦੇ ਭਾਰਤ ਟ੍ਰੇਨ ਰਾਹੀਂ ਇੱਥੇ ਪਹੁੰਚਣਾ ਸੀ। ਦੋਵਾਂ ਸਿਖਰਲੇ ਆਗੂਆਂ ਨੂੰ ਰਸੀਵ ਕਰਨ ਗਏ ਕਾਫਲੇ ਵਿੱਚ ਪਾਰਟੀ ਦੇ ਕੌਮੀ ਕੌਂਸਲ ਦੇ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ, ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਸਵਾਗਤੀ ਕਮੇਟੀ ਦੇ ਚੇਅਰਮੈਨ ਕਾਮਰੇਡ ਸੱਤਪਾਲ ਭਗਤ, ਜ਼ਿਲ੍ਹਾ ਸਕੱਤਰ ਕਾਮਰੇਡ ਰਸ਼ਪਾਲ ਕੈਲੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ, ਜ਼ਿਲ੍ਹਾ ਕੌਂਸਲ ਮੈਂਬਰ ਕਾਮਰੇਡ ਪਰਮਜੀਤ ਸਰਾਵਾਂ ਆਦਿ ਸ਼ਾਮਲ ਸਨ। ਕਾਮਰੇਡ ਡੀ ਰਾਜਾ ਤੇ ਡਾ. ਗਰੀਸ਼ ਸ਼ਰਮਾ ਦੇ ਟਰੇਨ 'ਚੋਂ ਉੱਤਰਦਿਆਂ ਹੀ ਕਾਮਰੇਡ ਡੀ ਰਾਜਾ ਨੂੰ ਲਾਲ ਸਲਾਮ, ਕਾਮਰੇਡ ਗਰੀਸ਼ ਨੂੰ ਲਾਲ ਸਲਾਮ, ਸੀ ਪੀ ਆਈ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਛਾਉਣੀ ਦਾ ਰੇਲਵੇ ਸਟੇਸ਼ਨ ਗੂੰਜ ਉੱਠਿਆ।

17 ਫਰਵਰੀ ਨੂੰ ਲਾਲ ਫਰੇਰਾ ਚੜ੍ਹਾਉਣ ਦੀ ਰਸਮ ਤੋਂ ਲੈ ਕੇ 18 ਫਰਵਰੀ ਨੂੰ ਕੌਂਸਲ ਦੀ ਮੀਟਿੰਗ ਹੋਣ ਉਪਰੰਤ ਤਾਰਿਆਂ ਦੀ ਲੋਅ ਹੋਣ ਵੇਲੇ ਸੂਬਾ ਕਾਨਫਰੰਸ ਸਮਾਪਤੀ ਵੱਲ ਵਧ ਗਈ। ਇਹ ਕਾਨਫਰੰਸ ਕੌੜੇ-ਕੁਸੈਲੇ ਅਨੁਭਵਾਂ ਦੇ ਨਾਲ-ਨਾਲ ਮਿੱਠੀਆਂ ਯਾਦਾਂ ਵੀ ਜ਼ਿਹਨ ਦਾ ਹਿੱਸਾ ਬਣ ਗਈ।

ਸਾਥੀ ਮਹਿੰਦਰ ਪਾਲ ਮੋਹਾਲੀ ਵੱਲੋਂ ਸੀ ਪੀ ਆਈ ਦੇ ਹੈੱਡ ਕੁਆਰਟਰ ਚੰਡੀਗੜ੍ਹ ਤੋਂ ਭੇਜੀ ਗਈ ਕਰਡੈਂਸ਼ੀਅਲ ਰਿਪੋਰਟ ਅਨੁਸਾਰ ਸੂਬਾ ਕਾਨਫਰੰਸ ਵਿੱਚ 242 ਡੈਲੀਗੇਟਾਂ ਨੇ ਹਿੱਸਾ ਲਿਆ। ਇਹਨਾਂ ਵਿੱਚ 13 ਬਦਲਵੇਂ ਡੈਲੀਗੇਟ ਤੇ ਦੋ ਦਰਸ਼ਕ ਸ਼ਾਮਲ ਹਨ। ਲਿੰਗ ਅਨੁਪਾਤ ਅਨੁਸਾਰ ਸੂਬਾ ਕਾਨਫਰੰਸ ਵਿੱਚ 221 ਮਰਦ ਤੇ 21 ਔਰਤਾਂ ਸ਼ਾਮਲ ਹੋਈਆਂ। 24 ਸਾਲ ਤੋਂ ਘੱਟ ਉਮਰ ਦੇ ਤਿੰਨ ਡੈਲੀਗੇਟ, ਡੈਲੀਗੇਟ ਇਜਲਾਸ ਦਾ ਹਿੱਸਾ ਬਣੇ। 26 ਤੋਂ 40 ਸਾਲ ਦੇ ਡੈਲੀਗੇਟਾਂ ਵਿੱਚ ਵਿਦਿਆਰਥਣ ਰੇਸ਼ਮ ਕੌਰ ਵੀ ਸ਼ਾਮਲ ਹੈ, ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਲਿਟਰੇਚਰ ਦੀ ਪੀ ਐੱਚ ਡੀ ਕਰ ਰਹੀ ਹੈ। ਪੰਜਾਬੀ ਸਾਹਿਤ ਪੜ੍ਹਨ ਵਾਲਿਆਂ ਲਈ ਇਹ ਗੱਲ ਖੁਸ਼ੀ ਦਾ ਬਾਇਸ ਹੈ। ਰੇਸ਼ਮ ਦਾ ਪਿੰਡ ਲੰਬੀ ਮਲੋਟ ਦੇ ਨੇੜੇ ਚੰਨੂੰ ਹੈ। ਇਸੇ ਤਰ੍ਹਾਂ 41 ਤੋਂ 50 ਸਾਲ ਦੇ 23, 51 ਤੋਂ 60 ਸਾਲ ਦੇ 87, 61 ਤੋਂ 70 ਸਾਲ ਦੇ 63, 71 ਤੋਂ 80 ਸਾਲ ਦੇ 51 ਤੇ 80 ਤੋਂ ਵੱਧ ਉਮਰ ਵਾਲੇ ਤਿੰਨ ਡੈਲੀਗੇਟਾਂ ਨੇ ਸੂਬਾ ਕਾਨਫਰੰਸ ਵਿੱਚ ਭਾਗ ਲਿਆ। ਇਸ ਆਖਰੀ ਕੈਟਾਗਰੀ ਵਿੱਚ ਕਾਮਰੇਡ ਸੰਪੂਰਨ ਸਿੰਘ ਛਾਜਲੀ ਵੀ ਸ਼ਾਮਲ ਹਨ, ਜੋ ਕਿੱਤੇ ਵਜੋਂ ਵਕੀਲ ਹਨ। ਸੁਨਾਮ ਵਾਲੇ ਇਸ ਸਾਥੀ ਦੀ ਉਮਰ 85 ਸਾਲ ਹੈ। ਡੈਲੀਗੇਟ ਇਜਲਾਸ ਵਿੱਚ ਸ਼ਾਮਲ ਡੈਲੀਗੇਟਾਂ ਦੀ ਪੜ੍ਹਾਈ-ਲਿਖਾਈ ਦੇ ਮਾਮਲੇ ਵਿੱਚ ਗੱਲ ਕਰੀਏ ਤਾਂ ਉਹ ਉਤਸ਼ਾਹਜਨਕ ਹੈ। ਸੀ ਪੀ ਆਈ ਦੇ ਇਤਿਹਾਸ ਦਾ ਹਿੱਸਾ ਬਣਨ ਵਾਲੀ ਸੂਬਾ ਕਾਨਫਰੰਸ ਵਿੱਚ ਜਿੱਥੇ ਪੀ ਐੱਚ ਡੀ ਕਰ ਚੁੱਕੇ ਤੇ ਕਰ ਰਹੇ ਡੈਲੀਗੇਟ ਸ਼ਾਮਲ ਸਨ, ਉੱਥੇ ਸਕੂਲੀ ਪੜ੍ਹਾਈ ਤੋਂ ਸੱਖਣੇ ਸਿਰਫ 14 ਹੀ ਸਨ। ਹੋ ਸਕਦਾ ਹੈ ਸਮਾਜੀ ਤੇ ਸਿਆਸੀ ਪੜ੍ਹਾਈ ਵਿੱਚ ਇਹ 'ਪੀ ਐੱਚ ਡੀ' ਹੋਣ। ਕਾਨਫਰੰਸ ਦਾ ਹਿੱਸਾ ਬਣਨ ਵਾਲੇ ਵਕੀਲਾਂ ਵਿੱਚ ਹਰਚੰਦ ਸਿੰਘ ਬਾਠ ਤੇ ਰਜਿੰਦਰ ਸਿੰਘ ਰਾਣਾ ਸ਼ਾਮਲ ਹਨ। ਐਡਵੋਕੇਟ ਰਾਣਾ 1970 ਤੋਂ ਪਾਰਟੀ ਮੈਂਬਰ ਹਨ। ਉਹ ਸੀ ਪੀ ਆਈ ਦੇ ਸਫਰ ਵਿੱਚ ਚਾਰ ਵਾਰ ਜੇਲ੍ਹ ਯਾਤਰਾ ਕਰ ਚੁੱਕੇ ਹਨ। ਪੱਤਰਕਾਰਤਾ ਨਾਲ ਸੰਬੰਧਤ ਇਹਨਾਂ ਸਤਰਾਂ ਦੇ ਲੇਖਕ ਤੋਂ ਇਲਾਵਾ ਪਰਮਜੀਤ ਢਾਬਾਂ ਤੇ ਜਗਦੀਸ਼ ਰਾਏ ਮਾਛੀਵਾੜਾ ਸੂਬਾ ਕਾਨਫਰੰਸ ਵਿੱਚ ਸ਼ਾਮਲ ਸਨ। ਅਹਿਮ ਗੱਲ ਇਹ ਹੈ ਕਿ ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ ਇਸ ਇਜਲਾਸ ਦਾ ਹਿੱਸਾ

## ਗਿਆਨ ਸੈਦਪੁਰੀ

ਸਨ। ਅੱਧੀ ਸਦੀ ਤੋਂ ਦੋ ਸਾਲ ਉੱਪਰ ਦੋਸਤੀ ਦੀ ਅਸਲੀ ਪਰਿਭਾਸ਼ਾ ਨਾਲ ਪੂਰਾ ਇਨਸਾਫ ਕਰਦੇ ਆ ਰਹੇ ਸੀਨੀਅਰ ਪੱਤਰਕਾਰ ਬਲਬੀਰ ਜੰਡੂ ਤੇ ਨਰਿੰਦਰ ਸੋਨੀਆ ਇੱਕ-ਦੂਜੇ ਦਾ ਹੱਥ ਫੜ ਕੇ ਘੁੰਮਦੇ ਹੋਏ ਕਾਨਫਰੰਸ ਦੇ ਹਰੇਕ ਪਹਿਲੂ ਨੂੰ ਆਤਮਸਾਤ ਕਰਦੇ ਨਜ਼ਰ ਆਉਂਦੇ ਰਹੇ।

ਪੱਤਰਕਾਰਤਾ ਦੀ ਗੱਲ ਹੁੰਦਿਆਂ ਇਜਲਾਸ ਵਿੱਚ ਪੜ੍ਹਾਈ ਦੀ ਗੱਲ ਅੱਧ ਵਿੱਚ ਰਹਿ ਗਈ। ਹਾਂ, ਅਜਲਾਸ ਵਿੱਚ 29 ਮਿਡਲ, 111 ਮੈਟਰਿਕ, 62 ਗ੍ਰੈਜੂਏਟ, 20 ਪੋਸਟ ਗ੍ਰੈਜੂਏਟ ਡੈਲੀਗੇਟ ਸ਼ਾਮਲ ਸਨ।

ਪਾਰਟੀ ਦੇ ਪਰਚੇ ਪੜ੍ਹਨ ਵਾਲਿਆਂ ਵਿੱਚ 144 ਨਵਾਂ ਜ਼ਮਾਨਾ ਪੜ੍ਹਨ ਵਾਲੇ, 99 ਸਾਡਾ ਯੁੱਗ, 52 ਮੁਕਤੀ ਸੰਘਰਸ਼ ਅਤੇ 6 ਟੀਊ ਰਿਕਾਰਡ ਦੇਖਣ ਵਾਲੇ ਡੈਲੀਗੇਟ ਸ਼ਾਮਲ ਸਨ।

ਇੱਕ ਗੱਲ ਹੋਰ। ਡੈਲੀਗੇਟ ਇਜਲਾਸ ਤੋਂ ਬਾਹਰ ਛੋਟੀਆਂ-ਛੋਟੀਆਂ ਮੁਹੱਬਤੀ ਮਿਲਣੀਆਂ ਵਿੱਚ ਬੜਾ ਕੁਝ ਸਾਂਝਾ ਹੁੰਦਾ ਰਿਹਾ। ਦੇਸ਼ ਭਗਤ ਯਾਦਗਾਰ ਦੇ ਦਫਤਰ ਵਿੱਚ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਹੁਰਾਂ ਨੇ ਦੋਸਤਾਂ ਨਾਲ ਜੁੜੀਆਂ ਕਈ ਛੋਟੀਆਂ-ਛੋਟੀਆਂ ਕਹਾਣੀਆਂ ਸੁਣਾਈਆਂ। ਇਹਨਾਂ ਵਿੱਚ ਯਾਦਗਾਰ ਹਾਲ ਦੇ ਉਸਾਰਨ ਦੀ ਕਹਾਣੀ ਵੀ ਸ਼ਾਮਲ ਹੈ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਲਾਲ ਝੰਡੇ ਵਾਲਿਆਂ ਦੀਆਂ ਕਰੰਗੜੀਆਂ ਪਾਉਣ ਦੀ ਜ਼ਰੂਰਤ ਦੀਆਂ ਗੱਲਾਂ ਕੀਤੀਆਂ। ਇਸ ਮੁਹੱਬਤੀ ਮਿਲਣੀ ਸਮੇਂ ਭੈਣ ਸੁਰਿੰਦਰ ਕੁਮਾਰੀ ਕੋਛੜ, ਡਾ. ਅਰੁਣ ਮਿੱਤਰਾ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਜਗਦੀਸ਼ ਰਾਏ ਮਾਛੀਵਾੜਾ, ਦੀਪਕ ਆਦਿ ਸ਼ਾਮਲ ਸਨ।

ਇੱਕ ਗੱਲ ਇਹ ਵੀ ਖੱਬੀਆਂ ਧਿਰਾਂ ਵਾਲੇ ਸਾਹਿਤ ਪ੍ਰੇਮੀ ਮੰਨੇ ਜਾਂਦੇ ਹਨ। ਸਾਹਿਤਕਾਰ ਵੀ ਹਨ। ਸੂਬਾ ਕਾਨਫਰੰਸ ਵਿੱਚ ਬਹੁਤ ਸਾਰੇ ਸਾਹਿਤਕਾਰਾਂ ਵਿਸ਼ੇਸ਼ ਤੌਰ 'ਤੇ ਡਾ. ਸੁਖਦੇਵ ਸਿੰਘ ਸਿਰਸਾ ਵਰਗੇ ਵਿਦਵਾਨਾਂ ਦਾ ਸ਼ਾਮਲ ਹੋਣਾ ਮਾਣ ਵਾਲੀ ਗੱਲ ਮੰਨੀ ਗਈ ਹੈ।

### ਸੂਬਾ ਕਾਨਫਰੰਸ ਵਿੱਚ ਪਾਸ ਕੀਤੇ ਮਤੇ

1. ਬਿਜਲੀ ਬਿੱਲ 2025- ਕੇਂਦਰ ਸਰਕਾਰ ਵੱਲੋਂ ਲਿਆਂਦਾ ਗਿਆ ਬਿਜਲੀ ਬਿੱਲ 2025 ਫੈਡਰਲ ਢਾਂਚੇ 'ਤੇ ਹਮਲਾ ਹੈ। ਇਸ ਬਿੱਲ ਰਾਹੀਂ ਬਿਜਲੀ ਦੇ ਨਿੱਜੀਕਰਨ ਦਾ ਰਾਹ ਖੁੱਲ੍ਹ ਜਾਵੇਗਾ। ਮਾੜੀ ਗੱਲ ਇਹ ਵੀ ਹੈ ਕਿ ਪੰਜਾਬ ਸਰਕਾਰ ਇਸ ਬਿੱਲ ਦਾ ਵਿਰੋਧ ਨਹੀਂ ਕਰ ਰਹੀ। ਸੂਬਾ ਕਾਨਫਰੰਸ ਮੰਗ ਕਰਦੀ ਹੈ ਕਿ ਇਸ ਬਿੱਲ ਨੂੰ ਪਾਸ ਨਾ ਕੀਤਾ ਜਾਵੇ।

2. ਭਾਰਤ-ਅਮਰੀਕਾ ਵਪਾਰ ਸਮਝੌਤਾ- 500 ਬਿਲੀਅਨ ਡਾਲਰ ਦਾ ਵਪਾਰ ਸਮਝੌਤਾ ਸਿੱਧੇ ਤੌਰ 'ਤੇ ਭਾਰਤ ਨੂੰ ਨੁਕਸਾਨ ਪਹੁੰਚਾਏਗਾ। ਇਸ ਸਮਝੌਤੇ ਰਾਹੀਂ ਭਾਰਤ ਦੀ ਮੰਡੀ ਅਮਰੀਕੀ ਖੇਤੀ ਵਸਤਾਂ ਵਾਸਤੇ ਖੋਲ੍ਹ ਦਿੱਤੀ ਗਈ ਹੈ। ਇਸ ਸਮਝੌਤੇ ਅਨੁਸਾਰ ਅਮਰੀਕਾ ਜਾਣ ਵਾਲੀਆਂ ਵਸਤਾਂ 'ਤੇ ਅਮਰੀਕਾ 18 ਫੀਸਦੀ ਟੈਕਸ ਲਾਵੇਗਾ, ਪਰ ਅਮਰੀਕਾ ਤੋਂ ਆਉਣ ਵਾਲੀਆਂ ਵਸਤਾਂ ਉੱਤੇ ਭਾਰਤ ਕੋਈ ਟੈਕਸ ਨਹੀਂ ਲਾਏਗਾ। ਸੂਬਾ ਕਾਨਫਰੰਸ ਇਸ ਵਪਾਰ ਦਾ ਵਿਰੋਧ ਕਰਦੀ ਹੈ ਤੇ ਇਸ ਦੀ ਮੰਗ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤਾ ਰੱਦ ਕੀਤਾ ਜਾਵੇ।

3. ਬੀਜ ਬਿੱਲ 2025- ਇਹ ਬਿੱਲ ਕੇਂਦਰ ਸਰਕਾਰ ਵੱਲੋਂ ਲਿਆਂਦਾ ਗਿਆ ਹੈ। ਇਹ ਕਿਸਾਨਾਂ, ਬੀਜ ਉਤਪਾਦਕਾਂ ਤੇ ਖੇਤੀ ਖੋਜ ਸੰਸਥਾਵਾਂ ਅਤੇ ਉਸ ਦੀ ਕੁਆਲਿਟੀ ਕੰਟਰੋਲ ਸੰਸਥਾਵਾਂ ਦੇ ਹੱਕਾਂ ਅਤੇ ਸ਼ਕਤੀਆਂ ਲਈ ਬੇਹੱਦ ਘਾਤਕ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਕਿਸਾਨ ਬੀਜ ਉਤਪਾਦਕਾਂ ਦੀ ਸੂਚੀ ਵਿੱਚੋਂ ਵੀ ਬਾਹਰ ਹੋ ਜਾਣਗੇ। ਅੱਜ ਦੀ ਇਹ ਸੂਬਾ ਕਾਨਫਰੰਸ ਮੰਗ ਕਰਦੀ ਹੈ ਕਿ ਬੀਜ ਬਿੱਲ 2025 ਰੱਦ ਕੀਤਾ ਜਾਵੇ।

4. ਮਨਰੇਗਾ ਬਾਰੇ ਮਤਾ- ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ, ਜਿਸ ਵਿੱਚ ਸੀ ਪੀ ਆਈ ਦੇ ਦੋ ਮੰਤਰੀ ਕਾਮਰੇਡ ਇੰਦਰਜੀਤ ਗੁਪਤਾ ਅਤੇ ਚਤੁਰਾਨਨ ਮਿਸ਼ਰਾ ਵੀ ਸ਼ਾਮਲ ਸਨ, ਵੇਲੇ ਮਜ਼ਦੂਰਾਂ ਲਈ ਮਨਰੇਗਾ ਕਾਨੂੰਨ ਬਣਾਇਆ ਸੀ। ਭਾਜਪਾ ਸਰਕਾਰ ਨੇ ਮਨਰੇਗਾ ਦੀ ਥਾਂ 'ਵਿਕਸਿਤ ਭਾਰਤ-ਗਰੰਟੀ ਫਾਰ ਰੋਜ਼ਗਾਰ ਐਂਡ ਆਜੀਵਕਾ ਮਿਸ਼ਨ' (ਗ੍ਰਾਮੀਣ) ਕਾਨੂੰਨ ਬਣਾਇਆ ਹੈ। ਇਸ ਕਾਨੂੰਨ ਅਨੁਸਾਰ ਕੇਂਦਰ ਨੇ ਬੜੀ ਚਤੁਰਾਈ ਨਾਲ ਫੰਡ ਮੁਹੱਈਆ ਕਰਾਉਣ ਲਈ 40 ਫੀਸਦੀ ਖਰਚੇ ਰਾਜਾਂ 'ਤੇ ਪਾ ਦਿੱਤੇ ਹਨ। ਕੇਂਦਰ ਨੇ ਜ਼ਿੰਮੇਵਾਰੀ ਤੋਂ ਪਾਸੇ ਹੁੰਦਿਆਂ ਰਾਜਾਂ ਸਿਰ ਪਾ ਕੇ ਪੇਂਡੂ ਮਜ਼ਦੂਰਾਂ ਲਈ ਰੋਜ਼ਗਾਰ ਗਰੰਟੀ ਲੱਗਭੱਗ ਖਤਮ ਕਰ ਦਿੱਤੀ ਹੈ।

ਸੂਬਾ ਕਾਨਫਰੰਸ ਮੰਗ ਕਰਦੀ ਹੈ ਕਿ ਨਵਾਂ ਕਾਨੂੰਨ ਰੱਦ ਕਰਕੇ ਮਨਰੇਗਾ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ।

5. ਨਿੱਜੀ ਅਦਾਰਿਆਂ ਵਿੱਚ ਦਲਿਤਾਂ ਲਈ ਰਾਖਵਾਂਕਰਨ ਬਾਰੇ ਮਤਾ-ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਸੂਬਾ ਕਾਨਫਰੰਸ ਮੰਗ ਕਰਦੀ ਹੈ ਕਿ ਨਿੱਜੀ ਅਦਾਰਿਆਂ ਵਿੱਚ ਦਲਿਤ ਵਰਗ ਲਈ ਨੌਕਰੀਆਂ ਵਾਸਤੇ ਰਾਖਵਾਂਕਰਨ ਦੀ ਵਿਵਸਥਾ ਕੀਤੀ ਜਾਵੇ ਤੇ ਇਸ ਨੂੰ ਬ-ਕਾਇਦਗੀ ਨਾਲ ਲਾਗੂ ਕਰਾਉਣ ਲਈ ਕਾਨੂੰਨ ਬਣਾਇਆ ਜਾਵੇ।

6. ਬਨੇਗਾ ਬਾਰੇ ਮਤਾ - ਦੇਸ਼ ਦੀ 144 ਕਰੋੜ ਆਬਾਦੀ ਵਿੱਚੋਂ 45 ਕਰੋੜ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ। ਉਤਪਾਦਨ ਦੇ ਸਾਧਨਾਂ ਵਿੱਚ ਇਨਕਲਾਬੀ ਤਬਦੀਲੀ ਏ.ਆਈ ਦੇ ਰੂਪ ਵਿੱਚ ਰੋਜ਼ਗਾਰ 'ਤੇ ਡੂੰਘਾ ਪ੍ਰਭਾਵ ਪਾ ਰਹੀ ਹੈ। ਇੱਕ ਵਿਸ਼ਲੇਸ਼ਣ ਅਨੁਸਾਰ 2030 ਵਿੱਚ ਦੁਨੀਆ ਅੰਦਰ 95 ਫੀਸਦੀ ਨੌਕਰੀਆਂ ਖਤਮ ਹੋ ਜਾਣਗੀਆਂ।

ਸੂਬਾ ਕਾਨਫਰੰਸ ਮੰਗ ਕਰਦੀ ਹੈ ਕਿ 'ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ' ਬਣਾਇਆ ਜਾਵੇ। ਇਹ ਸਮੇਂ ਦੀ ਅਣਸਰਦੀ ਲੋੜ ਹੈ।

7. ਪੰਜਾਬ ਦੇ ਪਾਣੀਆਂ ਬਾਰੇ ਮਤਾ- ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਵਿੱਚ ਪੰਜਾਬ ਨਾਲ ਘੋਰ ਬੇਇਨਸਾਫੀ ਹੋਈ ਹੈ।

ਗੈਰ ਰਿਪੇਰੀਅਨ ਰਾਜ, ਰਾਜਸਥਾਨ ਨੂੰ ਲੱਗਭੱਗ 50 ਫੀਸਦੀ ਪਾਣੀ ਦਿੱਤਾ ਗਿਆ ਹੈ।

ਹਰਿਆਣਾ ਨੂੰ ਪੰਜਾਬ ਦਾ ਹਿੱਸਾ ਮੰਨ ਕੇ ਪੰਜਾਬ ਵਿੱਚੋਂ ਵਹਿੰਦੇ ਦਰਿਆਵਾਂ 'ਚੋਂ 22 ਫੀਸਦੀ ਪਾਣੀ ਦਿੱਤਾ ਗਿਆ ਹੈ, ਪ੍ਰੰਤੂ ਹਰਿਆਣਾ ਵਿੱਚ ਵਹਿੰਦੇ ਦਰਿਆ ਜਮੁਨਾ ਵਿੱਚੋਂ ਪੰਜਾਬ ਨੂੰ ਹਿੱਸਾ ਨਹੀਂ ਦਿੱਤਾ ਗਿਆ।

ਪਾਣੀ ਜੋ ਕਿ ਰਾਜਾਂ ਦਾ ਵਿਸ਼ਾ ਹੈ ਪ੍ਰੰਤੂ ਕੇਂਦਰ ਸਰਕਾਰ ਨੇ ਪੰਜਾਬ ਪੁਨਰ ਗਠਨ ਐਕਟ ਵਿੱਚ ਧਾਰਾ 78, 79, 80 ਜੋੜ ਕੇ ਪੰਜਾਬ ਦੇ ਪਾਣੀਆਂ ਅਤੇ ਡੈਮਾਂ 'ਤੇ ਕੇਂਦਰ ਸਰਕਾਰ ਦਾ ਕੰਟਰੋਲ ਕਾਇਮ ਕਰ ਦਿੱਤਾ ਹੈ, ਜੋ ਕਿ ਦੇਸ਼ ਦੇ ਸੰਵਿਧਾਨ ਅਨੁਸਾਰ ਗੈਰ ਸੰਵਿਧਾਨਕ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਸੂਬਾ ਕਾਨਫਰੰਸ ਇਹ ਮੰਗ ਕਰਦੀ ਹੈ ਕਿ ਉਪਰੋਕਤ ਬੇਇਨਸਾਫੀ ਨੂੰ ਦੂਰ ਕਰਨ ਲਈ ਦੁਨੀਆਂ ਦੇ ਸਰਬ ਪ੍ਰਵਾਨਤ ਰਿਪੇਰੀਅਨ ਸਿਧਾਂਤ ਅਨੁਸਾਰ ਪੰਜਾਬ ਦੇ ਪਾਣੀਆਂ ਦੀ ਮੁੜ ਵੰਡ ਕੀਤੀ ਜਾਵੇ।

8. ਪੁਲਸ ਜਬਰ ਬਾਰੇ ਮਤਾ- ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਸੂਬਾ ਕਾਨਫਰੰਸ ਹੱਕ ਮੰਗਦੇ ਲੋਕਾਂ ਉੱਤੇ ਕੀਤੇ ਜਾ ਰਹੇ ਪੁਲਿਸ ਜਬਰ ਦੀ ਸਖ਼ਤ ਨਿਖੇਧੀ ਕਰਦੀ ਹੈ। ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਦੇ ਜਿਉਂਦ ਪਿੰਡ ਵਿੱਚ ਵਾਪਰੀ ਘਟਨਾ ਪੁਲਿਸ ਵੱਲੋਂ ਕੀਤੇ ਜਾ ਰਹੇ ਜ਼ੁਲਮ ਜਬਰ ਦੀ ਪੁਸ਼ਟੀ ਕਰਦੀ ਹੈ।

ਉਕਤ ਮਤੇ ਡਾ. ਰਜਿੰਦਰ ਪਾਲ ਸਿੰਘ ਔਲਖ, ਸਾਥੀ ਬਲਕਰਨ ਸਿੰਘ ਬਰਾੜ, ਗਿਆਨ ਸੈਦਪੁਰੀ, ਲਖਵੀਰ ਸਿੰਘ ਨਿਜ਼ਾਮਪੁਰ ਤੇ ਸੁਖਵਿੰਦਰ ਨੇ ਪੇਸ਼ ਕੀਤੇ।

ਇਹਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ ਨੇ ਪੰਜਾਬੀ ਭਾਸ਼ਾ ਬਾਰੇ, ਡਾ. ਇੰਦਰਬੀਰ ਸਿੰਘ ਗਿੱਲ ਨੇ ਸਿਹਤ ਬਾਰੇ ਅਤੇ ਡਾ. ਅਰੁਣ ਮਿਤਰਾ ਨੇ ਪਰਮਾਣੂ ਹਥਿਆਰਾਂ ਬਾਰੇ ਮਤੇ ਪੇਸ਼ ਕੀਤੇ। ਇਹ ਸਾਰੇ ਮਤੇ 25ਵੀਂ ਸੂਬਾ ਕਾਨਫਰੰਸ ਦੇ ਡੈਲੀਗੇਟਾਂ ਨੇ ਪਾਸ ਕਰ ਦਿੱਤੇ। ਕੁਝ ਮਤਿਆਂ ਵਿੱਚ ਸੋਧ ਕਰਨ ਦੀ ਤਜਵੀਜ਼ ਵੀ ਆਈ, ਜੋ ਪ੍ਰਵਾਨ ਕਰ ਲਈ ਗਈ।

ਮੋਬਾ. 98725-40447



















